# ਵਤਨ

www.watanpunjabi.ca

(ਈ-ਅੰਕ 9)

ਜਨਵਰੀ-ਮਾਰਚ 2009

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ

ਇਸ ਅੰਕ ਵਿੱਚ


| | | | ਸਫਾ |
|---|---|---|---|
| ਸੰਪਰਕ | | | 2 |
| ਪਰਦਾ ਜੋ ਉੱਠ ਗਿਆ | | | |
| | ਮੌਜੂਦਾ ਵਿੱਤੀ ਸੰਕਟ ਦੀਆਂ ਜੜ੍ਹਾਂ ਕਿੱਥੇ ਹਨ? | ਸੁਖਵੰਤ ਹੁੰਦਲ | 3 |
| ਸਫਰਨਾਮਾ | | | |
| | ਚੀਨ ਵਿੱਚ ਸਤਾਰਾਂ ਦਿਨ | ਸਾਧੂ ਬਿਨਿੰਗ | 12 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 38 |
| ਕਵਿਤਾਵਾਂ | | | |
| | | ਦਰਸ਼ਨ ਗਿੱਲ | 51 |
| | | ਨਦੀਮ ਪਰਮਾਰ | 51 |
| ਲੇਖ | | | |
| | ਰੱਬ ਇਕ ਵਹਿਮ ਦਾ ਨਾਂ ਹੈ ਤੇ ਧਰਮ ਹੈ ਜੰਜ਼ਾਲ | ਜਸਵਿੰਦਰ ਸੰਧੂ | 52 |
| | ਗਾਜ਼ਾ ਵਿੱਚ ਸੱਚੀਂ ਕੀ ਹੋਇਆ.. | ਮਦੇਆ ਬੈਂਜਮਿਨ | 58 |
| ਸਰਗਰਮੀਆਂ | | | |
| | ਪਲੀ ਨੇ ਸੱਤਵਾਂ ਮਾਂ-ਬੋਲੀ ਦਿਨ ਮਨਾਇਆ | ਹਰਪ੍ਰੀਤ ਸੇਖਾ | 61 |
| | ਕਾਫ਼ਲੇ ਦੇ 'ਕਵਿਤਾ ਦਿਵਸ' ਵਿੱਚ ਪੜ੍ਹੇ ਗਏ ਪਰਚਿਆਂ ਨੇ ਚਰਚਾ ਛੇੜੀ | ਕੁਲਵਿੰਦਰ ਖਹਿਰਾ | 66 |
| ਕਾਰਟੂਨ | ਸਾਧੂ ਬਿਨਿੰਗ | | 62 |

---

### ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | shundal@sfu.ca | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---

### ਕਾਪੀਰਾਇਟ ਨੋਟਿਸ


ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – ਅਦਾਰਾ ਵਤਨ


---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.

All officeholders and members of Watan, past and present, have been and are honorary associates.

---

### ਕੀਮਤ

ਔਨਲਾਈਨ www.watanpunjabi.ca ਮੁਫਤ।

ਪ੍ਰਿੰਟਿਡ ਕਾਪੀ ਇਕ ਅੰਕ: 5 ਡਾਲਰ

ਸਾਲਾਨਾ ਚੰਦਾ ਡਾਕ ਰਾਹੀਂ (ਸਿਰਫ ਉੱਤਰੀ ਅਮਰੀਕਾ ਲਈ): 25 ਡਾਲਰ

ਆਪਣੇ ਚੈੱਕ ਸੁਖਵੰਤ ਹੁੰਦਲ ਜਾਂ ਹਰਪ੍ਰੀਤ ਸਾਰਾ ਦੇ ਨਾਂ ਬਣਾਉ।

---

**ਸਥਾਈ ਕਾਲਮ**

# ਪਰਦਾ ਜੋ ਉੱਠ ਗਿਆ

*(ਇਸ ਕਾਲਮ ਵਿੱਚ ਉਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਹੜੀ ਮੁੱਖ ਧਾਰਾ ਦੇ ਮੀਡੀਏ ਵਿੱਚ ਨਹੀਂ ਮਿਲਦੀ ਜਾਂ ਹਾਸ਼ੀਏ ਉੱਪਰ ਧੱਕ ਦਿੱਤੀ ਜਾਂਦੀ ਹੈ। )*

# ਮੌਜੂਦਾ ਵਿੱਤੀ ਸੰਕਟ ਦੀਆਂ ਜੜ੍ਹਾਂ ਕਿੱਥੇ ਹਨ?

**ਸੁਖਵੰਤ ਹੁੰਦਲ**

(shundal@sfu.ca

ਅਮਰੀਕਾ ਤੋਂ ਸ਼ੁਰੂ ਹੋ ਕੇ ਵਿਸ਼ਵ ਪੱਧਰ ਤੱਕ ਫੈਲ ਗਏ ਜਾਂ ਫੈਲ ਰਹੇ ਵਿੱਤੀ ਸੰਕਟ ਦੀ ਚਰਚਾ ਅੱਜਕੱਲ੍ਹ ਹਰ ਪਾਸੇ ਹੈ। ਵੱਖ ਵੱਖ ਵਿੱਤੀ ਅਦਾਰਿਆਂ ਦੇ ਫੇਲ੍ਹ ਹੋਣ, ਵੱਖ ਵੱਖ ਸਨਅਤੀ ਖੇਤਰਾਂ ਦੇ ਸੁੰਗੜਨ, ਕਈ ਤਰ੍ਹਾਂ ਦੇ "ਭੁਕਾਨਿਆਂ" ਦੀ ਫੂਕ ਨਿਕਲਣ ਅਤੇ ਲੱਖਾਂ ਦੀ ਗਿਣਤੀ ਵਿੱਚ ਨੀਲੇ ਅਤੇ ਚਿੱਟੇ ਕਾਲਰਾਂ ਵਾਲੇ ਮਜ਼ਦੂਰਾਂ/ਕਰਮਚਾਰੀਆਂ ਦੀਆਂ ਨੌਕਰੀਆਂ ਖੁੱਸਣ ਦੀਆਂ ਖਬਰਾਂ ਨਾਲ ਮੀਡੀਆ ਭਰਿਆ ਹੋਇਆ ਹੈ। ਇਹਨਾਂ ਖਬਰਾਂ ਦੇ ਨਾਲ ਨਾਲ ਅਮਰੀਕਾ ਅਤੇ ਦੁਨੀਆਂ ਭਰ ਦੇ ਸਨਅਤੀ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਆਪਣੀ ਆਪਣੀ ਪੱਧਰ ਉੱਤੇ ਵੱਡੇ ਛੋਟੇ "ਸਟਿੱਮੂਲਸ ਪੈਕਜ" ਐਲਾਨੇ ਜਾ ਰਹੇ ਹਨ।

ਇਸ ਵਿੱਤੀ ਸੰਕਟ ਦੇ ਕਾਰਨਾਂ ਬਾਰੇ ਵੀ ਕਈ ਤਰ੍ਹਾਂ ਦੇ ਵਿਸ਼ਲੇਸ਼ਣ ਸਾਹਮਣੇ ਆ ਰਹੇ ਹਨ। ਮੁੱਖ ਤੌਰ ਉੱਤੇ ਮੁੱਖ ਧਾਰਾ ਦੇ ਅਰਥਸ਼ਾਸਤਰੀਆਂ ਵਲੋਂ ਇਸ ਸੰਕਟ ਦੇ ਜੋ ਕਾਰਨ ਦੱਸੇ ਜਾ ਰਹੇ ਹਨ ਉਹਨਾਂ ਵਿੱਚ ਸ਼ਾਮਲ ਹਨ: ਵਿੱਤੀ ਪ੍ਰਬੰਧ ਨਾਲ ਸੰਬੰਧਤ ਕਾਨੂੰਨਾਂ ਅਤੇ ਰੈਗੂਲੇਸ਼ਨਾਂ ਦਾ ਕਮਜ਼ੋਰ ਹੋਣਾ, ਅਮਰੀਕਾ ਦੇ ਕੇਂਦਰੀ ਬੈਂਕ ਵਲੋਂ 2000 ਦੇ ਸਟਾਕ ਕਰੈਸ਼ ਨੂੰ ਠੁੰਮਣਾ ਦੇਣ ਲਈ ਵਿਆਜ਼ ਦੀਆਂ ਦਰਾਂ ਘਟਾਉਣ ਦੇ ਨਤੀਜੇ ਵਜੋਂ ਅਮਰੀਕਾ ਵਿੱਚ ਘਰਾਂ ਦੀ "ਸਨਅਤ ਦੇ ਭੁਕਾਨੇ" ਦਾ ਫੁੱਲਣਾ ਸ਼ੁਰੂ ਹੋਣਾ, ਬੈਂਕਾਂ ਅਤੇ ਵਿਤੀ ਅਦਾਰਿਆਂ ਵਲੋਂ ਵੱਡੀ ਗਿਣਤੀ ਵਿੱਚ ਸਸਤੀਆਂ ਅਤੇ ਬਦਲਵੀਆਂ ਦਰਾਂ (ਅਡਜਸਟੇਬਲ ਰੇਟਾਂ) ਉੱਤੇ "ਸਬ-ਪਰਾਈਮ" ਮਾਰਗੇਜਾਂ ਦੇਣਾ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਵਲੋਂ ਅਜਿਹੀਆਂ ਮਾਰਗੇਜਾਂ ਲੈਣਾ ਜਿਹੜੀਆਂ ਉਹਨਾਂ ਲਈ ਅਦਾ ਕਰਨੀਆਂ ਮੁਸ਼ਕਿਲਾਂ ਸਨ। ਫਿਰ ਜਦੋਂ ਅਮਰੀਕਾ ਦੇ ਘਰਾਂ ਦੀ ਸਨਅਤ ਦੇ ਭੁਕਾਨੇ ਵਿੱਚੋਂ ਫੂਕ ਨਿਕਲ ਗਈ ਤਾਂ ਅਮਰੀਕਾ ਦੇ ਵਿਤੀ ਪ੍ਰਬੰਧ ਵਿੱਚੋਂ ਵੀ ਫੂਕ ਨਿਕਲ ਗਈ ਜੋ ਮੌਜੂਦਾ ਵਿੱਤੀ ਸੰਕਟ ਦਾ ਕਾਰਨ ਬਣੀ। ਪਰ ਮੁੱਖ ਧਾਰਾ ਤੋਂ ਬਾਹਰਲੇ ਅਰਥਸ਼ਾਸਤਰੀਆਂ, ਖਾਸ ਕਰਕੇ ਮਾਰਕਸਵਾਦੀ ਅਰਥਸ਼ਾਸਤਰੀਆਂ, ਦਾ ਦਾਅਵਾ ਹੈ ਕਿ ਇਹਨਾਂ ਸਾਰੀਆਂ ਗੱਲਾਂ ਨੇ ਮੌਜੂਦਾ ਵਿੱਤੀ ਸੰਕਟ ਨੂੰ ਸ਼ੁਰੂ ਕਰਨ ਵਿੱਚ ਰੋਲ ਤਾਂ ਜ਼ਰੂਰ ਅਦਾ ਕੀਤਾ ਪਰ ਇਹ ਇਸ ਸੰਕਟ ਦਾ ਅਸਲ ਕਾਰਨ ਨਹੀਂ ਹਨ। ਇਹ ਗੱਲਾਂ ਬੀਮਾਰੀ ਦੇ ਲੱਛਣ ਤਾਂ ਹਨ ਪਰ ਅਸਲ ਬੀਮਾਰੀ ਦੀ ਜੜ੍ਹ ਨਹੀਂ। ਉਹਨਾਂ ਅਨੁਸਾਰ ਇਸ ਸੰਕਟ ਦੀ ਅਸਲ ਜੜ੍ਹ ਸਰਮਾਏਦਾਰੀ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਸਰਮਾਏ ਨੂੰ ਇਕੱਤਰ ਕਰਨ ਦਾ ਅਮਲ ਜਿਸ ਤਰ੍ਹਾਂ ਕੰਮ ਕਰਦਾ ਹੈ, ਉਹ ਢੰਗ ਇਸ ਪ੍ਰਬੰਧ ਵਿੱਚ ਲੋੜੋਂ ਵੱਧ ਉਤਪਾਦਨ ਪੈਦਾ ਕਰਨ (ਓਵਰਪ੍ਰੋਡਕਸ਼ਨ), ਆਮ ਖਪਤ ਨੂੰ ਦਬਾਉਣ ਅਤੇ ਸਨਅਤ ਦੀ ਉਤਪਾਦਕ ਯੋਗਤਾ ਨੂੰ ਲੋੜੋਂ ਵੱਧ ਵਧਾਉਣ ਦਾ ਕਾਰਨ ਬਣਦਾ ਹੈ। ਇਸ ਲੇਖ ਵਿੱਚ ਅਸੀਂ ਇਹ ਦੇਖਣ ਦੀ ਕੋਸ਼ਸ਼ ਕਰਾਂਗੇ ਕਿ ਇਹ ਅਮਲ ਕਿਸ ਤਰ੍ਹਾਂ ਕੰਮ ਕਰਦਾ ਹੈ ਤਾਂ ਕਿ ਅਸੀਂ ਮੌਜੂਦਾ ਵਿੱਤੀ ਸੰਕਟ ਦੀ ਜੜ੍ਹ ਦੀ ਪਛਾਣ ਕਰ ਸਕੀਏ।

**ਆਰਥਿਕ ਖੜੋਤ (ਸਟੈਗਨੇਸ਼ਨ):** ਸਰਮਾਏਦਾਰੀ ਆਰਥਿਕਤਾ ਦਾ ਮੁੱਖ ਧੁਰਾ ਲਗਾਤਾਰ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੈ। ਇਸ ਲਈ ਜ਼ਰੂਰੀ ਹੈ ਕਿ ਸਰਮਾਏਦਾਰ ਕਮਾਏ ਮੁਨਾਫੇ ਨੂੰ ਅਗਾਂਹ ਇਨਵੈਸਟ ਕਰ ਸਕੇ ਤਾਂ ਕਿ ਉਸ ਤੋਂ ਅਗਾਂਹ ਹੋਰ ਮੁਨਾਫਾ ਕਮਾਇਆ ਜਾ ਸਕੇ ਅਤੇ ਫਿਰ ਇਸ ਅਗਾਂਹ ਕਮਾਏ ਮੁਨਾਫੇ ਨੂੰ ਹੋਰ ਅਗਾਂਹ ਇਨਵੈੱਸਟ ਕਰ ਸਕੇ ਤਾਂ ਕਿ ਹੋਰ ਵਾਧੂ ਮੁਨਾਫਾ ਕਮਾਇਆ ਜਾ ਸਕੇ। ਦੌਲਤ ਇਕੱਤਰ ਕਰਨ ਦੇ ਇਸ ਅਮਲ ਲਈ ਜ਼ਰੂਰੀ ਹੈ ਕਿ ਆਰਥਿਕਤਾ ਦਾ ਲਗਾਤਾਰ ਵਾਧਾ ਹੁੰਦਾ ਰਹੇ। ਆਰਥਿਕਤਾ ਦੇ ਲਗਾਤਾਰ ਵਾਧੇ ਲਈ ਜ਼ਰੂਰੀ ਹੈ ਕਿ ਆਰਥਿਕਤਾ ਵਲੋਂ ਪੈਦਾ ਕੀਤੇ ਮਾਲ ਦੀ ਲੋੜ ਲਗਾਤਾਰ ਵਧਦੀ ਰਹੇ। ਪਰ ਜਿਸ ਤਰ੍ਹਾਂ ਸਰਮਾਏਦਾਰੀ ਪ੍ਰਬੰਧ ਕੰਮ ਕਰਦਾ ਹੈ, ਉਸ ਅਨੁਸਾਰ ਲਗਾਤਾਰ ਅਜਿਹਾ ਹੁੰਦੇ ਰਹਿਣਾ ਸੰਭਵ ਨਹੀਂ। ਨਤੀਜੇ ਵਜੋਂ ਸਰਮਾਏਦਾਰੀ ਆਰਥਿਕਤਾ ਵਿੱਚ ਇਕ ਪੜਾਅ ਅਜਿਹਾ ਆਉਂਦਾ ਹੈ ਜਦੋਂ ਆਰਥਿਕਤਾ ਦੇ ਵਾਧੇ ਦੀ

ਦਰ ਧੀਮੀ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਪੜਾਅ ਨੂੰ ਅਰਥਸ਼ਾਸਤਰੀਆਂ ਨੇ ਆਰਥਿਕ ਖੜੋਤ (ਸਟੈਗਨੇਸ਼ਨ) ਦਾ ਨਾਂ ਦਿੱਤਾ ਹੈ। ਆਰਥਿਕ ਖੜੋਤ ਦਾ ਇਹ ਅਰਥ ਨਹੀਂ ਹੈ ਕਿ ਆਰਥਿਕਤਾ ਵਿੱਚ ਬਿਲਕੁਲ ਵਾਧਾ ਨਹੀਂ ਹੁੰਦਾ। ਇਸ ਦਾ ਅਰਥ ਇਹ ਹੈ ਕਿ ਆਰਥਿਕਤਾ ਆਪਣੀ ਸੰਭਾਵਨਾ ਤੋਂ ਹੇਠਾਂ ਕੰਮ ਕਰਦੀ ਹੈ – ਜਿਸ ਕਾਰਨ ਆਰਥਿਕਤਾ ਦੀ ਪੂਰੀ ਉਤਪਾਦਕ ਯੋਗਤਾ ਦੀ ਵਰਤੋਂ ਨਹੀਂ ਹੁੰਦੀ ਅਤੇ ਮਜ਼ਦੂਰਾਂ/ਕਰਮਚਾਰੀਆਂ ਵਿੱਚ ਵੱਡੀ ਪੱਧਰ ਉੱਤੇ ਬੇਰੁਜ਼ਗਾਰੀ ਅਤੇ ਅਰਧ ਰੁਜ਼ਗਾਰੀ (ਅੰਡਰਇੰਪਲੋਏਮੈਂਟ) ਹੁੰਦੀ ਹੈ। ਇਸ ਪੜਾਅ ਉੱਤੇ ਆ ਕੇ ਆਰਥਿਕਤਾ ਵਿੱਚ ਸਰਮਾਏਦਾਰਾਂ ਵਲੋਂ ਕਮਾਏ ਮੁਨਾਫੇ ਨੂੰ ਅੱਗੇ ਇਨਵੈਸਟ ਕਰਨ ਦੇ ਮੌਕੇ ਨਹੀਂ ਰਹਿੰਦੇ ਜਾਂ ਘੱਟ ਜਾਂਦੇ ਹਨ। ਅਮਰੀਕਾ ਦੇ ਖੱਬੇ ਪੱਖੀ ਵਿਦਵਾਨ ਜੌਹਨ ਬੈਲੈਮੀ ਫੌਸਟਰ ਅਤੇ ਫਰੈੱਡ ਮੈਗਡੌਫ ਆਪਣੀ ਹੁਣੇ ਛਪੀ ਕਿਤਾਬ, *"ਦੀ ਗਰੇਟ ਫਾਈਨੈਂਸ਼ਲ ਕਰਾਈਸਿੱਸ"* ਵਿੱਚ ਇਸ ਆਰਥਿਕ ਖੜੋਤ ਆਉਣ ਦੇ ਅੱਗੇ ਦਿੱਤੇ ਕਾਰਨ ਦਿੰਦੇ ਹਨ:

**1.** ਆਰਥਿਕਤਾ ਦਾ ਇਸ ਪੱਧਰ ਤੱਕ ਵਿਕਸਤ ਹੋ ਜਾਣਾ ਜਿਸ ਵਿੱਚ ਮੁਢਲੇ ਸਨਅਤੀ ਢਾਂਚੇ ਨੂੰ ਨਵੇਂ ਸਿਰਿਓਂ ਉਸਾਰਨ ਦੀ ਲੋੜ ਨਾ ਰਹੇ, ਸਗੋਂ ਮੌਜੂਦਾ ਸਨਅਤੀ ਢਾਂਚੇ ਵਿੱਚ ਤਬਦੀਲੀਆਂ ਕਰਕੇ ਇਸ ਨੂੰ ਨਵਿਆਇਆ ਜਾ ਸਕੇ। ਅਜਿਹਾ ਕਰਨ ਲਈ ਬਹੁਤ ਜ਼ਿਆਦਾ ਸਰਮਾਏ ਦੀ ਲੋੜ ਨਹੀਂ ਪੈਂਦੀ।

**2.** ਲੰਬਾ ਸਮਾਂ ਕਿਸੇ ਅਜਿਹੀ ਨਵੀਂ ਤਕਨੌਲੌਜੀ ਦਾ ਸਾਹਮਣੇ ਨਾ ਆਉਣਾ ਜਿਹੜੀ ਤਕਨੌਲੌਜੀ ਆਰਥਿਕਤਾ ਵਿੱਚ ਵੱਡੀ ਪੱਧਰ ਉੱਤੇ ਤੇਜ਼ੀ ਲਿਆ ਸਕਦੀ ਹੋਵੇ ਅਤੇ ਆਰਥਿਕਤਾ ਵਿੱਚ ਜ਼ਿਕਰਯੋਗ ਤਬਦੀਲੀ ਕਰ ਸਕਦੀ ਹੋਵੇ। ਉਦਾਹਰਣ ਲਈ ਅਮਰੀਕਾ ਵਿੱਚ 1920ਵਿਆਂ ਦੇ ਸ਼ੁਰੂ ਵਿੱਚ ਮੋਟਰਕਾਰ ਦੀ ਕਾਢ ਨੇ ਅਮਰੀਕਾ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੱਤਾ ਸੀ ਅਤੇ ਅਮਰੀਕਾ ਦੀ ਆਰਥਿਕਤਾ ਵਿੱਚ ਜ਼ਿਕਰਯੋਗ ਤਬਦੀਲੀ ਕੀਤੀ ਸੀ। ਮੋਟਰਕਾਰ ਦੀ ਕਾਢ ਨਾਲ ਇਕੱਲੀ ਮੋਟਰਕਾਰਾਂ ਬਣਾਉਣ ਦੀ ਸਨਅਤ ਹੀ ਨਹੀਂ ਵਧੀ ਫੁੱਲੀ ਸੀ ਸਗੋਂ ਇਸ ਦੇ ਨਾਲ ਨਾਲ ਸਾਰੇ ਅਮਰੀਕਾ ਵਿੱਚ ਸੜਕਾਂ ਦਾ ਜਾਲ ਬਣਾਉਣ ਦੀ ਲੋੜ ਨਾਲ ਸੜਕਾਂ, ਪੁਲਾਂ, ਸੁਰੰਗਾਂ ਆਦਿ ਬਣਾਉਣ ਦੀ ਸਨਅਤ ਵਿੱਚ ਵੀ ਤੇਜ਼ੀ ਆਈ ਸੀ। ਇਸ ਤੋਂ ਬਿਨਾਂ ਸੜਕਾਂ ਦੇ ਕੰਢਿਆਂ ਉੱਤੇ ਗੈਸ ਸਟੇਸ਼ਨਾਂ, ਰੈਸਟੋਰੈਂਟ, ਮੋਟਰਕਾਰਾਂ ਦੇ ਸਪੇਅਰਪਾਰਟਸ, ਮੁਰੰਮਤ ਲਈ ਵਰਕਸ਼ਾਪਾਂ ਆਦਿ ਦੇ ਕਈ ਨਵੇਂ ਕੰਮਕਾਰ ਪੈਦਾ ਹੋਏ ਸਨ। (ਅਜੋਕੇ ਸਮੇਂ ਵਿੱਚ ਕੰਪਿਊਟਰ ਅਤੇ ਇੰਟਰਨੈੱਟ ਦੀ ਕਾਢ ਨੇ ਸਨਅਤ ਦੇ ਉਤਪਾਦਨ ਦੇ ਢੰਗਾਂ ਵਿੱਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਜ਼ਰੂਰ ਕੀਤੀਆਂ ਹਨ ਪਰ ਇਹ ਨਵੀਂ ਤਕਨੌਲੌਜੀ ਆਰਥਿਕਤਾ ਨੂੰ ਉਸ ਤਰ੍ਹਾਂ ਦਾ ਹੁਲਾਰਾ ਨਹੀਂ ਦੇ ਸਕੀ, ਆਰਥਿਕਤਾ ਵਿੱਚ ਉਸ ਤਰ੍ਹਾਂ ਦੀ ਤਬਦੀਲੀ ਨਹੀਂ ਲਿਆ ਸਕੀ ਜਿਸ ਤਰ੍ਹਾਂ ਦੀ ਤਬਦੀਲੀ ਮੋਟਰਕਾਰ ਦੀ ਕਾਢ ਨੇ ਲਿਆਂਦੀ ਸੀ।)

3. ਸਮਾਜ ਵਿੱਚ ਆਮਦਨ ਅਤੇ ਦੌਲਤ ਦੀ ਨਾਬਰਾਬਰੀ ਵਿੱਚ ਵਾਧਾ ਹੋਣਾ ਜਿਸ ਕਾਰਨ ਆਮ ਲੋਕਾਂ ਵਿੱਚ ਸਨਅਤ ਵਲੋਂ ਪੈਦਾ ਕੀਤੀਆਂ ਵਸਤਾਂ ਨੂੰ ਖ੍ਰੀਦਣ ਦੀ ਸ਼ਕਤੀ ਘੱਟ ਜਾਂਦੀ ਹੈ। ਨਤੀਜੇ ਵੱਜੋਂ ਆਰਥਿਕਤਾ ਵਿੱਚ ਲੋੜੋਂ ਵੱਧ ਉਤਪਾਦਨ (ਓਵਰਪ੍ਰੋਡਕਸ਼ਨ) ਦਾ ਸੰਕਟ ਪੈਦਾ ਹੁੰਦਾ ਹੈ ਅਤੇ ਆਰਥਿਕਤਾ ਵਿੱਚ ਵਾਧੂ ਉਤਪਾਦਕ ਯੋਗਤਾ (ਪ੍ਰੋਡਕਟਿਵ ਕੈਪੇਸਿਟੀ) ਪੈਦਾ ਹੁੰਦੀ ਹੈ।

4. ਆਰਥਿਕਤਾ ਵਿੱਚ ਇਜਾਰੇਦਾਰੀ ਦਾ ਰੁਝਾਨ ਜਿਸ ਦਾ ਅਰਥ ਹੈ ਸਨਅਤ ਦੇ ਵੱਖ ਵੱਖ ਖੇਤਰਾਂ ਉੱਪਰ ਮੁੱਠੀ ਭਰ ਕਾਰਪੋਰੇਸ਼ਨਾਂ ਦਾ ਗਲਬਾ। ਇਸ ਦੇ ਨਤੀਜੇ ਵੱਜੋਂ ਕਾਰਪੋਰੇਸ਼ਨਾਂ ਇਕ ਦੂਜੇ ਨਾਲ ਆਪਣੀਆਂ ਬਣਾਈਆਂ ਚੀਜ਼ਾਂ ਦੀਆਂ ਕੀਮਤਾਂ ਦਾ ਮੁਕਾਬਲਾ ਬੰਦ ਕਰ ਦਿੰਦੀਆਂ ਹਨ ਅਤੇ ਮੁਨਾਫਾ ਕਮਾਉਣ ਲਈ ਆਪਣਾ ਧਿਆਨ ਖਰਚੇ ਘਟਾਉਣ ਅਤੇ ਆਪਣੀਆਂ ਵਸਤਾਂ ਦੀ ਮਾਰਕੀਟਿੰਗ ਕਰਨ ਉੱਤੇ ਲਾਉਂਦੀਆਂ ਹਨ। ਨਤੀਜੇ ਵਜੋਂ ਉਹਨਾਂ ਦੇ ਮੁਨਾਫਿਆਂ ਵਿੱਚ ਅਥਾਹ ਵਾਧਾ ਹੁੰਦਾ ਹੈ। ਪਰ ਆਰਥਿਕ ਖੜੋਤ ਵਾਲੀ ਸਥਿਤੀ ਵਿੱਚ ਉਹਨਾਂ ਕੋਲ ਇਹਨਾਂ ਮੁਨਾਫਿਆਂ ਨੂੰ ਅਗਾਂਹ ਇਨਵੈਸਟ ਕਰਨ ਦੇ ਬਹੁਤ ਮੌਕੇ ਨਹੀਂ ਹੁੰਦੇ।

ਅਮਰੀਕਾ ਵਿੱਚ ਇਜਾਰੇਦਾਰ ਸਰਮਾਏਦਾਰੀ ਦਾ ਰੁਝਾਨ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਾਰਪੋਰੇਸ਼ਨਾਂ ਦੇ ਹੋਂਦ ਵਿੱਚ ਆਉਣ ਨਾਲ ਹੀ ਸ਼ੁਰੂ ਹੋ ਗਿਆ ਸੀ ਅਤੇ ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਆਪਣੀ ਸਿਖਰ ਉੱਤੇ ਪਹੁੰਚ ਗਿਆ। ਇਹ ਸਥਿਤੀ 19ਵੀਂ ਸਦੀ ਦੀ ਸਰਮਾਏਦਾਰੀ ਨਾਲੋਂ ਵੱਖਰੀ ਹੈ, ਜਿਸ ਸਮੇਂ ਆਰਥਿਕਤਾ ਵਿੱਚ ਪਰਿਵਾਰ ਆਧਾਰਤ ਛੋਟੀਆਂ ਫਰਮਾਂ ਕੰਮ ਕਰਦੀਆਂ ਸਨ ਅਤੇ ਉਹਨਾਂ ਦਾ ਕੀਮਤਾਂ, ਉਤਪਾਦਨ ਅਤੇ ਪੂੰਜੀ ਲਾਉਣ ਦੇ ਪੱਧਰ ਉੱਪਰ ਬਹੁਤ ਘੱਟ ਕੰਟਰੋਲ ਹੁੰਦਾ ਸੀ।

ਅਮਰੀਕਾ ਵਿੱਚ ਇਜਾਰੇਦਾਰ ਸਰਮਾਏਦਾਰੀ ਨੂੰ ਆਰਥਿਕ ਖੜੋਤ ਦੇ ਸੰਕਟ ਦਾ ਲਗਾਤਾਰ ਸਾਹਮਣਾ ਕਰਨਾ ਪੈਂਦਾ ਆ ਰਿਹਾ ਹੈ। 1930ਵਿਆਂ ਦਾ ਡਿਪ੍ਰੈਸ਼ਨ ਇਸ ਸੰਕਟ ਦਾ ਹੀ ਨਤੀਜਾ ਸੀ। ਪਰ ਦੂਜੀ ਸੰਸਾਰ ਜੰਗ ਦੇ ਲੱਗਣ ਨਾਲ ਫੌਜੀ ਖਰਚਿਆਂ ਵਿੱਚ ਵਾਧੇ ਅਤੇ ਉਸ ਤੋਂ ਬਾਅਦ ਜੰਗ ਨਾਲ ਤਬਾਹ ਹੋਏ ਯੂਰਪੀਅਨ ਦੇਸ਼ਾਂ, ਜਾਪਾਨ ਆਦਿ ਦੀ ਮੁੜਉਸਾਰੀ ਦੀ ਆਰਥਿਕਤਾ ਨੇ ਸਰਮਾਏਦਾਰੀ ਨੂੰ ਇਸ ਸੰਕਟ ਤੋਂ ਬਚਾਈ ਰੱਖਿਆ। ਇਸ ਕਰਕੇ ਹੀ 1950 ਤੋਂ ਲੈ ਕੇ 1970 ਤੱਕ ਦੇ ਸਮੇਂ

ਨੂੰ "ਸਰਮਾਏਦਾਰੀ ਦਾ ਸੁਨਿਹਰੀ ਦੌਰ" ਕਿਹਾ ਜਾਂਦਾ ਹੈ। ਪਰ 1970ਵਿਆਂ ਤੋਂ ਬਾਅਦ ਅਮਰੀਕਾ ਦੀ ਆਰਥਕਿਤਾ ਦੇ ਵਾਧੇ ਦੀ ਰਫਤਾਰ ਹੌਲੀ ਹੋਣੀ ਸ਼ੁਰੂ ਹੋ ਗਈ ਅਤੇ ਲਗਾਤਾਰ ਹੌਲੀ ਤੋਂ ਹੌਲੀ ਹੁੰਦੀ ਗਈ। ਜੇ ਅਸੀਂ 1930ਵੇਂ ਦਹਾਕੇ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ (ਜੀ ਡੀ ਪੀ – ਗਰੌਸ ਡੁਮਿਸਟਕ ਪ੍ਰੋਡਕਟ) ਦੇ ਸਾਲਾਨਾ ਵਾਧੇ ਦੀ ਦਰ ਵਲ ਦੇਖੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਡਿਪ੍ਰੈਸ਼ਨ ਵਾਲੇ 1930 ਦੇ ਦਹਾਕੇ ਦੌਰਾਨ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸਾਲਾਨਾ ਵਾਧੇ ਦੀ ਔਸਤ 1.3 ਫੀਸਦੀ ਸੀ। ਦੂਜੀ ਸੰਸਾਰ ਜੰਗ ਵਾਲੇ1940ਵਿਆਂ ਦੇ ਦਹਾਕੇ ਵਿੱਚ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸਾਲਾਨਾ ਵਾਧੇ ਦੀ ਔਸਤ 5.9 ਫੀਸਦੀ ਸੀ, 1950ਵਿਆਂ ਵਿੱਚ ਇਹ ਦਰ 4.1 ਫੀਸਦੀ ਸੀ, 1960ਵਿਆਂ ਵਿੱਚ ਇਹ ਦਰ 4.4 ਫੀਸਦੀ ਸੀ, 1970ਵਿਆਂ ਅਤੇ 1980ਵਿਆਂ ਵਿੱਚ ਇਹ ਦਰ 3.1 ਫੀਸਦੀ ਸੀ ਅਤੇ ਸੰਨ 2000 ਤੋਂ ਲੈਕ 2007 ਤੱਕ ਇਹ ਦਰ 2.6 ਫੀਸਦੀ ਸੀ।

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਆਰਥਿਕਤਾ ਦੇ ਵਾਧੇ ਵਿੱਚ ਖੜੋਤ ਦਾ ਇਕ ਅਸਰ ਇਹ ਹੁੰਦਾ ਹੈ ਕਿ ਆਰਥਿਕਤਾ ਆਪਣੀ ਸੰਭਾਵੀ ਉਤਪਾਦਕ ਯੋਗਤਾ (ਪ੍ਰੋਡਕਟਿਵ ਕੈਪੇਸਟੀ) ਤੋਂ ਘੱਟ ਉਤਪਾਦਨ ਕਰਦੀ ਹੈ। ਨਤੀਜੇ ਵੱਜੋਂ ਆਰਥਿਕਤਾ ਦੀ ਪੂਰੀ ਉਤਪਾਦਕ ਯੋਗਤਾ ਦੀ ਵਰਤੋਂ ਨਹੀਂ ਹੁੰਦੀ। ਉਦਾਹਰਨ ਲਈ 1975/76 ਤੋਂ ਲੈ ਕੇ 2005/2006 ਤੱਕ ਦੇ ਤੀਹ ਸਾਲਾਂ ਦੌਰਾਨ ਅਮਰੀਕਾ ਦੀ ਆਰਥਿਕਤਾ ਵਿੱਚ ਔਸਤ ਰੂਪ ਵਿੱਚ 81 ਫੀਸਦੀ ਉਤਪਾਦਕ ਯੋਗਤਾ ਦੀ ਹੀ ਵਰਤੋਂ ਹੋਈ ਹੈ। ਸਾਲ 2001 – 2006 ਦੇ ਸਮੇਂ ਦੌਰਾਨ ਅਮਰੀਕਾ ਦੀ ਆਰਥਿਕਤਾ ਵਿੱਚ ਔਸਤ ਰੂਪ ਵਿੱਚ ਸਿਰਫ 77 ਫੀਸਦੀ ਉਤਪਾਦਕ ਯੋਗਤਾ (ਪ੍ਰੋਡਕਟਿਵ ਕੈਪੇਸਟੀ) ਦੀ ਵਰਤੋਂ ਹੋਈ ਹੈ।

## ਆਰਥਿਕਤਾ ਦੇ ਵਾਧੇ ਵਿੱਚ ਖੜੋਤ (ਸਟੈਗਨੇਸ਼ਨ) ਬਾਰੇ ਸਰਮਾਏਦਾਰੀ ਦਾ ਪ੍ਰਤੀਕਰਮ

1970ਵਿਆਂ ਤੋਂ ਅਮਰੀਕਾ ਦੀ ਆਰਥਿਕਤਾ ਦੇ ਵਾਧੇ ਦੀ ਦਰ ਵਿੱਚ ਆ ਰਹੀ ਲਗਾਤਾਰ ਗਿਰਾਵਟ ਵਾਲੀ ਸਥਿਤੀ ਨਾਲ ਨਿਪਟਣ ਲਈ ਸਰਮਾਏਦਾਰੀ ਨੇ ਮੋਟੇ ਤੌਰ ਉੱਤੇ ਹੇਠ ਲਿਖੇ ਢੰਗ ਵਰਤੇ।

**ਮਜ਼ਦੂਰਾਂ ਦੇ ਹੱਕਾਂ ਉੱਪਰ ਹਮਲੇ**: ਸਭ ਤੋਂ ਪਹਿਲਾਂ ਤਾਂ ਆਰਥਿਕਤਾ ਦੇ ਪੁਨਰਗਠਨ ਦੇ ਨਾਂ ਹੇਠ ਆਪਣੇ ਖਰਚੇ ਘਟਾਉਣ ਲਈ ਵੱਡੀ ਪੱਧਰ ਉੱਤੇ ਮਜ਼ਦੂਰਾਂ ਦੇ ਹੱਕਾਂ ਉੱਪਰ ਹਮਲੇ ਕੀਤੇ ਅਤੇ ਉਹਨਾਂ ਦੀਆਂ ਤਨਖਾਹਾਂ ਵਿੱਚ ਵਾਧੇ ਨੂੰ ਰੋਕਿਆ ਜਾਂ ਤਨਖਾਹਾਂ ਵਿੱਚ ਵਾਧਾ ਇਨਫਲੇਸ਼ਨ ਦੀ ਦਰ ਤੋਂ ਘੱਟ ਕੀਤਾ ਜਾਂ ਕੁਝ ਹਾਲਤਾਂ ਵਿੱਚ ਤਨਖਾਹਾਂ ਵਿੱਚ ਕਟੌਤੀਆਂ ਕੀਤੀਆਂ। ਸਮੁੱਚੇ ਰੂਪ ਵਿੱਚ ਮਜ਼ਦੂਰਾਂ/ਕਰਮਚਾਰੀਆਂ ਦੀਆਂ ਤਨਖਾਹਾਂ ਦੇ ਵਾਧੇ ਵਿੱਚ ਖੜੋਤ ਵਰਗੀ ਸਥਿਤੀ ਰਹੀ। ਉਦਾਹਰਣ ਲਈ ਸੰਨ 1989 ਤੋਂ 1995 ਤੱਕ ਅਮਰੀਕਾ ਵਿੱਚ ਘੰਟਿਆਂ ਦੇ ਹਿਸਾਬ ਨਾਲ ਮਜ਼ਦੂਰਾਂ ਦੀ ਅਸਲ ਤਨਖਾਹ ਵਿੱਚ 0.6 ਫੀਸਦੀ ਸਾਲਾਨਾ ਦੇ ਹਿਸਾਬ ਨਾਲ ਕਮੀ ਆਈ। ਸੰਨ 1995 ਅਤੇ 1999 ਦਰਮਿਆਨ ਘੰਟਿਆਂ ਦੇ ਹਿਸਾਬ ਨਾਲ ਮਜ਼ਦੂਰਾਂ ਦੀ ਅਸਲ ਤਨਖਾਹ ਵਿੱਚ 1.5 ਫੀਸਦੀ ਸਾਲਾਨਾ ਦਾ ਵਾਧਾ ਹੋਇਆ। ਇਸ ਦੇ ਮੁਕਾਬਲੇ ਸੰਨ 1947 ਤੋਂ 1967 ਦੇ ਵੀਹ ਸਾਲਾਂ ਦੇ ਲੰਮੇ ਵਕਫੇ ਵਿੱਚ ਘੰਟਿਆਂ ਦੇ ਹਿਸਾਬ ਨਾਲ ਮਜ਼ਦੂਰਾਂ ਦੀ ਅਸਲ ਤਨਖਾਹ ਵਿੱਚ ਲਗਾਤਾਰ 2.3 ਫੀਸਦੀ ਦਾ ਵਾਧਾ ਹੁੰਦਾ ਰਿਹਾ ਸੀ। ਮਜ਼ਦੂਰਾਂ ਦੀਆਂ ਘੱਟ ਤਨਖਾਹਾਂ ਦੀ ਸਥਿਤੀ ਬਾਰੇ ਇਕ ਹੋਰ ਕੋਣ ਤੋਂ ਦੇਖਿਆਂ ਸਥਿਤੀ ਹੋਰ ਸਪਸ਼ਟ ਹੋ ਜਾਂਦੀ ਹੈ। ਸੰਨ 2001 ਵਿੱਚ ਅਮਰੀਕਾ ਵਿੱਚ 23.9 ਫੀਸਦੀ ਕਾਮਿਆਂ ਨੂੰ ਸਿਰਫ ਏਨੀ ਕੁ ਤਨਖਾਹ ਮਿਲਦੀ ਸੀ ਕਿ ਉਹ ਸਾਰਾ ਸਾਲ ਫੁੱਲ ਟਾਇਮ ਕੰਮ ਕਰਕੇ ਵੀ 4 ਜਣਿਆਂ ਦੇ ਪਰਿਵਾਰ ਨੂੰ ਗਰੀਬੀ ਦੀ ਰੇਖਾ ਤੋਂ ਉੱਪਰ ਰੱਖਣ ਤੋਂ ਅਸਮਰਥ ਸਨ। ਜੇ ਅਸੀਂ ਅਮਰੀਕਾ ਵਿੱਚ ਮਜ਼ਦੂਰੀ ਅਤੇ ਤਨਖਾਹਾਂ ਦੇ ਕੁੱਲ ਜੋੜ ਦਾ ਕੁੱਲ ਘਰੇਲੂ ਉਤਪਾਦਨ ਨਾਲ ਮੁਕਾਬਲਾ ਕਰਕੇ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸੰਨ 1970 ਦੇ ਨੇੜੇ ਕੁੱਲ ਮਜ਼ਦੂਰੀ ਅਤੇ ਤਨਖਾਹਾਂ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ ਦਾ 53 ਫੀਸਦੀ ਬਣਦੀਆਂ ਸਨ ਜਦੋਂ ਕਿ 2005 ਵਿੱਚ ਉਹ 45 ਕੁ ਫੀਸਦੀ ਰਹਿ ਗਈਆਂ ਸਨ।

ਇਸ ਦੇ ਨਾਲ ਹੀ ਕਾਰਪੋਰੇਸ਼ਨਾਂ ਨੇ ਪੂਰੇ ਜ਼ੋਰ ਸ਼ੋਰ ਨਾਲ ਯੂਨੀਅਨ ਵਿਰੋਧੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਨੇ ਕੰਮਾਂ ਉੱਤੇ ਮਜ਼ਦੂਰਾਂ/ਕਰਮਚਾਰੀਆਂ ਨੂੰ ਰੱਖਣ ਦੇ ਇਸ ਤਰ੍ਹਾਂ ਦੇ ਢੰਗ ਵਰਤਣੇ ਸ਼ੁਰੂ ਕਰ ਦਿੱਤੇ ਕਿ ਕੰਮ ਵਾਲੀਆਂ ਥਾਂਵਾਂ ਉੱਤੇ ਯੂਨੀਅਨ ਬਣਾਉਣਾ ਮੁਸ਼ਕਿਲ ਹੋ ਗਿਆ। ਉਦਾਹਰਣ ਲਈ 1980ਵਿਆਂ ਤੋਂ ਬਾਅਦ ਅਮਰੀਕਾ ਵਿੱਚ ਪਾਰਟ ਟਾਇਮ ਅਤੇ ਕੱਚੇ ਤੌਰ ਉੱਤੇ ਰੱਖੇ ਕਰਮਚਾਰੀਆਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਤਰ੍ਹਾਂ ਦੇ ਕਰਮਚਾਰੀਆਂ ਨੂੰ ਯੂਨੀਅਨਾਂ ਵਿੱਚ ਜਥੇਬੰਦ ਕਰਨਾ ਔਖਾ ਹੈ। ਇਸ ਹੀ ਤਰ੍ਹਾਂ ਕਈ ਕੰਪਨੀਆਂ ਨੇ ਇਹ ਫੈਸਲਾ ਲਿਆ ਕਿ ਉਹਨਾਂ ਦੇ ਕੰਮਾਂ ਉੱਤੇ ਯੂਨੀਅਨ ਨਹੀਂ ਬਣ ਸਕਦੀ। ਜੇ ਉਹਨਾਂ ਦੀ ਕਿਸੇ ਕੰਮ ਵਾਲੀ ਥਾਂ ਉੱਤੇ ਯੂਨੀਅਨ ਬਣ ਜਾਵੇ ਤਾਂ ਉਹ ਉਸ ਥਾਂ ਨੂੰ ਬੰਦ ਕਰ ਦਿੰਦੀਆਂ ਹਨ। ਇਸ ਸੰਬੰਧ ਵਿੱਚ ਵਾਲਮਾਰਟ ਦੀ ਉਦਾਹਰਣ ਲਈ ਜਾ ਸਕਦੀ ਹੈ। ਕੈਨੇਡਾ ਦੇ ਸੂਬੇ ਕਿਊਬਿਕ ਵਿੱਚ ਵਾਲਮਾਰਟ ਦੇ ਇਕ ਸਟੋਰ ਵਿੱਚ ਕਰਮਚਾਰੀ ਯੂਨੀਅਨ ਬਣਾਉਣ ਵਿੱਚ ਕਾਮਯਾਬ ਹੋ ਗਏ ਸਨ। ਜਦੋਂ ਇਕ ਅਰਬਿਟਰੇਟਰ ਇਸ ਸਟੋਰ ਵਿੱਚ ਪਹਿਲੇ ਕੁਲੈਕਟਿਵ ਐਗਰੀਮੈਂਟ (ਯੂਨੀਅਨ ਅਤੇ ਸਟੋਰ ਵਿਚਕਾਰ ਸਮਝੌਤੇ) ਬਾਰੇ ਫੈਸਲਾ ਦੇਣ ਵਾਲਾ ਸੀ

ਤਾਂ ਉਸ ਤੋਂ ਕੁਝ ਦਿਨ ਪਹਿਲਾਂ ਅਪ੍ਰੈਲ 2005 ਵਿੱਚ ਵਾਲਮਾਰਟ ਨੇ ਉਹ ਸਟੋਰ ਬੰਦ ਕਰ ਦਿੱਤਾ ਸੀ। ਕਾਰਪੋਰੇਸ਼ਨਾਂ ਦੇ ਯੂਨੀਅਨ ਵਿਰੋਧੀ ਇਸ ਤਰ੍ਹਾਂ ਦੇ ਫੈਸਲਿਆ ਕਾਰਨ ਅਮਰੀਕਾ ਵਿੱਚ ਯੂਨੀਅਨਾਂ ਦੇ ਮੈਂਬਰ ਮਜ਼ਦੂਰਾਂ/ਕਰਮਚਾਰੀਆਂ ਦੀ ਗਿਣਤੀ ਕਾਫੀ ਘਟੀ ਹੈ। ਉਦਾਹਰਨ ਲਈ, ਸੰਨ 1980 ਵਿੱਚ ਅਮਰੀਕਾ ਦੇ ਕੁੱਲ ਮਜ਼ਦੂਰਾਂ/ਕਰਮਚਾਰੀਆਂ ਵਿੱਚੋਂ 20 ਫੀਸਦੀ ਮਜ਼ਦੂਰ/ਕਰਮਚਾਰੀ ਯੂਨੀਅਨਾਂ ਦੇ ਮੈਂਬਰ ਹੁੰਦੇ ਸਨ। ਪਰ ਸੰਨ 2007 ਵਿੱਚ ਅਮਰੀਕਾ ਦੇ ਕੁੱਲ ਮਜ਼ਦੂਰਾਂ/ਕਰਮਚਾਰੀਆਂ ਵਿੱਚੋਂ ਸਿਰਫ 12 ਫੀਸਦੀ ਮਜ਼ਦੂਰ/ਕਰਮਚਾਰੀ ਯੂਨੀਅਨਾਂ ਦੇ ਮੈਂਬਰ ਸਨ।

ਮਜ਼ਦੂਰਾਂ ਅਤੇ ਕਰਮਚਾਰੀਆਂ ਉੱਪਰ ਇਸ ਤਰ੍ਹਾਂ ਦੇ ਹਮਲੇ ਕਾਰਨ ਅਮਰੀਕਾ ਵਿੱਚ ਦੌਲਤ ਦੀ ਅਸਾਵੀਂ ਵੰਡ ਹੋਰ ਤਿੱਖੀ ਹੋ ਗਈ। ਇਸ ਹਾਲਤ ਉੱਪਰ ਟਿੱਪਣੀ ਕਰਦਿਆਂ *ਬਿਜ਼ਨਿਸ ਵੀਕ* ਦੇ ਫਰਵਰੀ 14, 2000 ਦੇ ਇਕ ਅੰਕ ਵਿੱਚ ਇਹ ਕਿਹਾ ਗਿਆ ਕਿ ਅਮਰੀਕਾ ਵਿੱਚ ਅਮੀਰਾਂ ਅਤੇ ਗਰੀਬਾਂ ਵਿੱਚ ਪਾੜਾ ਵੱਧ ਰਿਹਾ ਹੈ। ਅਮਰੀਕਾ ਦੇ ਹੇਠਲੇ 20 ਫੀਸਦੀ ਘਰਾਂ ਨੂੰ ਅਮਰੀਕਾ ਦੀ ਕੌਮੀ ਆਮਦਨ (ਨੈਸ਼ਨਲ ਇਨਕਮ) ਦਾ ਸਿਰਫ 4 ਫੀਸਦੀ ਹਿੱਸਾ ਮਿਲਦਾ ਹੈ ਜਦੋਂ ਕਿ ਉਪਰਲੇ 20 ਫੀਸਦੀ ਘਰਾਂ ਨੂੰ ਅਮਰੀਕਾ ਦੀ ਕੁੱਲ੍ਹ ਕੌਮੀ ਆਮਦਨ ਦਾ 50 ਫੀਸਦੀ ਮਿਲਦਾ ਹੈ। ਇਸ ਸਥਿਤੀ ਬਾਰੇ ਮਿਲਦੇ ਹੋਰ ਅੰਕੜਿਆਂ ਅਨੁਸਾਰ 1950 ਅਤੇ 1970 ਅਨੁਸਾਰ ਅਮਰੀਕਾ ਦੇ ਕਮਾਈ ਕਰਨ ਵਾਲਿਆਂ ਵਿੱਚ ਹੇਠਲੇ 90 ਫੀਸਦੀ ਵਲੋਂ ਕਮਾਏ ਜਾਂਦੇ ਹਰ ਇਕ ਵਾਧੂ ਡਾਲਰ ਦੇ ਮੁਕਾਬਲੇ, ਉਪਰਲੇ 0.01 ਫੀਸਦੀ ਆਮਦਨੀ ਕਮਾਉਣ ਵਾਲੇ 162 ਡਾਲਰ ਕਮਾਉਂਦੇ ਸਨ। ਇਸ ਦੇ ਮੁਕਾਬਲੇ ਸੰਨ 1990 ਤੋਂ 2002 ਦੇ ਵਿਚਕਾਰ, ਇਹ ਸਥਿਤੀ ਇਸ ਤਰ੍ਹਾਂ ਬਦਲ ਗਈ ਕਿ ਅਮਰੀਕਾ ਦੇ ਕਮਾਈ ਕਰਨ ਵਾਲਿਆਂ ਵਿੱਚ ਹੇਠਲੇ 90 ਫੀਸਦੀ ਵਲੋਂ ਕਮਾਏ ਜਾਂਦੇ ਹਰ ਇਕ ਵਾਧੂ ਡਾਲਰ ਦੇ ਮੁਕਾਬਲੇ ਉੱਪਰਲੇ 0.01 ਫੀਸਦੀ (ਤਕਰੀਬਨ 14,000 ਕੁ ਘਰ) 18,000 ਡਾਲਰ ਕਮਾਉਂਦੇ ਸਨ। ਸੰਨ 2001 ਵਿੱਚ ਅਮਰੀਕਾ ਦੇ ਉਪਰਲੇ 1 ਫੀਸਦੀ ਦੌਲਤਮੰਦਾਂ ਕੋਲ ਹੇਠਲੇ 80 ਫੀਸਦੀ ਲੋਕਾਂ ਦੀ ਕੁੱਲ ਦੌਲਤ ਨਾਲੋਂ ਦੁੱਗਣੀ ਦੌਲਤ ਸੀ।

**ਗਲੋਬਲਾਈਜੇਸ਼ਨ ਜਾਂ ਵਿਸ਼ਵੀਕਰਨ** ਅਮਰੀਕੀ ਆਰਥਿਕਤਾ ਵਿੱਚ ਆਰਥਿਕ ਵਾਧੇ ਦੀ ਘੱਟਦੀ ਦਰ ਨਾਲ ਨਿਪਟਣ ਲਈ ਸਰਮਾਏਦਾਰੀ ਨੇ ਜੋ ਦੂਸਰਾ ਢੰਗ ਵਰਤਿਆ ਉਹ ਸੀ ਗਲੋਬਲਾਈਜੇਸ਼ਨ ਜਾਂ ਵਿਸ਼ਵੀਕਰਨ। ਵਿਸ਼ਵੀਕਰਨ ਅਧੀਨ ਦੁਨੀਆਂ ਦੇ ਅਰਧ-ਸਰਮਾਏਦਾਰੀ, ਗੈਰ-ਸਰਮਾਏਦਾਰੀ ਜਾਂ ਪੂਰਵ ਸਰਮਾਏਦਾਰੀ ਖਿੱਤਿਆਂ ਨੂੰ ਵਿਸ਼ਵ ਦੀ ਮੰਡੀ ਆਰਥਿਕਤਾ (ਮਾਰਕੀਟ ਇਕਾਨਮੀ) ਦਾ ਹਿੱਸਾ ਬਣਾਇਆ ਗਿਆ। ਇਸ ਵਰਤਾਰੇ ਦੌਰਾਨ ਸਰਮਾਏਦਾਰੀ ਨੇ ਆਪਣੀ ਖਪਤ ਲਈ ਕੁਝ ਨਵੀਆਂ ਮੰਡੀਆਂ ਲੱਭੀਆਂ, ਨਵੇਂ ਵਸੀਲਿਆਂ ਅਤੇ ਕੱਚੇ ਮਾਲ ਤੱਕ ਪਹੁੰਚ ਬਣਾਈ ਅਤੇ ਪੂੰਜੀ ਲਾਉਣ ਲਈ ਥਾਂਵਾਂ ਲੱਭੀਆਂ। ਫਰੀ ਟਰੇਡ, ਸੰਸਾਰ ਪੱਧਰ ਉੱਤੇ ਸਰਮਾਏ ਦੇ ਆਉਣ-ਜਾਣ ਉੱਤੇ ਲੱਗੀਆਂ ਬੰਦਸ਼ਾਂ ਨੂੰ ਘਟਾਉਣ ਜਾਂ ਹਟਾਉਣ, ਵਿਦੇਸ਼ੀ ਪੂੰਜੀ ਉੱਪਰ ਲੱਗੀਆਂ ਬੰਦਸ਼ਾਂ ਨੂੰ ਖਤਮ ਕਰਨ, ਅਣਵਿਕਸਤ ਦੇਸ਼ਾਂ ਵਿੱਚ ਖਪਤ ਸਭਿਆਚਾਰ ਪੈਦਾ ਕਰਨ ਜਾਂ ਉਸ ਨੂੰ ਹੋਰ ਫੈਲਾਉਣ ਵਰਗੇ ਕੁੱਝ ਢੰਗਾਂ ਨਾਲ ਸਰਮਾਏਦਾਰੀ ਨੇ ਤਕਰੀਬਨ ਤਕਰੀਬਨ ਦੁਨੀਆ ਦੇ ਸਾਰੇ ਹਿੱਸਿਆਂ ਨੂੰ ਮੰਡੀ ਦੀ ਆਰਥਿਕਤਾ ਵਿੱਚ ਸ਼ਾਮਲ ਕਰ ਲਿਆ।

ਵਿਸ਼ਵੀਕਰਨ ਨੇ ਕੁੱਝ ਹੱਦ ਤੱਕ ਅਮਰੀਕਾ ਦੀ ਆਰਥਿਕਤਾ ਨੂੰ ਠੁੰਮਣਾ ਜ਼ਰੂਰ ਦਿੱਤਾ ਪਰ ਇਸ ਨਾਲ ਸਮੱਸਿਆ ਦਾ ਹੱਲ ਨਹੀਂ ਹੋਇਆ ਕਿਉਂਕਿ ਇਸ ਦੌਰ ਦੌਰਾਨ ਮੰਡੀ ਦੀ ਆਰਥਿਕਤਾ ਵਿੱਚ ਸ਼ਾਮਲ ਹੋਏ ਨਵੇਂ ਖਿੱਤਿਆਂ ਦੀ ਉਤਪਾਦਕ ਯੋਗਤਾ (ਪ੍ਰੋਡਕਟਿਵ ਕੈਪਿਸਟੀ) ਵਿੱਚ ਵੀ ਵਾਧਾ ਹੋਇਆ। ਉਦਾਹਰਣ ਲਈ ਪਿਛਲੇ 25 ਸਾਲਾਂ ਵਿੱਚ ਚੀਨ ਦੀ ਉਤਪਾਦਕ ਯੋਗਤਾ ਵਿੱਚ ਕਾਫੀ ਵਾਧਾ ਹੋਇਆ ਹੈ ਜਿਸ ਨਾਲ ਸਰਮਾਏਦਾਰੀ ਆਰਥਿਕਤਾ ਦੀ ਵਾਧੂ ਪੈਦਾਵਾਰ (ਓਵਰਪ੍ਰੋਡਕਸ਼ਨ) ਦੀ ਸਮੱਸਿਆ ਵਿੱਚ ਵੀ ਵਾਧਾ ਹੋਇਆ ਹੈ। ਇਸ ਨਾਲ ਵਸਤਾਂ ਦੀਆਂ ਕੀਮਤਾਂ ਅਤੇ ਮਨਾਫਿਆਂ ਵਿੱਚ ਕਮੀ ਆਈ ਹੈ।

ਵਿਸ਼ਵੀਕਰਨ ਦੇ ਦੌਰ ਨੇ ਮਜ਼ਦੂਰਾਂ/ਕਰਮਚਾਰੀਆਂ ਦੀ ਮਜ਼ਦੂਰੀ ਅਤੇ ਤਨਖਾਹਾਂ ਵਿੱਚ ਵਾਧੇ ਨੂੰ ਹੇਠਲੀ ਪੱਧਰ ਉੱਤੇ ਰੱਖਣ ਲਈ ਵੀ ਯੋਗਦਾਨ ਪਾਇਆ। ਇਸ ਦੌਰ ਦੌਰਾਨ ਕਾਰਪੋਰੇਸ਼ਨਾਂ ਨੇ ਆਪਣਾ ਉਤਪਾਦਨ ਦੁਨੀਆਂ ਦੇ ਉਹਨਾਂ ਖਿੱਤਿਆਂ ਵਿੱਚ ਲਿਜਾਣਾ ਸ਼ੁਰੂ ਕਰ ਦਿੱਤਾ ਜਿਹਨਾਂ ਵਿੱਚ ਮਜ਼ਦੂਰਾਂ/ਕਰਮਚਾਰੀਆਂ ਨੂੰ ਘੱਟ ਤਨਖਾਹਾਂ ਦਿੱਤੀਆਂ ਜਾ ਸਕਦੀਆਂ ਸਨ ਅਤੇ ਕੰਮ ਉੱਪਰ ਮਜ਼ਦੂਰਾਂ/ਕਰਮਚਾਰੀਆਂ ਤੋਂ ਕਈ ਤਰ੍ਹਾਂ ਦੀਆਂ ਛੋਟਾਂ ਲਈਆਂ ਜਾ ਸਕਦੀਆਂ ਸਨ। ਕਈ ਸਨਅਤਾਂ ਵਿੱਚ ਕੰਮ ਕਰਦੀਆਂ ਕਾਰਪੋਰੇਸ਼ਨਾਂ ਨੇ ਤਾਂ ਆਪਣੇ ਆਪ ਨੂੰ ਉਤਪਾਦਨ ਵਿੱਚੋਂ ਬਿਲਕੁਲ ਬਾਹਰ ਕੱਢ ਲਿਆ ਅਤੇ ਵਸਤਾਂ ਦਾ ਉਤਪਾਦਨ ਠੇਕੇ ਉੱਤੇ ਕਰਵਾਉਣ ਲੱਗੀਆਂ। ਇਸ ਸਭ ਕਾਸੇ ਨੇ ਆਮ ਤੌਰ ਉੱਤੇ ਦੁਨੀਆਂ ਭਰ ਵਿੱਚ, ਅਤੇ ਖਾਸ ਤੌਰ ਉੱਤੇ ਵਿਕਸਤ ਦੇਸ਼ਾਂ ਵਿੱਚ, ਮਜ਼ਦੂਰਾਂ/ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਵਾਧੇ ਉੱਪਰ ਇਕ ਬਹੁਤ ਵੱਡੀ ਰੁਕਾਵਟ ਦਾ ਕੰਮ ਕੀਤਾ।

**ਆਰਥਿਕਤਾ ਦਾ ਵਿੱਤੀਕਰਨ:** ਆਰਥਿਕ ਖੜੋਤ ਕਾਰਨ ਪੈਦਾ ਹੋਈ ਵਾਧੂ ਉਤਪਾਦਕ ਯੋਗਤਾ (ਪ੍ਰੋਡਕਟਿਵ ਕੈਪੇਸਿਟੀ) ਨੇ ਸਰਮਾਏਦਾਰੀ ਲਈ ਵੱਡਾ ਸੰਕਟ ਇਹ ਪੈਦਾ ਕਰ ਦਿੱਤਾ ਕਿ ਉਹ ਹੋਰ ਮੁਨਾਫਾ ਕਮਾਉਣ ਲਈ ਆਪਣਾ ਸਰਮਾਇਆ ਕਿੱਥੇ ਇਨਵੈਸਟ ਕਰੇ। ਇਹ ਸਰਮਾਇਆ ਹੋਰ ਵਸਤਾਂ ਅਤੇ ਸੇਵਾਵਾਂ (ਗੁਡਜ਼ ਐਂਡ ਸਰਵਿਸਜ਼) ਨੂੰ ਪੈਦਾ ਕਰਨ ਵਾਲੀਆਂ ਸਨਅਤਾਂ

ਵਿੱਚ ਨਹੀਂ ਲਾਇਆ ਜਾ ਸਕਦਾ ਸੀ ਕਿਉਂਕਿ ਇਹਨਾਂ ਵਿੱਚ ਪਹਿਲਾਂ ਹੀ ਵਾਧੂ ਉਤਪਾਦਕ ਯੋਗਤਾ ਪੈਦਾ ਹੋ ਚੁੱਕੀ ਸੀ। ਫਿਰ ਇਹ ਸਰਮਾਇਆ ਕਿੱਥੇ ਲਾਇਆ ਜਾਵੇ? ਇਸ ਰੁਕਾਵਟ ਤੋਂ ਪਾਰ ਕਿਵੇਂ ਲੰਘਿਆ ਜਾਵੇ? ਇਸ ਰੁਕਾਵਟ ਤੋਂ ਪਾਰ ਲੰਘਣ ਲਈ ਸਰਮਾਏਦਾਰੀ ਨੇ ਵਿੱਤੀ ਖੇਤਰ ਵੱਲ ਰੁਖ ਕੀਤਾ। ਸਰਮਾਏਦਾਰਾਂ ਨੇ ਵਿੱਤੀ ਖੇਤਰ ਵਿੱਚ ਸਰਮਾਇਆ ਲਾਉਣ ਦੇ ਕਈ ਤਰ੍ਹਾਂ ਦੇ ਢੰਗ ਲਭ ਲਏ ਜਿਹਨਾਂ ਵਿੱਚ ਕੁਝ ਇਸ ਪ੍ਰਕਾਰ ਸਨ: ਸਟਾਕ ਮਾਰਕੀਟ, ਅੰਤਰਰਾਸ਼ਟਰੀ ਕਰੰਸੀ ਦਾ ਵਪਾਰ, ਸਰਕਾਰੀ ਬਾਂਡਾ ਦਾ ਵਪਾਰ, ਹੋਰ ਕਾਰਪੋਰੇਸ਼ਨਾਂ ਨੂੰ ਖ਼੍ਰੀਦਣ ਅਤੇ ਮੁਨਾਫਾ ਕਮਾ ਕੇ ਮੁੜ ਵੇਚਣ, ਰੀਅਲ ਇਸਟੇਟ, ਇੰਸ਼ੋਰੈਂਸ ਦਾ ਖੇਤਰ ਆਦਿ। ਵਿੱਤੀ ਖੇਤਰ ਵਿੱਚ ਸਰਮਾਇਆ ਲਾਉਣ ਵਿੱਚ ਕਿੱਡੇ ਵੱਡੇ ਪੱਧਰ ਉੱਤੇ ਤਬਦੀਲੀ ਹੋਈ ਹੈ ਉਸ ਦਾ ਅੰਦਾਜ਼ਾ ਅੱਗੇ ਦਿੱਤੇ ਤੱਥਾਂ ਤੋਂ ਲਾਇਆ ਜਾ ਸਕਦਾ ਹੈ। ਸੰਨ 1975 ਵਿੱਚ ਨਿਊ ਯੌਰਕ ਸਟਾਕ ਐਕਸਚੇਂਜ ਉੱਤੇ ਹਰ ਰੋਜ਼ 1 ਕਰੋੜ 90 ਲੱਖ (19 ਮਿਲੀਅਨ) ਸ਼ੇਅਰਾਂ ਦਾ ਲੈਣ ਦੇਣ ਹੁੰਦਾ ਸੀ। ਸੰਨ 1985 ਵਿੱਚ ਹਰ ਰੋਜ਼ ਦੀ ਇਹ ਗਿਣਤੀ ਵੱਧ ਕੇ 10 ਕਰੋੜ 90 ਲੱਖ (109 ਮਿਲੀਅਨ) ਹੋ ਗਈ ਅਤੇ ਸੰਨ 2006 ਵਿੱਚ ਇਹ ਗਿਣਤੀ 160 ਕਰੋੜ (1600 ਮਿਲੀਅਨ) ਹੋ ਗਈ ਜਿਹਨਾਂ ਦੀ ਕੀਮਤ 60 ਅਰਬ (ਬਿਲੀਅਨ) ਡਾਲਰ ਤੋਂ ਵੱਧ ਬਣਦੀ ਸੀ। ਇਸ ਤਰ੍ਹਾਂ ਹੀ ਸੰਨ 1977 ਵਿੱਚ ਹਰ ਰੋਜ਼ 18 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਅੰਤਰਰਾਸ਼ਟਰੀ ਕਰੰਸੀ ਦਾ ਵਪਾਰ ਹੁੰਦਾ ਸੀ। ਪਰ ਸੰਨ 2006 ਵਿੱਚ ਇਹ ਵਪਾਰ 18 ਖਰਬ (1.8 ਟਰਿਲੀਅਨ) ਡਾਲਰ ਪ੍ਰਤੀ ਦਿਨ ਤੱਕ ਪਹੁੰਚ ਗਿਆ ਸੀ।

ਜੇ ਇਸ ਸਥਿਤੀ ਨੂੰ ਮੁਨਾਫਿਆਂ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਵੀ ਬਹੁਤ ਪ੍ਰਤੱਖ ਤੱਥ ਸਾਹਮਣੇ ਆਉਂਦੇ ਹਨ। 1960ਵਿਆਂ ਸਮੇਂ ਅਮਰੀਕਾ ਦੇ ਕੁੱਲ ਘਰੇਲੂ ਮੁਨਾਫਿਆਂ ਵਿੱਚੋਂ 15 ਫੀਸਦੀ ਦੇ ਲਗਭਗ ਮੁਨਾਫੇ ਵਿੱਤੀ ਖੇਤਰ ਤੋਂ ਆਉਂਦੇ ਸਨ ਪਰ ਸੰਨ 2005 ਅਮਰੀਕਾ ਦੇ ਕੁੱਲ ਘਰੇਲੂ ਮੁਨਾਫਿਆਂ ਦਾ 40 ਫੀਸਦੀ ਹਿੱਸਾ ਵਿੱਤੀ ਖੇਤਰ ਤੋਂ ਪ੍ਰਾਪਤ ਹੋਇਆ ਸੀ। ਇਸ ਦੇ ਨਾਲ ਹੀ ਇਸ ਸਮੇਂ ਦੌਰਾਨ ਸਨਅਤੀ ਉਤਪਾਦਨ (ਮੈਨੂਫੈਕਚਰਿੰਗ) ਦੇ ਖੇਤਰ ਵਿੱਚੋਂ ਹੋਣ ਵਾਲੇ ਮੁਨਾਫੇ ਦੇ ਹਿੱਸੇ ਵਿੱਚ ਕਾਫੀ ਕਮੀ ਆਈ ਹੈ। ਉਦਾਹਰਨ ਲਈ ਕਦੇ ਅਮਰੀਕਾ ਦੇ ਕੁੱਲ ਘਰੇਲੂ ਮੁਨਾਫਿਆਂ ਦਾ 50 ਫੀਸਦੀ ਹਿੱਸਾ ਸਨਅਤੀ ਉਤਪਾਦਨ (ਮੈਨੂਫੈਕਚਰਿੰਗ) ਵਿੱਚੋਂ ਆਉਂਦਾ ਸੀ। ਪਰ 2006 ਵਿੱਚ ਇਹ ਹਿੱਸਾ 15 ਫੀਸਦੀ ਤੋਂ ਵੀ ਘੱਟ ਹੋ ਗਿਆ ਸੀ।

ਵਿੱਤੀ ਲੈਣ ਦੇਣ ਤੋਂ ਮੁਨਾਫਾ ਕਮਾਉਣ ਵਾਲੀਆਂ ਵਪਾਰਕ ਸੰਸਥਾਂਵਾਂ ਵਿੱਚ ਇਕੱਲੀਆਂ ਵਿੱਤੀ ਸੰਸਥਾਂਵਾਂ ਹੀ ਸ਼ਾਮਲ ਨਹੀਂ ਸਨ ਸਗੋਂ ਕਈ ਗੈਰ-ਵਿੱਤੀ ਵਪਾਰਕ ਸੰਸਥਾਂਵਾਂ ਦੇ ਵੀ ਕਾਫੀ ਵੱਡੇ ਮੁਨਾਫੇ ਵਿੱਤੀ ਲੈਣ ਦੇਣ ਤੋਂ ਹੁੰਦੇ ਸਨ। ਉਦਾਹਰਨ ਲਈ ਸੰਨ 2006 ਦੇ ਅੰਕੜਿਆਂ ਅਨੁਸਾਰ ਖੇਤੀਬਾੜੀ ਦੀ ਮਸ਼ੀਨਰੀ ਦੇ ਸਾਮਾਨ ਨਾਲ ਸੰਬੰਧਤ ਅਮਰੀਕਨ ਕੰਪਨੀ ਐਂਟ ਡੀਅਰ ਐਂਡ ਕੰਪਨੀ ਦੀ ਚੌਥਾ ਹਿੱਸਾ ਆਮਦਨ ਉਸ ਵਲੋਂ ਦਿੱਤੀਆਂ ਜਾਂਦੀਆਂ ਵਿੱਤੀ ਸੇਵਾਵਾਂ ਤੋਂ ਹੁੰਦੀ ਸੀ। ਇਸ ਹੀ ਤਰ੍ਹਾਂ ਅਮਰੀਕਾ ਦੀ ਪਰਚੂਨ ਦਾ ਸਾਮਾਨ ਵੇਚਣ ਵਾਲੀ ਕੰਪਨੀ ਟੀ ਜੀ ਟੀ ਦੀ 15 ਫੀਸਦੀ ਕਮਾਈ ਉਸ ਦੇ ਕਰੈਡਿਟ ਕਾਰਡਾਂ ਤੋਂ ਹੁੰਦੀ ਸੀ। ਇਥੋਂ ਤੱਕ ਕਿ ਵਾਲ ਮਾਰਟ ਨੇ ਵੀ ਬਿੱਲ ਪੇਅਮੈਂਟ, ਚੈੱਕ ਕੈਸ਼ ਕਰਨ, ਮਨੀ ਆਰਡਰ ਅਤੇ ਦੂਜੇ ਦੇਸ਼ਾਂ ਨੂੰ ਪੈਸੇ ਭੇਜਣ ਦੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਹਿਲੀਆਂ ਵਿੱਚ ਇਸ ਕਿਸਮ ਦੀਆਂ ਸੇਵਾਵਾਂ ਸਿਰਫ ਵਿੱਤੀ ਸੰਸਥਾਂਵਾਂ ਹੀ ਦਿਆ ਕਰਦੀਆਂ ਸਨ।

ਵਿੱਤੀ ਆਰਥਿਕਤਾ ਦੇ ਇਸ ਤਰ੍ਹਾਂ ਦੇ ਫੈਲਾਅ ਦੇ ਪ੍ਰਤੀਕਰਮ ਵਿੱਚ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਂਵਾਂ ਨੇ ਮਾਰਕੀਟ ਵਿੱਚ ਕਈ ਤਰ੍ਹਾਂ ਦੀਆਂ ਨਵੀਆਂ ਵਸਤਾਂ ਪ੍ਰਦਾਨ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਿਵੇਂ ਕਿ ਫਿਊਚਰਜ਼, ਆਪਸ਼ਨਜ਼, ਡੈਰੀਵੇਟਿਵਜ਼, ਹੈੱਜ ਫੰਡਜ਼, ਕੋਲੈਟਰਲ ਡੈੱਟ ਓਬਲੀਗੇਸ਼ਨਜ਼ (ਸੀ ਡੀ ਓ), ਕੋਲੈਟਰਲਾਇਜ਼ਡ ਮਾਰਗੇਜ ਓਬਲੀਗੇਸ਼ਨਜ਼ (ਸੀ ਐੱਮ ਓ) ਵਰਗੇ ਮਾਰਗੇਜ਼ਾਂ ਦੇ ਪੈਕੇਜ ਆਦਿ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਵਿੱਤੀ ਸੰਸਥਾਂਵਾਂ ਵਲੋਂ ਵਿਕਰੀ ਲਈ ਤਿਆਰ ਕੀਤੀਆਂ ਇਹਨਾਂ ਵਸਤਾਂ ਦਾ ਲੈਣ ਦੇਣ ਪੂਰੀ ਤਰ੍ਹਾਂ ਕਿਸ ਤਰ੍ਹਾਂ ਕੰਮ ਕਰਦਾ ਹੈ, ਇਹ ਸਮਝਣਾ ਗੁੰਝਲਦਾਰ ਹੈ ਅਤੇ ਔਖਾ ਹੈ। ਪਰ ਜਿਹੜੀ ਗੱਲ ਸਾਫ ਹੈ ਉਹ ਇਹ ਹੈ ਕਿ ਵਿੱਤੀ ਸੰਸਥਾਂਵਾਂ ਵਲੋਂ ਵਿਕਰੀ ਲਈ ਤਿਆਰ ਇਹ ਵਸਤਾਂ ਕੋਈ ਅਸਲੀ ਵਸਤਾਂ ਅਤੇ ਸੇਵਾਵਾਂ (ਰੀਅਲ ਗੁਡਜ਼ ਐਂਡ ਸਰਵਿਸਜ਼) ਨਹੀਂ ਹਨ ਸਗੋਂ ਇਹ ਵਿੱਤੀ ਸਮਝੌਤੇ ਹੀ ਸਨ। ਉਦਾਹਰਨ ਲਈ ਆਪਾਂ ਫਿਊਚਰਜ਼ ਬਾਰੇ ਗੱਲ ਕਰਦੇ ਹਾਂ। ਮੁੱਖ ਤੌਰ ਉੱਤੇ ਫਿਊਚਰਜ਼ ਦੋ ਧਿਰਾਂ (ਇਕ ਵੇਚਣ ਵਾਲੀ ਧਿਰ ਅਤੇ ਇਕ ਖ਼੍ਰੀਦਣ ਵਾਲੀ ਧਿਰ) ਵਿਚਕਾਰ ਇਹ ਇਕਰਾਰਨਾਮਾ ਹੁੰਦਾ ਹੈ ਕਿ ਉਹ ਭਵਿੱਖ ਵਿੱਚ ਇਕ ਮਿੱਥੀ ਤਰੀਕ ਨੂੰ ਇਕ ਵਸਤ ਨੂੰ ਮਿੱਥੀ ਕੀਮਤ ਉੱਪਰ ਵੇਚਣਗੇ/ਖ਼੍ਰੀਦਣਗੇ। ਜੇ ਉਸ ਤਰੀਕ ਨੂੰ ਉਸ ਵਸਤ ਦੀ ਕੀਮਤ ਮਿੱਥੀ ਹੋਈ ਕੀਮਤ ਤੋਂ ਵੱਧ ਜਾਂਦੀ ਹੈ ਤਾਂ ਵੇਚਣ ਵਾਲੇ ਨੂੰ ਘਾਟਾ ਪੈਂਦਾ ਹੈ ਅਤੇ ਜੇ ਉਸ ਵਸਤ ਦੀ ਕੀਮਤ ਮਿੱਥੀ ਹੋਈ ਕੀਮਤ ਤੋਂ ਘੱਟ ਜਾਂਦੀ ਹੈ ਤਾਂ ਖ਼੍ਰੀਦਣ ਵਾਲੇ ਨੂੰ ਘਾਟਾ ਪੈਂਦਾ ਹੈ। ਲੰਮੇ ਸਮੇਂ ਤੋਂ ਖੇਤੀਬਾੜੀ ਦੀ ਪੈਦਾਵਰ ਜਿਵੇਂ ਅਨਾਜ, ਕੌਫੀ, ਖੰਡ, ਸੰਤਰਿਆਂ, ਦੁੱਧ ਆਦਿ ਅਤੇ ਤੇਲ ਅਤੇ ਧਾਤਾਂ ਦੇ ਸੰਬੰਧ ਵਿੱਚ ਫਿਊਚਰਜ਼ ਦੀ ਮਾਰਕੀਟ ਚਲਦੀ ਆਈ ਹੈ। ਉਤਪਾਦਨ ਨਾਲ ਸੰਬੰਧੀ ਸਨਅਤ ਵਿੱਚ ਇਸ ਤਰ੍ਹਾਂ ਦੇ ਇਕਰਾਰਨਾਮੇ ਦਾ ਇਹ ਫਾਇਦਾ ਹੁੰਦਾ ਸੀ ਕਿ ਖ਼੍ਰੀਦਣ ਵਾਲਾ ਆਪਣੀ ਸਨਅਤ ਵਿੱਚ ਵਰਤੀ ਜਾਣ ਵਾਲੇ ਕਿਸੇ ਕੱਚੇ ਮਾਲ ਦੀ ਸਪਲਾਈ ਇਕ ਨਿਸ਼ਚਿਤ ਕੀਮਤ ਉੱਤੇ ਪ੍ਰਾਪਤ ਕਰ ਲੈਂਦਾ ਸੀ। ਜਿਵੇਂ ਕੋਈ ਵੱਡਾ ਬੇਕਰ ਕਿਸੇ ਕਣਕ ਪੈਦਾ ਕਰਨ ਵਾਲੇ ਫਾਰਮਰ ਨਾਲ ਭਵਿੱਖ ਦੀ ਕਿਸੇ ਨਿਸ਼ਚਿਤ ਤਰੀਕ ਉੱਤੇ ਕਿਸੇ ਨਿਸ਼ਚਿਤ ਕੀਮਤ ਉੱਪਰ ਕਣਕ ਖ਼੍ਰੀਦਣ ਦਾ ਇਕਰਾਰਨਾਮਾ

ਕਰਕੇ ਇਹ ਨਿਸ਼ਚਿਤ ਕਰ ਲਵੇ ਕਿ ਉਸ ਨੂੰ ਉਸ ਤਰੀਕ ਨੂੰ ਕਣਕ ਇਕ ਨਿਸ਼ਚਿਤ ਕੀਮਤ ਉੱਤੇ ਮਿਲੇਗੀ। ਇਸ ਨਾਲ ਬੇਕਰ ਨੂੰ ਭਵਿੱਖ ਵਿੱਚ ਆਪਣੇ ਹੋਣ ਵਾਲੇ ਖਰਚਿਆਂ ਦਾ ਨਿਸ਼ਚਿਤ ਰਹਿਣ ਦਾ ਯਕੀਨ ਬੱਝਦਾ ਹੈ। ਪਰ ਹੁਣ ਫਿਊਚਰਜ਼ ਦੀ ਮਾਰਕੀਟ ਵਿੱਚ ਭਵਿੱਖ ਦੀਆਂ ਕੀਮਤਾਂ ਬਾਰੇ ਜ਼ਿਆਦਾ ਸ਼ਰਤਾਂ ਵਿੱਤੀ ਖੇਤਰ ਵਿੱਚ ਲਾਈਆਂ ਜਾਂਦੀਆਂ ਹਨ। ਸਾਲ 2006 ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਫਿਊਚਰਜ਼ ਦੀ ਮਾਰਕੀਟ ਵਿੱਚ 92 ਫੀਸਦੀ ਸ਼ਰਤਾਂ ਵਿੱਤੀ ਖੇਤਰ ਵਿੱਚ ਲਾਈਆਂ ਗਈਆਂ ਸਨ, ਜਿਵੇਂ ਵੱਖ ਵੱਖ ਕਰੰਸੀਆਂ ਦੀ ਕੀਮਤਾਂ ਬਾਰੇ, ਮਿਉਂਸਪਲ ਅਤੇ ਸਰਕਾਰੀ ਬਾਂਡਾ ਬਾਰੇ, ਸਟਾਕਾਂ ਦੀਆਂ ਕੀਮਤਾਂ ਬਾਰੇ, ਵਿਆਜ਼ ਦੀਆਂ ਦਰਾਂ ਬਾਰੇ ਅਤੇ ਵਿੱਤੀ ਅਤੇ ਸਟਾਕ ਦੇ ਵੱਖ ਵੱਖ ਇੰਡੈਕਸਾਂ ਬਾਰੇ।

ਵਿੱਤੀ ਖੇਤਰ ਵਿੱਚ ਇਸ ਤਰ੍ਹਾਂ ਦੇ ਰੁਝਾਨਾਂ ਕਾਰਨ ਆਰਥਿਕਤਾ ਵਿੱਚ ਵਿੱਤੀ ਖੇਤਰ ਦੀ ਭੂਮਿਕਾ ਨੇ ਇਕ ਨਵਾਂ ਰੂਪ ਅਖਤਿਆਰ ਕਰ ਲਿਆ। ਪਹਿਲੇ ਸਮਿਆਂ ਵਿੱਚ ਆਰਥਿਕਤਾ ਵਿੱਚ ਵਿੱਤੀ ਖੇਤਰ ਦਾ ਇਕ ਸਹਾਇਕ ਸਥਾਨ ਹੁੰਦਾ ਸੀ। ਬੈਂਕ ਅਤੇ ਹੋਰ ਵਿੱਤੀ ਅਦਾਰੇ ਅਸਲ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਲਈ ਉਤਪਾਦਨ ਕਰਨ ਵਾਲਿਆਂ ਨੂੰ ਲੋੜੀਂਦਾ ਸਰਮਾਇਆ ਕਰਜ਼ੇ ਦੇ ਤੌਰ ਉੱਤੇ ਦਿੰਦੇ ਸਨ। ਉਤਪਾਦਨ ਕਰਨ ਵਾਲੇ ਇਸ ਸਰਮਾਏ ਨਾਲ ਕੱਚਾ ਮਾਲ, ਮਸ਼ੀਨਰੀ ਵਗੈਰਾ ਲੈਂਦੇ ਸਨ ਅਤੇ ਮਜ਼ਦੂਰਾਂ ਦੀਆਂ ਤਨਖਾਹਾਂ ਦਿੰਦੇ ਸਨ। ਫਿਰ ਆਪ ਬਣਾਈਆਂ ਵਸਤਾਂ ਨੂੰ ਮੰਡੀ ਵਿੱਚ ਵੇਚ ਕੇ ਉਹ ਮੁਨਾਫਾ ਕਮਾਉਂਦੇ ਸਨ। ਇਸ ਮੁਨਾਫੇ ਵਿੱਚੋਂ ਉਹ ਬੈਂਕਾਂ ਅਤੇ ਵਿੱਤੀ ਅਦਾਰਿਆਂ ਤੋਂ ਲਏ ਕਰਜ਼ੇ ਉੱਤੇ ਵਿਆਜ਼ ਦਿੰਦੇ ਸਨ ਜੋ ਵਿੱਤੀ ਖੇਤਰ ਦਾ ਮੁਨਾਫਾ ਬਣਦਾ ਸੀ। ਹੁਣ ਵਿੱਤੀ ਬੈਂਕਾਂ ਅਤੇ ਹੋਰ ਵਿਤੀ ਅਦਾਰੇ ਸਿਰਫ ਕਰਜ਼ੇ ਦੇਣ ਵਾਲੇ ਅਦਾਰੇ ਹੀ ਨਹੀਂ ਹਨ ਸਗੋਂ ਵਿੱਤੀ ਖੇਤਰ ਵਿੱਚ ਪੈਸਾ ਲਾ ਕੇ ਹੋਰ ਪੈਸਾ ਕਮਾਉਣ ਲਈ ਉਹ ਆਪ ਕਰਜ਼ਾ ਲੈਂਦੇ ਹਨ। ਉਦਾਹਰਨ ਲਈ ਸੰਨ 1981 ਵਿੱਚ ਅਮਰੀਕਾ ਦੇ ਵਿੱਤੀ ਅਦਾਰਿਆਂ ਦਾ ਕਰਜ਼ਾ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ ਦੇ 22 ਫੀਸਦੀ ਜਿੰਨਾ ਬਣਦਾ ਸੀ ਪਰ 1988 ਵਿੱਚ ਇਹ ਵੱਧ ਕੇ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ ਦੇ 42 ਫੀਸਦੀ ਦੇ ਬਰਾਬਰ ਹੋ ਗਿਆ। ਸੰਨ 2005 ਵਿੱਚ ਅਮਰੀਕਾ ਦੇ ਵਿੱਤੀ ਅਦਾਰਿਆਂ ਦਾ ਕਰਜ਼ਾ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ ਦੇ 100 ਫੀਸਦੀ ਤੋਂ ਵੀ ਵੱਧ ਗਿਆ।

ਹੁਣ ਤੱਕ ਅਸੀਂ ਆਰਥਿਕ ਖੜੋਤ ਦੇ ਸੰਬੰਧ ਵਿੱਚ ਕਾਰਪੋਰੇਸ਼ਨਾਂ ਬਾਰੇ ਗੱਲ ਕੀਤੀ ਹੈ। ਇਸ ਸੰਬੰਧ ਵਿੱਚ ਆਮ ਲੋਕ ਵਿਅਕਤੀਗਤ ਪੱਧਰ ਉੱਪਰ ਕਿਸ ਤਰ੍ਹਾਂ ਦੀ ਸਥਿਤੀ ਰਾਹੀਂ ਲੰਘੇ ਹਨ, ਸੰਖੇਪ ਵਿੱਚ ਉਸ ਬਾਰੇ ਜਾਣ ਲੈਣਾ ਵੀ ਬਿਹਤਰ ਹੋਵੇਗਾ। ਜਿਸ ਤਰ੍ਹਾਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਅਮਰੀਕਾ ਵਿੱਚ ਮਜ਼ਦੂਰਾਂ/ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਖੜੋਤ ਵਰਗੀ ਸਥਿਤੀ ਰਹੀ ਹੈ। ਤਨਖਾਹਾਂ ਵਿੱਚ ਖੜੋਤ ਵਰਗੀ ਸਥਿਤੀ ਨਾਲ ਨਜਿੱਠਣ ਲਈ ਆਮ ਲੋਕਾਂ ਨੇ ਕੀ ਕੀਤਾ? ਸਭ ਤੋਂ ਪਹਿਲਾਂ ਤਾਂ ਉਹਨਾਂ ਨੇ ਆਪਣੇ ਕੰਮ ਦੇ ਘੰਟਿਆਂ ਵਿੱਚ ਵਾਧਾ ਕੀਤਾ। ਪਰਿਵਾਰਾਂ ਦੇ ਇਕ ਤੋਂ ਵੱਧ ਮੈਂਬਰ ਕੰਮ ਕਰਨ ਲੱਗੇ। ਪਰ ਜਦੋਂ ਇਹ ਢੰਗ ਵਰਤਣ ਬਾਅਦ ਵੀ ਉਹ ਆਪਣੀਆਂ ਲੋੜਾਂ ਅਤੇ ਲਿਵਿੰਗ ਸਟੈਂਡਰਡ ਕਾਇਮ ਨਾ ਰੱਖ ਸਕੇ ਤਾਂ ਉਹਨਾਂ ਨੇ ਕਰਜ਼ੇ ਦਾ ਸਹਾਰਾ ਲਿਆ। ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਅਮਰੀਕਾ ਦੀਆਂ ਵਿਅਕਤੀਗਤ ਘਰੇਲੂ ਇਕਾਈਆਂ (ਹਾਊਸਹੋਲਡਜ਼) ਉੱਪਰ ਕਰਜ਼ੇ ਦੇ ਭਾਰ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਉਦਾਹਰਨ ਲਈ 1975 ਵਿੱਚ ਖਪਤਕਾਰਾਂ ਦੇ ਬਕਾਇਆ ਰਹਿੰਦੇ ਕਰਜ਼ੇ (ਕੰਜ਼ਿਊਮਰ ਡੈੱਟ), ਖਪਤਕਾਰਾਂ ਦੀ ਡਿਸਪੋਜ਼ੇਬਲ ਆਮਦਨ (ਟੈਕਸਾਂ ਤੋਂ ਬਾਅਦ ਦੀ ਆਮਦਨ) ਦਾ 62 ਫੀਸਦੀ ਬਣਦੇ ਸਨ। ਪਰ ਸੰਨ 2005 ਵਿੱਚ ਖਪਤਕਾਰਾਂ ਦੇ ਬਕਾਇਆ ਰਹਿੰਦੇ ਕਰਜ਼ੇ ਖਪਤਕਾਰਾਂ ਦੀ ਡਿਸਪੋਜ਼ੇਬਲ ਆਮਦਨ ਦਾ 127 ਫੀਸਦੀ ਹੋ ਗਏ।

ਅਮਰੀਕਾ ਦੇ ਪਰਿਵਾਰਾਂ ਉੱਪਰ ਚੜ੍ਹੇ ਕਰਜ਼ਿਆਂ ਉੱਪਰ ਇਕ ਸੰਖੇਪ ਝਾਤ ਮਾਰਨ ਲਈ ਅਸੀਂ ਘਰਾਂ ਉੱਪਰ ਲਈਆਂ ਮਾਰਗੇਜ਼ਾਂ ਅਤੇ ਕਰੈਡਿਟ ਕਾਰਡਾਂ ਉੱਪਰ ਲਏ ਕਰਜ਼ੇ ਉੱਪਰ ਨਜ਼ਰ ਮਾਰਾਂਗੇ। ਲੋਕਾਂ ਸਿਰ ਚੜ੍ਹਿਆ ਜ਼ਿਆਦਾ ਕਰਜ਼ਾ ਉਹਨਾਂ ਦੇ ਰਿਹਾਇਸ਼ੀ ਘਰਾਂ ਉੱਪਰ ਲਿਆ ਮਾਰਗੇਜਾਂ ਦਾ ਕਰਜ਼ਾ ਸੀ। 1990ਵਿਆਂ ਤੋਂ ਬਾਅਦ ਲੋਕਾਂ ਵਲੋਂ ਸੈਕਿੰਡ ਮਾਰਗੇਜਾਂ ਆਦਿ ਲੈ ਕੇ ਆਪਣੇ ਘਰਾਂ ਉੱਪਰ ਕਰਜ਼ਾ ਚੁੱਕਣ ਦੇ ਵਰਤਾਰੇ ਵਿੱਚ ਵੱਡਾ ਵਾਧਾ ਹੋਇਆ। ਉਦਾਹਰਨ ਲਈ ਸੰਨ 1998- 2001 ਵਿਚਕਾਰ ਘਰਾਂ ਉੱਪਰ ਚੁੱਕੇ ਕਰਜ਼ੇ ਦੀ ਮੀਡੀਅਨ ਰਕਮ ਵਿੱਚ 3.8 ਫੀਸਦੀ ਦਾ ਵਾਧਾ ਹੋਇਆ ਸੀ ਜਦੋਂ ਕਿ 2001-2004 ਵਿਚਕਾਰ ਇਹ ਵਾਧਾ 27.3 ਫੀਸਦੀ ਹੋ ਗਿਆ। ਘਰਾਂ ਦੀਆਂ ਵਧਦੀਆਂ ਕੀਮਤਾਂ ਕਾਰਨ ਵਧੀ ਇਕੁਐਟੀ ਦਾ ਫਾਇਦਾ ਲੈਣ ਲਈ ਘਰ ਮਾਲਕ ਆਪਣੇ ਘਰਾਂ ਉੱਪਰ ਹੋਰ ਕਰਜ਼ੇ ਚੁੱਕਣ ਲੱਗੇ। ਉਦਾਹਰਨ ਲਈ ਸੰਨ 2001-2004 ਵਿਚਕਾਰ 45 ਫੀਸਦੀ ਦੇ ਨੇੜੇ ਘਰ ਮਾਲਕਾਂ ਨੇ ਆਪਣੇ ਘਰਾਂ ਉੱਪਰ ਦੁਬਾਰਾ ਕਰਜ਼ੇ ਚੁੱਕੇ।

9 ਅਕਤੂਬਰ 2008 ਨੂੰ ਬਿਜ਼ਨਿਸ ਵੀਕ ਦੀ ਵੈੱਬਸਾਈਟ ਉੱਪਰ ਛਪੇ ਇਕ ਆਰਟੀਕਲ ਅਨੁਸਾਰ ਅਮਰੀਕਾ ਵਿੱਚ ਕਰੈਡਿਟ ਕਾਰਡ ਵਾਲਿਆਂ ਉੱਪਰ 950 ਬਿਲੀਅਨ ਡਾਲਰ ਦਾ ਕਰਜ਼ਾ ਹੈ। ਯੂ ਐੱਸ ਨਿਊਜ਼ ਦੇ ਵੈੱਬਸਾਈਟ ਉੱਪਰ 10 ਮਾਰਚ 2009 ਨੂੰ ਛਪੇ ਇਕ ਆਰਟੀਕਲ ਵਿੱਚ ਅਮਰੀਕਨ ਬੈਂਕਰਜ਼ ਐਸੋਸੀਏਸ਼ਨ ਦਾ ਹਵਾਲਾ ਦੇ ਕੇ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਪਰਿਵਾਰਾਂ ਸਿਰ ਔਸਤ ਰੂਪ ਵਿੱਚ 8000 ਡਾਲਰ ਦਾ ਕਰੈਡਿਟ ਕਾਰਡਾਂ ਦਾ ਕਰਜ਼ਾ ਹੈ। ਜਦੋਂ ਕਿ ਸੰਨ 2007 ਵਿੱਚ ਅਮਰੀਕਾ ਵਿੱਚ ਪਰਿਵਾਰਾਂ ਦੀ ਔਸਤ ਰੂਪ ਵਿੱਚ ਮੀਡੀਅਨ ਕੁੱਲ ਆਮਦਨ 50, 233 ਡਾਲਰ ਸੀ। ਲੋਕਾਂ ਨੂੰ ਕਰੈਡਿਟ ਕਾਰਡਾਂ ਉੱਪਰ ਕਰਜ਼ਾ ਲੈਣ ਲਈ ਉਕਸਾਉਣ ਲਈ ਵਿੱਤੀ ਅਦਾਰੇ ਕਈ ਤਰ੍ਹਾਂ ਦੇ ਢੰਗ ਵਰਤ ਰਹੇ ਹਨ। ਸਭ ਤੋਂ ਪਹਿਲਾਂ ਤਾਂ

ਪਿਛਲੇ ਦੋ ਤਿੰਨ ਦਹਾਕਿਆਂ ਦੌਰਾਨ ਕਰੈਡਿਟ ਕਾਰਡ ਲੈਣਾ ਬਹੁਤ ਸੌਖਾ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਵਿੱਤੀ ਅਦਾਰੇ ਕਰੈਡਿਟ ਕਾਰਡਾਂ ਦੇ ਵਿਆਜ ਦੀਆਂ ਬਦਲਵੀਆਂ ਦਰਾਂ ਰੱਖ ਕੇ ਉਹਨਾਂ ਨੂੰ ਕਰੈਡਿਟ ਕਾਰਡਾਂ ਉੱਪਰ ਕਰਜ਼ਾ ਲੈਣ ਲਈ ਭਰਮਾ ਰਹੇ ਹਨ। ਉਦਾਹਰਨ ਲਈ ਪਹਿਲੇ ਛੇ ਮਹੀਨਿਆਂ ਦੌਰਾਨ ਵਿਆਜ਼ ਦੀ ਦਰ ਬਹੁਤ ਥੋੜ੍ਹੀ ਰੱਖੀ ਜਾਂਦੀ ਇਥੋਂ ਤੱਕ ਕਿ 2 ਫੀਸਦੀ। ਪਰ ਬਾਅਦ ਵਿੱਚ ਵਿਆਜ਼ ਦੀਆਂ ਦਰਾਂ ਵਿੱਚ ਬਹੁਤ ਵੱਡਾ ਵਾਧਾ ਕਰ ਦਿੱਤਾ ਜਾਂਦਾ ਹੈ, ਵੀਹ -ਪੱਚੀ-ਇਥੋਂ ਤੱਕ ਕਿ ਤੀਹ-ਬੱਤੀ ਫੀਸਦੀ ਤੱਕ।

ਮੌਜੂਦਾ ਵਿੱਤੀ ਖੇਤਰ ਦੇ ਲੜਖੜਾਉਣ ਦੀ ਸ਼ੁਰੂਆਤ ਸਬਪਰਾਈਮ ਮੌਰਗੇਜਾਂ ਲੈਣ ਵਾਲਿਆਂ ਵਲੋਂ ਆਪਣੀਆਂ ਮਾਰਗੇਜਾਂ ਦੀਆਂ ਅਦਾਇਗੀਆਂ ਨਾ ਕਰ ਸਕਣ ਤੋਂ ਮੰਨੀ ਜਾਂਦੀ ਹੈ, ਇਸ ਲਈ ਸਬਪਰਾਈਮ ਮਾਰਗੇਜਾਂ ਬਾਰੇ ਵੀ ਲੋੜ੍ਹ ਗੋਚਰੀ ਗੱਲ ਕਰਨੀ ਚੰਗੀ ਰਹੇਗੀ। ਸੰਨ 2000 ਦੇ ਸਟਾਕ ਮਾਰਕੀਟ ਕਰੈਸ਼ ਤੋਂ ਬਾਅਦ ਵਿੱਤੀ ਖੇਤਰ ਵਿੱਚ ਆਈ ਅਸਥਿਰਤਾ ਨੂੰ ਠੁੰਮਣਾ ਦੇਣ ਲਈ ਅਮਰੀਕਾ ਦੇ ਫੈਡਰਲ ਰੀਜ਼ਰਵ ਬੈਂਕ ਨੇ ਵਿਆਜ ਦੀਆਂ ਦਰਾਂ ਘਟਾਉਣੀਆਂ ਸ਼ੁਰੂ ਕਰ ਦਿੱਤੀਆਂ। ਜਨਵਰੀ 2001 ਅਤੇ ਜੂਨ 2003 ਵਿਚਕਾਰ ਬੈਂਕ ਨੇ 12 ਵਾਰ ਵਿਆਜ਼ ਦੀਆਂ ਦਰਾਂ ਵਿੱਚ ਕਟੌਤੀ ਕੀਤੀ ਅਤੇ ਵਿਆਜ ਦੀ ਦਰ ਨੂੰ 6 ਫੀਸਦੀ ਤੋਂ ਘਟਾ ਕੇ 1 ਫੀਸਦੀ ਤੱਕ ਲੈ ਆਂਦਾ। ਵਿਆਜ਼ ਦੀਆਂ ਘੱਟ ਦਰਾਂ ਕਾਰਨ ਲੋਕਾਂ ਨੇ ਕਈ ਤਰ੍ਹਾਂ ਦੇ ਕਰਜ਼ੇ ਲੈਣੇ ਸ਼ੁਰੂ ਕਰ ਦਿੱਤੇ। ਖਾਸ ਤੌਰ ਉੱਤੇ ਲੋਕਾਂ ਨੇ ਘਰਾਂ ਨੂੰ ਖ੍ਰੀਦਣ ਲਈ ਮਾਰਗੇਜਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਘਰ ਖ੍ਰੀਦਣ ਵਾਲੇ ਇਹਨਾਂ ਲੋਕਾਂ ਵਿੱਚ ਉਹ ਲੋਕ ਵੀ ਸ਼ਾਮਲ ਹੋ ਗਏ ਜੋ ਪਹਿਲਾਂ ਘਰ ਖ੍ਰੀਦਣ ਦੇ ਯੋਗ ਨਹੀਂ ਸਨ। ਵੱਧ ਤੋਂ ਵੱਧ ਲੋਕਾਂ ਨੂੰ ਮਾਰਗੇਜਾਂ ਵੇਚਣ ਲਈ ਬੈਂਕਾਂ ਨੇ ਕਈ ਤਰ੍ਹਾਂ ਦੀਆਂ ਨਵੀਆਂ ਮਾਰਗੇਜਾਂ ਇਜਾਦ ਕਰ ਲਈਆਂ। ਇਹਨਾਂ ਵਿੱਚ ਮਾਰਗੇਜ ਦੀ ਇਕ ਕਿਸਮ ਸੀ ਸਬ-ਪਰਾਈਮ ਮਾਰਗੇਜ। ਇਹ ਮਾਰਗੇਜ ਉਹਨਾਂ ਲੋਕਾਂ ਲਈ ਤਿਆਰ ਕੀਤੀ ਗਈ ਜਿਹਨਾਂ ਲੋਕਾਂ ਦਾ ਕਰਜ਼ਾ ਲੈਣ ਦਾ ਰਿਕਾਰਡ ਏਨਾ ਚੰਗਾ ਨਹੀਂ ਸੀ। ਇਸ ਤਰ੍ਹਾਂ ਦੀਆਂ ਮਾਰਗੇਜਾਂ ਵਿੱਚ ਕਈ ਤਰ੍ਹਾਂ ਦੀਆਂ ਮਾਰਗੇਜਾਂ ਸ਼ਾਮਲ ਹਨ। ਇਕ ਕਿਸਮ ਹੈ ਵਿਆਜ ਦੀਆਂ ਬਦਲਵੀਆਂ ਦਰਾਂ ਵਾਲੀਆਂ ਮਾਰਗੇਜਾਂ ਜਿਹਨਾਂ ਵਿੱਚ ਮਾਰਗੇਜ ਲੈਣ ਦੇ ਸ਼ੁਰੂ ਦੇ ਕੁੱਝ ਸਾਲਾਂ ਵਿੱਚ ਵਿਆਜ ਦੀ ਦਰ ਥੋੜ੍ਹੀ ਹੁੰਦੀ ਹੈ ਅਤੇ ਫਿਰ ਵਿਆਜ ਦੀ ਦਰ ਇਕਦਮ ਵੱਧ ਜਾਂਦੀ ਹੈ। ਇਸ ਤਰ੍ਹਾਂ ਦੀਆਂ ਕੁਝ ਮਾਰਗੇਜਾਂ ਵਿੱਚ ਘਰ ਦੀ 100 ਫੀਸਦੀ ਕੀਮਤ ਲਈ ਮਾਰਗੇਜ ਦੇ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਦੀਆਂ ਮਾਰਗੇਜਾਂ ਮਿਲਣ ਨਾਲ ਉਹ ਲੋਕ ਵੀ ਘਰਾਂ ਦੀ ਮਾਰਕੀਟ ਵਿੱਚ ਦਾਖਲ ਹੋ ਗਏ ਜਿਹੜੇ ਪਹਿਲਾਂ ਮਾਰਗੇਜ ਲੈਣ ਦੇ ਯੋਗ ਨਹੀਂ ਸਨ। ਜ਼ਿਆਦਾ ਲੋਕਾਂ ਵਲੋਂ ਮਾਰਕੀਟ ਵਿੱਚ ਆਉਣ ਕਾਰਨ ਘਰਾਂ ਦੀਆਂ ਕੀਮਤਾਂ ਵਧਣ ਲੱਗੀਆਂ। ਇਸ ਤਰ੍ਹਾਂ ਹੋਰ ਲੋਕ ਮਾਰਗੇਜਾਂ ਲੈ ਕੇ ਘਰ ਖ੍ਰੀਦਣ ਲੱਗੇ। ਉਹਨਾਂ ਦਾ ਵਿਚਾਰ ਸੀ ਕਿ ਘਰਾਂ ਦੀਆਂ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਉਹ ਬਦਲਵੀਆਂ ਮਾਰਗੇਜਾਂ ਦੇ ਰੇਟ ਵਧਣ ਤੋਂ ਪਹਿਲਾਂ ਮਾਰਗੇਜਾਂ ਨੂੰ ਦੁਬਾਰਾ ਫਾਈਨੈਂਸ ਕਰਵਾ ਲੈਣਗੇ ਜਾਂ ਘਰ ਨੂੰ ਵੇਚ ਕੇ ਮੁਨਾਫਾ ਕਮਾ ਕੇ ਲਾਂਭੇ ਹੋਣਗੇ।

ਦੂਸਰੇ ਪਾਸੇ ਬੈਂਕਾਂ ਅਤੇ ਮਾਰਗੇਜ ਦੇਣ ਵਾਲੇ ਹੋਰ ਅਦਾਰੇ ਇਹਨਾਂ ਮਾਰਗੇਜਾਂ ਨੂੰ ਕੋਲੈਟਰਲ ਡੈੱਟ ਓਬਲੀਗੇਸ਼ਨਜ਼ (ਸੀ ਡੀ ਓ), ਕੋਲੈਟਰਲਾਇਜ਼ਡ ਮਾਰਗੇਜ ਓਬਲੀਗੇਸ਼ਨਜ਼ (ਸੀ ਐੱਮ ਓ) ਆਦਿ ਵਿੱਚ ਪੈਕਜ ਕਰਕੇ ਦੂਸਰੇ ਇਨਵੈਸਟਰਾਂ ਨੂੰ ਵੇਚ ਦਿੰਦੇ ਸਨ। ਨਤੀਜੇ ਵੱਜੋਂ ਜੇ ਮਾਰਗੇਜ ਦੇਣ ਵਾਲਾ ਅਦਾਇਗੀ ਨਾ ਵੀ ਕਰ ਸਕੇ ਤਾਂ ਬੈਂਕਾਂ ਨੂੰ ਨੁਕਸਾਨ ਹੋਣ ਦਾ ਖਤਰਾ ਘੱਟ ਹੁੰਦਾ ਸੀ ਕਿਉਂਕਿ ਉਹ ਤਾਂ ਪਹਿਲਾਂ ਹੀ ਇਹ ਮਾਰਗੇਜ ਇਕ ਵੇਚਣ ਯੋਗ ਵਸਤ ਬਣਾ ਕੇ ਅਗਾਂਹ ਵੇਚ ਚੁੱਕੇ ਹੁੰਦੇ ਸਨ। ਇਸ ਦੇ ਨਾਲ ਹੀ ਉਹਨਾਂ ਨੂੰ ਮਾਰਗੇਜ ਦੇਣ ਦੀਆਂ ਫੀਸਾਂ ਤੋਂ ਕਾਫੀ ਆਮਦਨ ਹੋ ਰਹੀ ਸੀ। ਇਸ ਲਈ ਉਹਨਾਂ ਵਲੋਂ ਵੱਧ ਤੋਂ ਵੱਧ ਮਾਰਗੇਜਾਂ ਦੇਣ ਦੀ ਕੋਸ਼ਿਸ਼ ਕੀਤੀ ਗਈ। ਉਹ ਕਰਜ਼ਾ ਲੈਣ ਵਾਲਿਆਂ ਦੀ ਲੈਣਯੋਗਤਾ ਦੀ ਵੀ ਉਨੇ ਧਿਆਨ ਨਾਲ ਜਾਂਚ ਨਹੀਂ ਕਰਦੇ ਸਨ ਜਿੰਨੇ ਧਿਆਨ ਨਾਲ ਜਾਂਚ ਕਰਨ ਦੀ ਲੋੜ ਸੀ। ਇਸ ਤਰ੍ਹਾਂ ਦੀ ਹਾਲਤ ਵਿੱਚ ਅਮਰੀਕਾ ਵਿੱਚ ਘਰਾਂ ਦੀ ਮਾਰਕੀਟ ਦੇ ਭੁਕਾਨੇ ਦੇ ਫੈਲਣ ਦੇ ਸਿੱਖਰ ਵੇਲੇ ਅਕਤੂਬਰ ਤੋਂ ਦਸੰਬਰ 2005 ਵਿਚਕਾਰ ਮਾਰਗੇਜਾਂ ਲਈ ਕਰਜ਼ੇ ਵਿੱਚ 11 ਖਰਬ (1.1 ਟਰਿਲੀਅਨ) ਡਾਲਰ ਦਾ ਵਾਧਾ ਹੋਇਆ। ਇਸ ਸਮੇਂ ਅਮਰੀਕਾ ਵਿੱਚ ਘਰਾਂ ਉੱਪਰ ਮਾਰਗੇਜਾਂ ਦਾ ਕੁੱਲ ਕਰਜ਼ਾ 86.6 ਖਰਬ (8.66 ਟਰਿਲੀਅਨ) ਡਾਲਰ ਸੀ ਜੋ ਕਿ ਅਮਰੀਕਾ ਦੇ ਕੁੱਲ ਘਰੇਲੂ ਉਤਪਾਦਨ (ਜੀ ਡੀ ਪੀ) ਦਾ 69.4 ਫੀਸਦੀ ਬਣਦਾ ਸੀ।

ਘਰਾਂ ਦੀ ਮਾਰਕੀਟ ਵਿੱਚ ਲਗਾਤਾਰ ਫੈਲਦੇ ਇਸ ਭੁਕਾਨੇ ਨੇ ਅਮਰੀਕਾ ਦੀ ਆਰਥਿਕਤਾ ਨੂੰ ਜੁੰਬਿਸ਼ ਦਿੱਤੀ। ਸੰਨ 2000 ਵਿੱਚ ਸਟਾਕ ਮਾਰਕੀਟ ਦੇ ਭੁਕਾਨੇ ਵਿੱਚੋਂ ਨਿਕਲੀ ਫੂਕ ਘਰਾਂ ਦੀ ਮਾਰਕੀਟ ਦੇ ਭੁਕਾਨੇ ਵਿੱਚ ਭਰੀ ਗਈ। ਸੰਨ 2005 ਵਿੱਚ ਅਮਰੀਕਾ ਦੀ ਪ੍ਰਾਈਵੇਟ ਘਰਾਂ ਦੀ ਸਨਅਤ ਵਿੱਚ 36 ਫੀਸਦੀ ਦਾ ਵਾਧਾ ਹੋਇਆ। ਪਰ ਭੁਕਾਨਿਆਂ ਨਾਲ ਸੰਬੰਧਤ ਸਚਾਈ ਇਹ ਵੀ ਹੈ ਕਿ ਭੁਕਾਨੇ ਅਗਾਂਹ ਤੋਂ ਅਗਾਂਹ ਫੁੱਲਦੇ ਨਹੀ ਰਹਿ ਸਕਦੇ, ਉਹਨਾਂ ਨੇ ਇਕ ਦਿਨ ਪਾਟਣਾ ਹੀ ਹੁੰਦਾ ਹੈ। ਅਮਰੀਕਾ ਦੇ ਘਰਾਂ ਦੇ ਭੁਕਾਨੇ ਵਿੱਚ ਪਹਿਲਾਂ ਥੋੜ੍ਹੀ ਜਿਹੀ ਫੂਕ ਉਦੋਂ ਨਿਕਲਣੀ ਸ਼ੁਰੂ ਹੋਈ ਜਦੋਂ ਸੰਨ 2006 ਵਿੱਚ ਅਮਰੀਕਾ ਦੇ ਫੈਡਰਲ ਰਿਜ਼ਰਵ ਬੈਂਕ ਨੇ ਵਿਆਜ ਦੀਆਂ ਦਰਾਂ ਵਿੱਚ ਵਾਧਾ ਕਰ ਦਿੱਤਾ। ਫਿਰ ਬਾਅਦ ਵਿੱਚ ਜਦੋਂ ਅਡਜਸਟੇਬਲ ਦਰਾਂ ਉੱਤੇ ਲਈਆਂ ਸਬ ਪਰਾਈਮ ਮਾਰਗੇਜਾਂ ਉਸ ਪੜਾਅ ਉੱਤੇ ਪਹੁੰਚੀਆਂ ਜਿੱਥੇ ਇਹਨਾਂ ਮਾਰਗੇਜਾਂ ਦੇ ਵਿਆਜ਼ ਦੀਆਂ ਦਰਾਂ ਇਕ ਦਮ ਵੱਧ ਗਈਆਂ ਤਾਂ ਵੱਡੀ ਗਿਣਤੀ ਵਿੱਚ ਲੋਕਾਂ ਲਈ ਮਾਰਗੇਜਾਂ ਦੀਆਂ ਕਿਸ਼ਤਾਂ ਅਦਾ ਕਰਨੀਆਂ ਔਖੀਆਂ ਹੋ

ਗਈਆਂ। ਘਰ ਫੋਰਕਲੋਜ਼ ਹੋਣ ਲੱਗੇ ਭਾਵ ਘਰ ਮਾਲਕ ਕੋਲ ਮਾਰਗੇਜ ਦੀਆਂ ਅਦਾਇਗੀਆਂ ਨਾ ਹੋਣ ਕਾਰਨ ਬੈਂਕਾਂ ਕੋਲ ਜਾਣ ਲੱਗੇ। ਜਿਸ ਦੇ ਨਤੀਜੇ ਵੱਜੋਂ ਸੰਨ 2007 ਵਿੱਚ ਅਮਰੀਕਾ ਦੀ ਸਬਪਰਾਈਮ ਮਾਰਗੇਜ ਇੰਡਸਟਰੀ ਕੁਲੈਪਸ ਹੋ ਗਈ ਅਤੇ ਸਬਪਰਾਈਮ ਮੌਰਗੇਜ ਦੇਣ ਵਾਲੇ 25 ਵੱਡੇ ਅਦਾਰਿਆਂ ਨੇ ਦੀਵਾਲਾ ਕੱਢ ਦਿੱਤਾ। ਜੁਲਾਈ 2007 ਵਿੱਚ ਦੋ ਬੀਅਰ ਸਟਰਨਜ਼ ਹੈੱਜ ਫੰਡ ਮਿੱਟੀ ਵਿੱਚ ਰੁਲ ਗਏ। ਉਸ ਸਮੇਂ ਉਹਨਾਂ ਕੋਲ 10 ਅਰਬ (ਬਿਲੀਅਨ) ਡਾਲਰ ਦੀਆਂ ਮਾਰਗੇਜ ਆਧਾਰਿਤ ਸਕਿਉਰਟੀਜ਼ ਸਨ। ਇਸ ਤੋਂ ਬਾਅਦ ਦੀ ਕਹਾਣੀ ਤਾਂ ਸਾਰਿਆਂ ਦੇ ਸਾਹਮਣੇ ਹੈ। ਅਮਰੀਕੀ ਵਿੱਤੀ ਪ੍ਰਬੰਧ ਤਾਸ਼ ਦੇ ਪੱਤਿਆਂ ਨਾਲ ਬਣਾਏ ਘਰ ਵਾਂਗ ਲੜਖੜਾਉਂਦਾ ਹੋਇਆ ਹੇਠਾਂ ਡਿੱਗ ਪਿਆ।

ਇਸ ਸਥਿਤੀ ਵਿੱਚ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਨੇ ਇਕ ਦੂਜੇ ਨੂੰ ਕਰਜ਼ਾ ਦੇਣਾ ਬੰਦ ਕਰ ਦਿੱਤਾ ਕਿਉਂਕਿ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਦੂਸਰੇ ਬੈਂਕ ਜਾਂ ਵਿੱਤੀ ਅਦਾਰੇ ਦੀ ਵਿੱਤੀ ਸਥਿਤੀ ਕਿਸ ਤਰ੍ਹਾਂ ਦੀ ਹੈ। ਦੂਸਰੇ ਬੈਂਕ ਜਾਂ ਵਿੱਤੀ ਅਦਾਰੇ ਦੀ ਸੰਪਤੀ ਦਾ ਕਿੰਨਾ ਕੁ ਹਿੱਸਾ ਨਾ ਅਦਾ ਹੋ ਸਕਣ ਵਾਲੀਆਂ ਮਾਰਗੇਜ ਆਧਾਰਤ ਸਕਿਉਰਟੀਆਂ ਦਾ ਹੈ। ਬੈਂਕਾਂ ਅਤੇ ਵਿੱਤੀ ਅਦਾਰਿਆਂ ਵਲੋਂ ਇਕ ਦੂਸਰੇ ਨੂੰ ਕਰਜ਼ੇ ਦੇਣੇ ਬੰਦ ਕਰਨ ਨਾਲ ਗੈਰ- ਵਿੱਤੀ ਵਪਾਰਕ ਅਦਾਰਿਆਂ ਨੂੰ ਆਪਣੇ ਕੰਮ ਕਾਰ ਚਲਾਉਣ ਲਈ ਲੋੜੀਂਦਾ ਸਰਮਾਇਆ ਮਿਲਣਾ ਬੰਦ ਹੋ ਗਿਆ। ਦੁਨੀਆਂ ਦੇ ਦੂਜੇ ਹਿੱਸਿਆਂ ਦੇ ਬੈਂਕ, ਵਿੱਤੀ ਅਦਾਰੇ ਅਤੇ ਕਈ ਤਰ੍ਹਾਂ ਦੇ ਹੋਰ ਇਨਵੈਸਟਰ ਵੀ ਅਮਰੀਕਾ ਦੇ ਵਿਤੀ ਪ੍ਰਬੰਧ ਵਿੱਚ ਪੈਸਾ ਲਾਉਂਦੇ ਸਨ, ਇਸ ਲਈ ਛੇਤੀ ਹੀ ਅਮਰੀਕਾ ਦਾ ਵਿੱਤੀ ਸੰਕਟ ਦੁਨੀਆ ਦਾ ਵਿੱਤੀ ਸੰਕਟ ਬਣ ਗਿਆ।

ਬਹੁਤ ਛੇਤੀ ਵਿਤੀ ਆਰਥਿਕਤਾ ਵਿੱਚ ਆਏ ਇਸ ਸੰਕਟ ਨਾਲ ਅਸਲ ਆਰਥਿਕਤਾ (ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੀ ਆਰਥਿਕਤਾ) ਉੱਪਰ ਅਸਰ ਪੈਣਾ ਸ਼ੁਰੂ ਹੋ ਗਿਆ। ਕੰਪਨੀਆਂ ਬੰਦ ਹੋਣ ਲੱਗੀਆਂ ਜਾਂ ਆਪਣੇ ਖਰਚੇ ਘਟਾਉਣ ਦੇ ਢੰਗ ਲੱਭਣ ਲੱਗੀਆਂ। ਮਜ਼ਦੂਰਾਂ/ਕਰਮਚਾਰੀਆਂ ਨੂੰ ਕੰਮਾਂ ਤੋਂ ਹਟਾਉਣ ਦੀਆਂ ਖਬਰਾਂ ਆਉਣ ਲੱਗੀਆਂ। ਮਾਰਚ 2009 ਵਿੱਚ ਆਈ ਇਕ ਰਿਪੋਰਟ ਅਨੁਸਾਰ ਫਰਵਰੀ 2009 ਵਿੱਚ ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਦਰ 8.1 ਫੀਸਦੀ ਸੀ ਜੋ ਕਿ ਪਿਛਲੇ 25 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਹੈ। ਪਿਛਲੇ 14 ਮਹੀਨਿਆਂ ਦੌਰਾਨ ਅਮਰੀਕਾ ਵਿੱਚ 44 ਲੱਖ ਲੋਕਾਂ ਦੀ ਨੌਕਰੀਆਂ ਖੁੱਸੀਆਂ ਹਨ। ਮਾਰਚ 13 ਨੂੰ ਕੈਨੇਡਾ ਵਿੱਚ ਬੇਰੁਜ਼ਗਾਰੀ ਬਾਰੇ ਆਈ ਇਕ ਰਿਪੋਰਟ ਅਨੁਸਾਰ ਫਰਵਰੀ 2009 ਵਿੱਚ ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 7.7 ਫੀਸਦੀ ਸੀ। ਅਰਥਸ਼ਾਸਤਰੀਆਂ ਵਲੋਂ ਸਥਿਤੀ ਦੇ ਅਜੇ ਹੋਰ ਖਰਾਬ ਹੋਣ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਆਰਥਿਕਤਾ ਦਾ ਇਹ ਸੰਕਟ ਹੋਰ ਕਿੰਨਾ ਕੁ ਡੂੰਘਾ ਹੋਵੇਗਾ ਇਸ ਬਾਰੇ ਕਹਿਣਾ ਮੁਸ਼ਕਿਲ ਹੈ।

**ਅੰਤਿਕਾ:**

ਅੰਤ ਵਿੱਚ ਸਾਡੇ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅਮਰੀਕਾ ਤੋਂ ਸ਼ੁਰੂ ਹੋਇਆ ਅਤੇ ਸੰਸਾਰ ਪੱਧਰ ਉੱਤੇ ਫੈਲ ਰਿਹਾ ਇਹ ਵਿੱਤੀ ਸੰਕਟ ਸਰਮਾਏਦਾਰੀ ਦੇ ਪ੍ਰਬੰਧ ਦਾ ਸੰਕਟ ਹੈ ਜਿਸ ਨੂੰ ਅਰਥਸ਼ਾਸਤਰੀਆਂ ਨੇ ਆਰਥਿਕ ਖੜੋਤ ਦਾ ਨਾਂ ਦਿੱਤਾ ਹੈ। ਪਿਛਲੇ ਦੋ ਤਿੰਨ ਦਹਾਕਿਆਂ ਵਿੱਚ ਵਿੱਤੀ ਖੇਤਰ ਵਿੱਚ ਜੋ ਪਸਾਰ ਹੋਇਆ ਹੈ, ਉਹ ਸਰਮਾਏਦਾਰਾਂ ਵਲੋਂ ਇਸ ਸਮੇਂ ਦੌਰਾਨ ਆਰਥਿਕਤਾ ਵਿੱਚ ਆਈ ਖੜੋਤ ਨਾਲ ਨਜਿੱਠਣ ਦਾ ਇਕ ਤਰੀਕਾ ਸੀ। ਆਰਥਿਕਤਾ ਵਿੱਚ ਆਈ ਖੜੋਤ ਨੇ ਸਰਮਾਏਦਾਰੀ ਦੇ ਰਾਹ ਵਿੱਚ ਹੋਰ ਦੌਲਤ ਕਮਾਉਣ ਲਈ ਜੋ ਰੁਕਾਵਟ ਪੈਦਾ ਕੀਤੀ ਸੀ, ਉਸ ਰੁਕਾਵਟ ਤੋਂ ਪਾਰ ਜਾਣ ਦਾ ਤਰੀਕਾ ਸੀ। ਇਸ ਤਰੀਕੇ ਨਾਲ ਉਹ ਹੋਰ ਦੌਲਤ ਕਮਾਉਣ ਦੇ ਕਾਰਜ ਨੂੰ ਕੁੱਝ ਸਮੇਂ ਲਈ ਤਾਂ ਚਲਦਾ ਰੱਖ ਸਕੇ ਪਰ ਇਹ ਸਦਾ ਨਹੀਂ ਚਲਦਾ ਰਹਿ ਸਕਦਾ ਸੀ ਕਿਉਂਕਿ ਵਿੱਤੀ ਖੇਤਰ ਦਾ ਇਹ ਪਸਾਰ ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੀ ਅਸਲ ਆਰਥਿਕਤਾ ਤੋਂ ਟੁੱਟ ਚੁੱਕਾ ਸੀ।

ਅਮਰੀਕਾ ਅਤੇ ਦੁਨੀਆਂ ਦੀ ਵੱਖ ਵੱਖ ਸਰਕਾਰਾਂ ਵਲੋਂ ਜੋ "ਸਟਿਮੂਲੈੱਸ ਪੈਕਜ" ਦਿੱਤੇ ਜਾ ਰਹੇ ਹਨ, ਉਹਨਾਂ ਦਾ ਮੁੱਖ ਮੰਤਵ ਆਰਥਿਕਤਾ ਵਿੱਚ ਕਰਜ਼ਾ ਨਾ ਮਿਲ ਸਕਣ ਦੀ ਮੁਸ਼ਕਿਲ ਨੂੰ ਦੂਰ ਕਰਨਾ ਹੈ। ਇਹਨਾਂ ਦਾ ਮਕਸਦ ਉਹਨਾਂ ਸਰਮਾਏਦਾਰਾਂ ਅਤੇ ਸਰਮਾਏਦਾਰੀ ਪ੍ਰਬੰਧ ਨੂੰ ਬਚਾਉਣਾ ਹੈ ਜਿਹਨਾਂ ਕਾਰਨ ਇਹ ਸੰਕਟ ਸ਼ੁਰੂ ਹੋਇਆ ਸੀ। ਇਹਨਾਂ ਸਟਿੱਮੂਲੈੱਸ ਪੈਕਜਾਂ ਵਿੱਚ ਮਜ਼ਦੂਰਾਂ/ਕਰਮਚਾਰੀਆਂ ਦੀ ਬਿਹਤਰੀ ਲਈ ਕੁਝ ਵੀ ਨਹੀਂ ਹੈ। ਇਸ ਤਰ੍ਹਾਂ ਦੇ ਪੈਕੇਜ ਦੇਣ ਵਾਲੇ ਇਹ ਸੋਚ ਕੇ ਚੱਲ ਰਹੇ ਹਨ ਕਿ ਜੇ ਦੁਨੀਆਂ ਦੇ ਸਰਮਾਏਦਾਰਾਂ ਦਾ ਭਲਾ ਹੋਵੇਗਾ ਤਾਂ ਮਜ਼ਦੂਰਾਂ/ਕਰਮਚਾਰੀਆਂ ਅਤੇ ਆਮ ਲੋਕਾਂ ਦਾ ਭਲਾ ਵੀ ਆਪ ਹੀ ਹੋ ਜਾਵੇਗਾ।

ਇਸ ਵਿੱਤੀ ਸੰਕਟ ਕਾਰਨ ਮਜ਼ਦੂਰਾਂ/ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਣਾ ਹੈ। ਸਭ ਤੋਂ ਪਹਿਲਾਂ ਤਾਂ ਇਹਨਾਂ ਸਟਿੱਮੂਲੈੱਸ ਪੈਕਜਾਂ ਨਾਲ ਆਮ ਲੋਕਾਂ ਉੱਤੇ ਭਾਰ ਪਵੇਗਾ। ਕਿਉਂਕਿ ਸਰਕਾਰਾਂ ਵਲੋਂ ਸਰਮਾਏਦਾਰਾਂ ਅਤੇ ਸਰਮਾਏਦਾਰੀ ਦੇ ਬਚਾਅ ਲਈ ਜੋ ਪੈਸਾ ਖਰਚਿਆ ਜਾ ਰਿਹਾ ਹੈ ਉਹ ਟੈਕਸਾਂ ਰਾਹੀਂ ਲੋਕਾਂ ਤੋਂ ਹੀ ਉਗਰਾਹਿਆ ਜਾਣਾ ਹੈ ਜਾਂ ਸਮਾਜਕ ਸੇਵਾਵਾਂ ਵਿੱਚ ਕਟੌਤੀਆਂ ਕਰਕੇ ਪੂਰਾ ਕੀਤਾ ਜਾਣਾ ਹੈ। ਇਸ ਦੇ ਨਾਲ ਹੀ ਇਸ ਸੰਕਟ ਕਾਰਨ ਦੁਨੀਆਂ ਭਰ ਵਿੱਚ ਬਹੁਤ ਸਾਰੇ ਲੋਕਾਂ ਨੂੰ ਆਪਣੀਆਂ ਨੌਕਰੀਆਂ ਤੋਂ ਹੱਥ ਧੋਣੇ ਪੈਣਗੇ ਅਤੇ ਆਪਣੀਆਂ ਤਨਖਾਹਾਂ ਵਿੱਚ

ਕਟੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਨਵੰਬਰ 2008 ਵਿੱਚ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਆਈ ਐੱਲ ਓ) ਵਲੋਂ ਛਾਪੀ *ਗਲੋਬਲ ਵੇਜ ਰਿਪੋਰਟ 2008/09* ਵਿੱਚ ਭਵਿੱਖਬਾਣੀ ਕੀਤੀ ਗਈ ਹੈ ਕਿ ਆਉਣ ਵਾਲੇ ਸਮੇਂ ਵਿੱਚ ਦੁਨੀਆ ਭਰ ਵਿੱਚ ਮਜ਼ਦੂਰਾਂ/ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਵੱਡੀ ਪੱਧਰ ਉੱਤੇ ਕਮੀ ਆਵੇਗੀ। ਨਤੀਜੇ ਵੱਜੋਂ ਦੁਨੀਆਂ ਭਰ ਵਿੱਚ ਅਮੀਰਾਂ ਅਤੇ ਗਰੀਬਾਂ ਦੀ ਆਮਦਨ ਦੇ ਪਾੜੇ ਵਿੱਚ ਹੋਰ ਵਾਧਾ ਹੋਵੇਗਾ। ਰਿਪੋਰਟ ਵਿੱਚ ਇਹ ਵੀ ਸਿਫਾਰਿਸ਼ ਕੀਤੀ ਗਈ ਹੈ ਕਿ ਸਰਕਾਰਾਂ ਆਮ ਲੋਕਾਂ, ਮਜ਼ਦੂਰਾਂ ਅਤੇ ਕਰਮਚਾਰੀਆਂ ਲਈ ਵੀ ਸਟਿੱਮੂਲਸ ਪੈਕਜ ਦੇਵੇ ਜਿਸ ਵਿੱਚ ਤਨਖਾਹਾਂ ਵਿੱਚ ਵਾਧਾ, ਘੱਟੋ ਘੱਟ ਤਨਖਾਹਾਂ ਦੀ ਗਰੰਟੀ ਅਤੇ ਆਮਦਨ ਵਿੱਚ ਸਹਾਇਤਾ ਕਰਨ ਵਾਲੇ ਫਾਇਦੇ ਸ਼ਾਮਲ ਹੋਣ।

ਪਰ ਸਰਕਾਰਾਂ ਦਾ ਆਮ ਲੋਕਾਂ ਨੂੰ ਅਜਿਹੇ ਸਟਿੱਮੂਲੱਸ ਪੈਕਜ ਦੇਣ ਦਾ ਕੋਈ ਇਰਾਦਾ ਨਹੀਂ ਲੱਗਦਾ। ਉਹ ਆਮ ਲੋਕਾਂ ਨੂੰ ਅਜਿਹੇ ਪੈਕਜ ਉਨੀ ਦੇਰ ਤੱਕ ਨਹੀਂ ਦੇਣਗੀਆਂ, ਜਿੰਨੀ ਦੇਰ ਤੱਕ ਲੋਕ ਜਥੇਬੰਦ ਹੋ ਕੇ ਇਸ ਬਾਰੇ ਜਦੋਜਹਿਦ ਨਹੀਂ ਕਰਦੇ। ਇਸ ਲਈ ਜ਼ਰੂਰੀ ਹੈ ਕਿ ਆਮ ਲੋਕ ਜਥੇਬੰਦ ਹੋਣ ਅਤੇ ਸਰਕਾਰਾਂ ਤੋਂ ਮੰਗ ਕਰਨ ਕਿ ਉਹ ਸੰਕਟ ਦੀ ਇਸ ਸਥਿਤੀ ਵਿੱਚ ਆਮ ਲੋਕਾਂ ਦੇ ਹਿਤਾਂ ਵਿੱਚ ਕਦਮ ਚੁੱਕੇ ਨਾ ਕਿ ਉਹਨਾਂ ਲੋਕਾਂ ਦੇ ਹਿਤਾਂ ਵਿੱਚ ਜਿਹਨਾਂ ਨੇ ਇਹ ਸੰਕਟ ਪੈਦਾ ਕੀਤਾ ਹੈ। ਇਸ ਤੋਂ ਵੀ ਅਗਾਂਹ ਲੋਕਾਂ ਨੂੰ ਉਸ ਪ੍ਰਬੰਧ ਨੂੰ ਬਦਲਣ ਬਾਰੇ ਸੋਚਣਾ ਚਾਹੀਦਾ ਹੈ, ਜਿਸ ਪ੍ਰਬੰਧ ਅੰਦਰ ਇਸ ਤਰ੍ਹਾਂ ਦੇ ਸੰਕਟ ਦੇ ਬੀਜ਼ ਲੁਕੇ ਹੋਏ ਹਨ। ***

## ਜਾਣਕਾਰੀ ਦੇ ਸ੍ਰੋਤ:

ਇਸ ਲੇਖ ਵਿੱਚ ਵਰਤੀ ਬਹੁਤੀ ਜਾਣਕਾਰੀ ਜੌਹਨ ਬਲੇਮੀ ਫੌਸਟਰ ਅਤੇ ਫਰੈੱਡ ਮੈਗਡੌਫ ਦੀ ਹੇਠ ਲਿਖੀ ਕਿਤਾਬ ਵਿੱਚੋਂ ਲਈ ਗਈ ਹੈ:

Foster, John Bellamy and Magdoff, Fred (2009). The Great Financial Crisis: Causes and Consequences. New York: Monthly Review Press.

ਇਸ ਤੋਂ ਬਿਨਾਂ ਹੋਰ ਜਾਣਕਾਰੀ ਹੇਠ ਲਿਖੇ ਸ੍ਰੋਤਾਂ ਤੋਂ ਲਈ ਗਈ ਹੈ:

Bello, Walden (2009). The Global Collapse: a Non-orthodox View. Available at http://www.monthlyreview.org/mrzine/bello200209.html

Bradley, A. Blakeman (2009). Consumer Credit Card Debt Is the Next Economic Shoe to Drop in Financial Crisis. Available at http://www.usnews.com/articles/opinion/2009/03/10/consumer-credit-card-debt-is-the-next-economic-shoe-to-drop-in-financial-crisis.html

Foster, John Bellamy and Robert McChesney (2000). Working-Class Households and the Burden of Debt. Monthly Review, 52 (1), 1-11.

Parks, James (2008). Global Wages Decline; U.S. Income Gap Worst of Developed Countries. Available at http://blog.aflcio.org/2008/11/25/global-wages-decline-us-income-gap-worst-of-developed-countries/

Shierholz, Heidi (2009). Unemployment at highest rate in over 25 years. Available http://www.epi.org/publications/entry/jobspicture_20090306/

Silver-Greenbert, (2008). The Next Meltdown: Credit-Card Debt. Available at http://www.businessweek.com/magazine/content/08_42/b4104024799703.htm

Yates, Michael D (January 14, 2009). Employee Free Choice Act. Available at http://www.amazon.com/gp/blog/post/PLNKAUH1JE8WYF3B

Yates, Michael D (2004). Workers Looking for Jobs, Union Looking for Members. Monthly Review, 53 (11), 36-48.

Yates, Michael D (2002). Economic Crisis and the Crisis of US Labor. Monthly Review, 55 (11), 47-55.

ਸਫਰਨਾਮਾ

# ਚੀਨ ਵਿੱਚ ਸਤਾਰਾਂ ਦਿਨ

## ਸਾਧੂ ਬਿਨਿੰਗ

ਚੀਨ ਵਿੱਚ ਸਾਡਾ ਪਹਿਲਾ ਪੜਾਅ ਸ਼ੰਘਾਈ ਸੀ। ਅਜਮੇਰ ਰੋਡੇ, ਅੰਮ੍ਰਿਤ ਮਾਨ, ਦਰਸ਼ਨ ਮਾਨ ਤੇ ਮੈਂ ਅਕਤੂਬਰ ਗਿਆਰਾਂ (2008) ਨੂੰ ਰਾਤ ਦੇ ਗਿਆਰਾਂ ਕੁ ਵਜੇ ਆਪਣੇ ਹੋਟਲ ਵਿੱਚ ਪਹੁੰਚ ਗਏ।

ਸ਼ੰਘਾਈ ਬਹੁਤ ਵੱਡਾ ਸ਼ਹਿਰ ਹੈ। ਇਹ ਉੱਚੀਆਂ ਇਮਾਰਤਾਂ ਦਾ ਜੰਗਲ ਹੈ। ਪਰ ਇਹ ਜੰਗਲ ਹੈ ਸੋਹਣਾ, ਅੱਖਾਂ ਨੂੰ ਭਾਉਣ ਵਾਲਾ। ਏਥੋਂ ਦੀਆਂ ਨਵੀਂਆਂ ਇਮਾਰਤਾਂ ਦੇ ਨਮੂਨੇ ਬੜੇ ਕਲਾਤਮਿਕ ਹਨ ਅਤੇ ਇਹ ਕਨੇਡਾ ਅਮਰੀਕਾ ਦੇ ਸ਼ਹਿਰਾਂ ਦੀਆਂ ਉੱਚੀਆਂ ਇਮਾਰਤਾਂ ਨਾਲੋਂ ਦੇਖਣ ਨੂੰ ਸੋਹਣੀਆਂ ਲੱਗਦੀਆਂ ਹਨ।

ਇੱਕ ਅੰਦਾਜ਼ੇ ਅਨੁਸਾਰ ਸ਼ੰਘਾਈ ਵਿੱਚ 25 ਮਿਲੀਅਨ ਤੋਂ ਉੱਤੇ ਲੋਕ ਰਹਿੰਦੇ ਹਨ। ਚੀਨ ਵਿੱਚ ਪਿਛਲੇ ਵੀਹ ਪੱਚੀ ਸਾਲਾਂ ਦੌਰਾਨ ਕੁਝ ਲੋਕ ਬਹੁਤ ਅਮੀਰ ਹੋ ਗਏ ਹਨ। ਭਾਵੇਂ ਇਨ੍ਹਾਂ ਨਵੇਂ ਅਮੀਰਾਂ ਦੀ ਗਿਣਤੀ ਥੋੜ੍ਹੀ ਹੈ ਪਰ ਇਨ੍ਹਾਂ ਦੀ ਅਮੀਰੀ ਦਿਸਦੀ ਹੈ। ਇਸ ਦੇ ਉਲਟ ਏਥੇ ਆਮ ਬੰਦੇ ਦੀ ਗਰੀਬੀ ਬਹੁਤੀ ਦਿਸਦੀ ਨਹੀਂ, ਜਿਵੇਂ ਕਿ ਭਾਰਤ ਵਿੱਚ ਦਿਸਦੀ ਹੈ। ਲੋਕਾਂ ਦੇ ਕੱਪੜੇ ਸਾਫ ਸੁਥਰੇ ਹਨ ਤੇ ਉਹ ਦੇਖਣ ਨੂੰ ਚੰਗੇ ਬਣਦੇ ਫਬਦੇ ਲਗਦੇ ਹਨ। ਜਿਸ ਤਰ੍ਹਾਂ ਕੋਈ ਬਹੁਤ ਗੰਦੀ ਜਗ੍ਹਾ ਤੁਹਾਡਾ ਮੱਲੋ ਮੱਲੀ ਧਿਆਨ ਖਿੱਚਦੀ ਹੈ ਉਸੇ ਤਰ੍ਹਾਂ ਕੋਈ ਨਿਹਾਇਤ ਹੀ ਸਾਫ ਜਗ੍ਹਾ ਵੀ ਤੁਹਾਡਾ ਧਿਆਨ ਖਿੱਚ ਸਕਦੀ ਹੈ। ਇਹ ਅਹਿਸਾਸ ਸਾਨੂੰ ਚੀਨ ਦੇ ਵੱਡੇ ਸ਼ਹਿਰਾਂ ਵਿਚਲੇ ਨਵੇਂ ਇਲਾਕਿਆਂ ਅਤੇ ਨਵੀਂਆਂ ਸੜਕਾਂ ਵੱਲ ਦੇਖ ਕੇ ਕਈ ਵਾਰ ਹੋਇਆ। ਉਂਜ ਜਿੱਥੇ ਬਿਲੀਅਨ ਲੋਕ ਪਿੰਡਾਂ ਵਿੱਚ ਰਹਿੰਦੇ ਹੋਣ ਤੇ ਗਰੀਬੀ ਦਾ ਸ਼ਿਕਾਰ ਹੋਣ ਉੱਥੇ ਇਸ ਕਿਸਮ ਦੀ ਸਫਾਈ ਦੀ ਆਸ ਹਰ ਜਗ੍ਹਾ ਨਹੀਂ ਰੱਖੀ ਜਾ ਸਕਦੀ।

ਚੀਨ ਵਿੱਚ ਪਹਿਲੇ ਹੀ ਦਿਨ ਜਿਹੜੀ ਚੀਜ਼ ਨੇ ਵਿਸ਼ੇਸ਼ ਤੌਰ 'ਤੇ ਮੇਰਾ ਧਿਆਨ ਖਿੱਚਿਆ ਉਹ ਸੀ ਕਿ ਜੀਵਨ ਦੇ ਆਮ ਕੰਮਾਂ ਕਾਰਾਂ ਵਿੱਚ ਵਿਚਰ ਰਹੇ ਲੋਕਾਂ ਦੇ ਪਹਿਰਾਵੇ ਤੇ ਦਿੱਖ ਵਿੱਚ ਕਿਸੇ ਵੀ ਕਿਸਮ ਦਾ ਕੋਈ ਧਾਰਮਿਕ ਚਿੰਨ ਜਾਂ ਵਿਖਾਵਾ ਨਜ਼ਰ ਨਹੀਂ ਆਉਂਦਾ। ਕੋਈ ਵੀ ਵਿਅਕਤੀ ਕੱਪੜਿਆਂ ਰਾਹੀਂ ਜਾਂ ਸਰੀਰ 'ਤੇ ਚਿਪਕਾਏ ਕਿਸੇ ਚਿੰਨ ਰਾਹੀਂ ਆਪਣੇ ਧਰਮ ਦੀ ਪ੍ਰਦਰਸ਼ਨੀ ਕਰਦਾ ਨਜ਼ਰ ਨਹੀਂ ਆਉਂਦਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੀਨ ਵਿੱਚ ਵੀ ਥਾਂ ਥਾਂ ਬੁੱਧ, ਕੰਨਫਿਊਸ਼ੀਅਸ, ਟਾਓਵਾਦ ਆਦਿ ਨਾਲ ਸਬੰਧਤ ਪੁਰਾਣੇ ਮੰਦਰ (ਟੈਂਪਲ) ਹਨ ਤੇ ਇਸਾਈ ਮੱਤ ਨਾਲ ਸਬੰਧਤ ਗਿਰਜੇ ਵੀ ਪਰ ਇਨ੍ਹਾਂ ਸਭਨਾਂ ਵਿੱਚੋਂ ਉਸ ਕਿਸਮ ਦੇ ਜਥੇਬੰਦਕ ਧਰਮ ਦਾ ਝਾਉਲਾ ਨਹੀਂ ਪੈਂਦਾ ਜਿਸ ਕਿਸਮ ਦਾ ਭਾਰਤ ਵਿੱਚ ਪੈਂਦਾ ਹੈ। ਧਾਰਮਿਕ ਨਜ਼ਰੀਏ ਵਾਲੇ ਲੋਕਾਂ ਅਨੁਸਾਰ ਇਸ ਪਿੱਛੇ ਕਮਿਊਨਿਸਟ ਸਰਕਾਰ ਦੀ ਕਰੜੀ ਧਰਮ ਵਿਰੋਧੀ ਨੀਤੀ ਹੈ।



### ਐਤਵਾਰ, 12, ਅਕਤੂਬਰ

ਸਾਰਾ ਦਿਨ ਸ਼ੰਘਾਈ ਸ਼ਹਿਰ 'ਚ ਘੁੰਮਦਿਆਂ ਲੰਘਾਇਆ। ਦਿਨ ਬਹੁਤ ਸੋਹਣਾ ਸੀ ਖਾਸ ਕਰ ਕਨੇਡਾ ਤੋਂ ਗਿਆਂ ਵਾਸਤੇ। ਸ਼ੁਰੂ ਸ਼ੁਰੂ 'ਚ ਧੁੱਪ ਕੁਝ ਰੜਕੀ ਪਰ ਫੇਰ ਹਲਕੀ ਹਵਾ ਨਾਲ ਮੌਸਮ ਖੁਸ਼ਗਵਾਰ ਹੋ ਗਿਆ। ਅਸੀਂ ਪਹਿਲਾਂ

ਸ਼ੰਘਾਈ ਦੇ ਅਜਾਇਬ ਘਰ ਜਾਣ ਦੀ ਸੋਚੀ। ਟੈਕਸੀ ਵਾਲੇ ਨੂੰ ਸਾਡੀ ਅੰਗ੍ਰੇਜ਼ੀ ਦੀ ਬਹੁਤੀ ਸਮਝ ਨਾ ਲੱਗੀ ਤੇ ਉਹ ਸਾਨੂੰ ਅਜਾਇਬ ਘਰ (ਮਿਊਜ਼ੀਅਮ) ਦੀ ਥਾਂ, ਮਿਊਜ਼ਿਕ ਹਾਲ ਅੱਗੇ ਉਤਾਰ ਗਿਆ। ਪਰ ਚੰਗੀ ਗੱਲ ਇਹ ਹੋਈ ਕਿ ਅਜਾਇਬ ਘਰ ਵੀ ਉੱਥੋਂ ਨਜ਼ਦੀਕ ਹੀ ਸੀ। ਅੰਗ੍ਰੇਜ਼ੀ ਜਾਨਣ ਵਾਲੇ ਇੱਕ ਬੜੇ ਹੀ ਮਿਲਾਪੜੇ ਬੰਦੇ ਨੇ ਸਾਨੂੰ ਸਹੀ ਦਿਸ਼ਾ ਵਲ ਤੋਰ ਦਿੱਤਾ। ਅਸੀਂ ਸੜਕ ਦੇ ਉੱਪਰ ਦੀ ਬਣੇ ਹੋਏ ਰਸਤੇ (ਪੁਲ਼/ਓਵਰਪਾਸ) ਨੂੰ ਪਾਰ ਕਰਕੇ ਦੂਜੇ ਪਾਸੇ ਪਹੁੰਚੇ। ਸੜਕ ਪਾਰ ਕਰਨ ਲਈ ਓਵਰਪਾਸ ਹਰ ਜਗ੍ਹਾ ਬਣੇ ਹੋਏ ਹੁੰਦੇ ਹਨ ਪਰ ਚੀਨ ਵਿਚਲੇ ਇਹ ਓਵਰਪਾਸ ਮੱਲੋ ਮੱਲੀ ਤੁਹਾਡਾ ਧਿਆਨ ਖਿੱਚਦੇ ਹਨ। ਸੜਕਾਂ ਚੌੜੀਆਂ ਹੋਣ ਕਾਰਨ ਇਹ ਪੁਲ਼ ਕਾਫੀ ਲੰਬਾਈ ਵਾਲੇ ਹੁੰਦੇ ਹਨ। ਇਹ ਚੌਹਾਂ ਦਿਸ਼ਾਵਾਂ ਵਿੱਚੋਂ ਆਉਂਦੇ ਹਨ ਤੇ ਚੁਰਾਹੇ ਦੇ ਵਿਚਾਲੇ ਇੱਕ ਦੂਜੇ ਨੂੰ ਕੱਟਦੇ ਹਨ ਜਾਂ ਕਹਿ ਲਓ ਮਿਲਦੇ ਹਨ ਤੇ ਫੇਰ ਚੌਹਾਂ ਦਿਸ਼ਾਵਾਂ ਵੱਲ ਚਲੇ ਜਾਂਦੇ ਹਨ। ਇਹ ਉੱਪਰੋਂ ਛੱਤੇ ਹੋਏ ਹੁੰਦੇ ਹਨ ਤੇ ਇਨ੍ਹਾਂ 'ਤੇ ਤੁਰਨਾ ਆਮ ਚੁਰੱਸਤਿਆਂ ਦੇ ਭੀੜ-ਭੜੱਕੇ ਤੇ ਕਾਹਲੀ ਵਾਲਾ ਨਹੀਂ ਹੁੰਦਾ। ਅਜਿਹੇ ਓਵਰਪਾਸ ਚੀਨ ਦੇ ਹਰ ਵੱਡੇ ਸ਼ਹਿਰ ਵਿੱਚ ਆਮ ਹਨ। ਕਈ ਥਾਈਂ ਸੜਕਾਂ ਪਾਰ ਕਰਨ ਲਈ ਓਵਰਪਾਸ ਦੀ ਜਗ੍ਹਾ ਸੜਕਾਂ ਦੇ ਥੱਲਿਓਂ ਦੀ ਸੁਰੰਗਾਂ ਵੀ ਕੱਢੀਆਂ ਹੋਈਆਂ ਹਨ ਤੇ ਕਈ ਥਾਈਂ ਇਨ੍ਹਾਂ ਸੁਰੰਗਾਂ 'ਚ ਬਾਜ਼ਾਰ ਬਣੇ ਹੋਏ ਹਨ। ਕਈ ਵਾਰੀ ਇਨ੍ਹਾਂ ਦਾ ਜਾਲ ਏਨਾਂ ਗੁੰਝਲਦਾਰ ਹੁੰਦਾ ਹੈ ਕਿ ਨਕਸ਼ਾ ਦੇਖੇ ਬਿਨਾਂ ਗੱਲ ਨਹੀਂ ਬਣਦੀ।

ਸ਼ੰਘਾਈ ਦੇ ਇਸ ਚਾਰ ਮੰਜ਼ਲੇ ਅਜਾਇਬ ਘਰ ਵਿੱਚ ਚੀਨ ਦੇ ਪਿਛਲੇ ਸੱਤ ਅੱਠ ਹਜ਼ਾਰ ਸਾਲ ਤੱਕ ਦੇ ਜੀਵਨ ਬਾਰੇ ਸੂਹ ਦਿੰਦੇ ਅਨੇਕਾਂ ਕਿਸਮਾਂ ਦੇ ਪੱਥਰ ਤੇ ਧਾਤ ਦੇ ਹਥਿਆਰ, ਭਾਂਡੇ ਤੇ ਹੋਰ ਵਰਤੋਂ ਵਾਲੀਆਂ ਚੀਜ਼ਾਂ ਦੇ ਨਾਲ ਨਾਲ ਕਲਾਤਮਿਕ ਚਿੰਨ ਬਹੁਤ ਸਲੀਕੇ ਤੇ ਸੂਝ ਨਾਲ ਸਾਂਭੇ ਪਏ ਹਨ। ਅਜਾਇਬ ਘਰ ਵਿੱਚੋਂ ਹਰ ਦਰਸ਼ਕ ਚੀਨ ਦੀ ਪ੍ਰਾਚੀਨ ਸਭਿਅਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਨਿਕਲਦਾ ਹੈ। ਏਥੇ ਵੀ ਇਹ ਗੱਲ ਨੋਟ ਕਰਨੋਂ ਨਹੀਂ ਰਿਹਾ ਜਾਂਦਾ ਕਿ ਅਜਾਇਬ ਘਰ ਵਿੱਚ ਪੁਰਾਣੀਆਂ ਚੀਜ਼ਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਉਨ੍ਹਾਂ ਤੋਂ ਸਭਿਆਚਾਰ ਦਾ ਪ੍ਰਭਾਵ ਪੈਂਦਾ ਹੈ ਧਰਮ ਜਾਂ ਧਾਰਮਿਕ ਚਿੰਨਾਂ ਦਾ ਨਹੀਂ। ਇਹ ਗੱਲ ਦੁਨੀਆਂ ਦੇ ਹੋਰ ਬਹੁਤ ਸਾਰੇ ਅਜਾਇਬ ਘਰਾਂ ਬਾਰੇ ਕਹਿਣੀ ਸੰਭਵ ਨਹੀਂ। ਬਹੁਤੀ ਵਾਰੀ ਪੁਰਾਣੀਆਂ ਤਸਵੀਰਾਂ (ਪੇਟਿੰਗਜ਼), ਖਾਸ ਕਰ ਯੂਰਪ ਵਿੱਚ, ਮੁੱਖ ਤੌਰ 'ਤੇ ਇਸਾਈ ਮੱਤ ਨਾਲ ਸਬੰਧਤ ਹੁੰਦੀਆਂ ਹਨ। ਤੇ ਇੱਕ ਆਮ ਗੈਰ-ਧਾਰਮਿਕ ਜਾਂ ਗੈਰ-ਇਸਾਈ ਬੰਦੇ ਲਈ ਉਨ੍ਹਾਂ ਤਸਵੀਰਾਂ ਨੂੰ ਦੇਖਣ 'ਚ ਕੁਝ ਖਾਸ ਸੁਆਦ ਨਹੀਂ ਆਉਂਦਾ। ਪਰ ਚੀਨ ਦੇ ਇਸ ਅਜਾਇਬ ਘਰ ਦਾ ਪ੍ਰਭਾਵ ਬਿਲਕੁਲ ਹੀ ਵੱਖਰਾ ਸੀ।

ਸ਼ਾਮ ਨੂੰ ਸਾਡੇ ਬਾਕੀ ਦੇ ਚਾਰ ਸਾਥੀ ਵੀ ਕਨੇਡਾ ਤੋਂ ਸ਼ੰਘਾਈ ਪਹੁੰਚ ਗਏ। ਇਸ ਵਿੱਚ ਟੋਨੀ ਕੂਓ ਨਾਂ ਦਾ ਵਿਅਕਤੀ ਤੈਵਾਨ ਤੋਂ ਚੀਨੀ ਮੂਲ ਦਾ ਹੈ ਜੋ ਹੁਣ ਬਰਨਬੀ ਵਿੱਚ ਰਹਿੰਦਾ ਹੈ। ਇਹ ਟਰਿੱਪ ਮੁੱਖ ਤੌਰ 'ਤੇ ਟੋਨੀ ਨੇ ਹੀ ਉਲੀਕੀਆ ਸੀ। ਉਸ ਦੇ ਨਾਲ ਕੰਮ ਕਰਦੀ ਔਰਤ ਜੋਐਨ ਮਕਲਸਕੀ ਵਕੀਲ ਹੈ ਤੇ ਵੈੱਸਟ ਵੈਨਕੂਵਰ ਰਹਿੰਦੀ ਹੈ। ਇੱਕ ਅਣਵਿਆਹਿਆ ਜੋੜਾ ਮਾਰੀਓ ਮਿਟਜ਼ੇ ਤੇ ਡੈਬਰਾ ਹੋਏ। ਮਾਰੀਓ ਕੁਝ ਹੀ ਵਰ੍ਹੇ ਪਹਿਲਾਂ ਜਰਮਨੀ ਤੋਂ ਕਨੇਡਾ ਆਇਆ ਹੈ ਤੇ ਡੈਬਰਾ ਕਨੇਡਾ 'ਚ ਜੰਮੀ ਪਲੀ ਚੀਨੀ ਮੂਲ ਦੀ ਹੈ। ਇਸ ਤਰ੍ਹਾਂ ਅਸੀਂ ਸੱਤ ਜਣੇ ਬਰਨਬੀ ਤੋਂ ਸਾਂ ਤੇ ਇੱਕ ਵੈੱਸਟ ਵੈਨਕੂਵਰ ਤੋਂ। ਸਾਡੇ ਵਿੱਚੋਂ ਟੋਨੀ ਕੂਓ, ਦਰਸ਼ਨ ਮਾਨ ਤੇ ਮਾਰੀਓ ਮਿਟਜ਼ੇ ਲਾਇਨਜ਼ ਕਲੱਬ ਦੀ ਬਰਨਬੀ ਐਡਮੰਡ ਬਰਾਂਚ ਦੇ ਅਹੁਦੇਦਾਰ ਹਨ। ਇਨ੍ਹਾਂ ਨੇ ਆਪਣੇ ਉੱਦਮ ਨਾਲ ਚਾਲੀ ਹਜ਼ਾਰ ਤੋਂ ਉੱਪਰ ਕਿਤਾਬਾਂ ਇਕੱਠੀਆਂ ਕਰਕੇ ਚੀਨ ਦੇ ਹੁਨਾਨ ਸੂਬੇ ਦੀ ਲਾਇਬ੍ਰੇਰੀ ਅਤੇ ਇੱਕ ਹੋਰ ਸ਼ਹਿਰ ਦੀ ਲਾਇਬ੍ਰੇਰੀ ਨੂੰ ਸਹਾਇਤਾ ਵਜੋਂ ਦਿੱਤੀਆਂ ਹਨ। ਇਸ ਦੇ ਨਾਲ ਹੀ ਇਨ੍ਹਾਂ ਨੇ ਇੱਕ ਕੈਨੇਡਾ ਚੀਨ ਦੋਸਤੀ ਵਾਲੀ ਜਥੇਬੰਦੀ ਬਣਾਈ ਹੋਈ ਹੈ ਜਿਸ ਨੇ ਹੁਨਾਨ ਜ਼ਿਲੇ ਦੇ ਹੀ ਇੱਕ ਬਹੁਤ ਗਰੀਬ ਪਿੰਡ ਦੇ ਸਕੂਲ ਦੀ ਇਮਾਰਤ ਠੀਕ ਕਰਨ ਅਤੇ ਸਕੂਲ ਲਈ ਹੋਰ ਲੋੜੀਂਦੀਆਂ ਵਸਤਾਂ ਦੇਣ ਵਿੱਚ ਪੈਸੇ ਨਾਲ ਸਹਾਇਤਾ ਕੀਤੀ ਹੈ। ਚੀਨ ਦੀ ਇਸ ਫੇਰੀ ਦਾ ਮਕਸਦ ਇਨ੍ਹਾਂ ਲਾਇਬ੍ਰੇਰੀਆਂ ਅਤੇ ਇਸ ਪਿੰਡ ਜਾਣਾ ਵੀ ਸੀ। ਇਸ ਬਾਰੇ ਹੋਰ ਵਿਸਥਾਰ ਵਿੱਚ ਚਰਚਾ ਬਾਅਦ ਵਿੱਚ ਕੀਤੀ ਜਾਵੇਗੀ।

ਅੱਜ ਸ਼ਾਮ ਸਾਨੂੰ ਉਨ੍ਹਾਂ ਲੋਕਾਂ ਵਲੋਂ ਖਾਣੇ ਦੀ ਦਾਅਵਤ ਸੀ ਜੋ ਬਰਨਬੀ ਵਾਲੇ ਇਨ੍ਹਾਂ ਦੋਸਤਾਂ ਨਾਲ ਮਿਲ ਕੇ ਕੰਮ ਕਰਦੇ ਹਨ। ਇਹ ਦਾਅਵਤ ਸਾਡੇ ਹੋਟਲ ਤੋਂ ਕਾਫੀ ਦੂਰ ਕਿਸੇ ਰੈਸਟੋਰੈਂਟ ਵਿੱਚ ਸੀ। ਉੱਥੇ ਜਾਣ ਲਈ ਅਸੀਂ ਪਹਿਲਾਂ ਹੋਟਲ ਤੋਂ ਟੈਕਸੀ ਲਈ ਤੇ ਫੇਰ ਸਥਾਨਕ ਗੱਡੀ। ਰੈਸਟੋਰੈਂਟ ਆਪਣੇ ਆਪ ਵਿੱਚ ਦਿਲਚਸਪ ਥਾਂ ਸੀ। ਰੈਸਟੋਰੈਂਟ ਦੇ ਅੰਦਰ ਵੜਦਿਆਂ ਹੀ ਮਾਓ ਦਾ ਇੱਕ ਦਸ ਗਿਆਰਾਂ ਫੁੱਟ ਉੱਚਾ ਲਾਲ ਰੰਗ ਦਾ ਬੁੱਤ ਸਾਡਾ ਸਵਾਗਤ ਕਰਦਾ ਜਾਪਿਆ। ਵੱਡੇ ਹਾਲ ਕਮਰੇ ਤੇ ਛੋਟੇ ਕਮਰਿਆਂ ਦੀਆਂ ਕੰਧਾਂ ਨਾਲ ਪੁਰਾਣੀਆਂ ਖਰਾਦ ਦੀਆਂ ਮਸ਼ੀਨਾਂ ਅਤੇ ਕੰਮ ਨਾਲ ਸਬੰਧਤ ਹੋਰ ਬਹੁਤ ਸਾਰਾ ਸਮਾਨ ਨੁਮਾਇਸ਼ ਵਜੋਂ ਸਲੀਕੇ ਨਾਲ ਸਾਂਭਿਆ ਹੋਇਆ ਸੀ।

ਖਾਣੇ ਸਮੇਂ ਸਾਰਿਆਂ ਦੀ ਜਾਣ ਪਛਾਣ ਕਰਾਉਣ ਬਾਅਦ ਉਲੀਕੇ ਟਰਿੱਪ ਬਾਰੇ ਜਾਣਕਾਰੀ ਦਿੱਤੀ। ਬਰਨਬੀ ਵਿੱਚ ਕਿਤਾਬਾਂ ਇਕੱਠੀਆਂ ਕਰਨ, ਸਾਂਭਣ ਤੇ ਚੀਨ ਨੂੰ ਭੇਜਣ ਸਬੰਧੀ ਇੱਕ ਵੀਡੀਓ ਦਿਖਾਈ ਗਈ। ਅਸੀਂ ਰਾਤ ਦੇ ਦਸ ਕੁ ਵਜੇ ਰੈਸਟੋਰੈਂਟ ਤੋਂ ਵਾਪਿਸ ਆਪਣੇ ਹੋਟਲ ਵਿੱਚ ਪਹੁੰਚੇ। ਮੈਂ ਤੇ ਅਜਮੇਰ ਕੁਝ ਦੇਰ ਸੈਰ ਕਰਨ ਲਈ ਹੋਟਲ ਤੋਂ ਬਾਹਰ ਨਿਕਲੇ। ਅਸੀਂ ਜਿਸ ਸੜਕ 'ਤੇ ਗਏ ਉਸ ਦੇ ਕੰਢੇ 'ਤੇ ਏਨੀ ਰੌਸ਼ਨੀ ਨਹੀਂ ਸੀ ਪਰ ਉੱਥੇ ਰੇਹੜੀਆਂ 'ਤੇ ਖਾਣਾ ਬਣਾ ਕੇ ਵੇਚਣ ਵਾਲਿਆਂ ਅਤੇ ਖਾਣ

ਵਾਲਿਆਂ ਦੀ ਰੌਣਕ ਸੀ। ਦਿਨ ਵੇਲੇ ਇਸ ਜਗ੍ਹਾ ਇਹ ਰੇਹੜੀਆਂ ਨਹੀਂ ਸਨ। ਚਾਲੀ ਪੰਤਾਲੀ ਮਿੰਟ ਦੀ ਸੈਰ ਦੌਰਾਨ, ਰਾਤ ਦੇ ਸਮੇਂ, ਅਣਜਾਣ ਬੋਲੀ ਤੇ ਲੋਕਾਂ ਵਿੱਚ ਵੀ ਸਾਨੂੰ ਕਿਸੇ ਕਿਸਮ ਦਾ ਡਰ ਜਾਂ ਓਪਰਾਪਨ ਮਹਿਸੂਸ ਨਹੀਂ ਹੋਇਆ ਜਿਸ ਤਰ੍ਹਾਂ ਕਿ ਕਨੇਡਾ ਅਮਰੀਕਾ ਦੇ ਆਮ ਸ਼ਹਿਰਾਂ 'ਚ ਰਾਤ ਵੇਲੇ ਮਹਿਸੂਸ ਹੁੰਦਾ ਹੈ ਜਾਂ ਹੋ ਸਕਦਾ ਹੈ।

ਹੋਟਲ ਦੇ ਕਮਰੇ ਵਿੱਚ ਵਾਪਿਸ ਆ ਕੇ ਅਜਮੇਰ ਬਰੱਸ਼ ਵਗੈਰਾ ਕਰਨ ਵਾਸਤੇ ਬਾਥਰੂਮ ਵਿੱਚ ਚਲਾ ਗਿਆ ਤੇ ਮੈਂ ਟੀ ਵੀ ਦੇ ਚੈਨਲ ਬਦਲਣ ਲੱਗਾ। ਫੋਨ ਦੀ ਘੰਟੀ ਵੱਜੀ। ਮੇਰੀ ਹੈਲੋ ਦਾ ਜਵਾਬ ਇੱਕ ਜ਼ਨਾਨਾ ਆਵਾਜ਼ ਨੇ ਦਿੱਤਾ। ਉਹ ਟੁੱਟੀ ਫੁੱਟੀ ਅੰਗ੍ਰੇਜ਼ੀ ਵਿੱਚ ਕੁਝ ਕਹਿ ਰਹੀ ਸੀ। ਉਹਦੀ ਗੱਲ 'ਚੋਂ 'ਮੈਸੇਜ' ਵਰਗੇ ਕਿਸੇ ਸ਼ਬਦ ਦੀ ਕੁਝ ਸਮਝ ਲੱਗੀ ਤਾਂ ਮੈਂ ਸੋਚਿਆ ਦਰਸ਼ਨ ਜਾਂ ਟੋਨੀ ਦਾ ਕੋਈ ਸੁਨੇਹਾ ਹੋਵੇਗਾ। ਔਰਤ ਨੇ ਆਪਣੀ ਗੱਲ ਦੇ ਅਖੀਰ 'ਚ ਇੱਕ ਦੋ ਵਾਰ ਓਕੇ ਓਕੇ ਦੁਹਰਾਇਆ ਤੇ ਗੱਲ ਨੂੰ ਖਤਮ ਕਰਨ ਦੇ ਇਰਾਦੇ ਨਾਲ ਮੈਂ ਵੀ ਓਕੇ ਕਹਿ ਦਿੱਤਾ ਤੇ ਫੋਨ ਰੱਖ ਦਿੱਤਾ। ਦੋ ਕੁ ਮਿੰਟ ਬਾਅਦ ਕਮਰੇ ਦੇ ਦਰਵਾਜ਼ੇ 'ਤੇ ਦਸਤਕ ਹੋਈ। ਦਰਵਾਜਾ ਖੋਲ੍ਹਣ 'ਤੇ ਸਾਹਮਣੇ ਜੀਨ ਤੇ ਹਲਕੇ ਨੀਲੇ ਜਿਹੇ ਨੀਲੇ ਰੰਗ ਦੇ ਬਲਾਊਜ਼ 'ਚ ਬਹੁਤ ਹੀ ਸਾਦੀ ਦਿਸਦੀ ਇੱਕ ਵੀਹ ਬਾਈ ਸਾਲ ਦੀ ਕੁੜੀ ਖੜ੍ਹੀ ਸੀ। ਉਹਦੇ ਚਿਹਰੇ 'ਤੇ ਸੁਰਖੀ ਪਾਊਡਰ ਜਾਂ ਉਹਦੀ ਦਿੱਖ ਵਿੱਚ ਕਿਸੇ ਕਿਸਮ ਦੀ ਵੀ ਕੋਈ ਗੱਲ ਨਹੀਂ ਸੀ ਜਿਹੜੀ ਮੈਨੂੰ ਇਸ ਗੱਲ ਦਾ ਭੁਲੇਖਾ ਪਾਉਂਦੀ ਕਿ ਮੇਰੇ ਸਾਹਮਣੇ ਇੱਕ ਵੇਸਵਾ ਆਪਣਾ ਸਰੀਰ ਵੇਚਣ ਦੀ ਆਸ ਵਿੱਚ ਖੜ੍ਹੀ ਹੈ। ਅਸਲੀਅਤ ਇਹ ਸੀ ਕਿ ਉਹਦੇ ਵਲੋਂ ਕਹੇ ਸ਼ਬਦ 'ਮਸਾਜ' ਨੂੰ ਮੈਂ ਗਲਤੀ ਨਾਲ 'ਮੈਸੇਜ' ਸਮਝ ਗਿਆ ਸੀ। ਉਹਨੇ ਹੱਥਾਂ ਦੇ ਇਸ਼ਾਰਿਆਂ ਨਾਲ ਅਤੇ ਆਪਣੀ ਸੀਮਤ ਅੰਗ੍ਰੇਜ਼ੀ ਨਾਲ ਆਪਣਾ ਮਕਸਦ ਦੱਸਦਿਆ ਕਿਹਾ, "ਮੈਸਾਜ, ਸੈਕਸ, ਐਨੀਥਿੰਗ"। ਇਹ ਕਹਿੰਦਿਆਂ ਉਸ ਮੱਲੋ ਮੱਲੀ ਕਮਰੇ ਦੇ ਅੰਦਰ ਆਉਣ ਲਈ ਕਦਮ ਵਧਾਏ। ਅਸਲੀਅਤ ਦਾ ਤੇ ਆਪਣੀ ਗਲਤੀ ਦਾ ਅਹਿਸਾਸ ਹੁੰਦਿਆਂ ਹੀ ਮੈਂ ਉਹਨੂੰ 'ਨੋ ਨੋ' ਕਰਦਿਆਂ ਦਰਵਾਜੇ ਤੋਂ ਬਾਹਰ ਕਰਕੇ, ਥੈਂਕਿਊ ਕਹਿ ਕੇ ਦਰਵਾਜਾ ਬੰਦ ਕਰ ਲਿਆ।

ਚੀਨੀ ਜੀਵਨ ਦੇ ਇਸ ਪੱਖ ਬਾਰੇ ਬਾਅਦ ਵਿੱਚ ਸਾਨੂੰ ਕਈ ਕਿਸਮ ਦੀ ਜਾਣਕਾਰੀ ਮਿਲਦੀ ਰਹੀ ਤੇ ਨਵੇਂ ਨਵੇਂ ਤਜਰਬੇ ਹੁੰਦੇ ਰਹੇ। ਬਹੁਤੇ ਹੋਟਲਾਂ ਵਿੱਚ ਇਹ ਧੰਦਾ ਹੋਟਲਾਂ ਦੇ ਸਟਾਫ ਦੀ ਸਹਿਮਤੀ ਨਾਲ ਹੁੰਦਾ ਹੈ। ਸਟਾਫ ਵਾਲੇ ਵੇਸਵਾਵਾਂ ਨੂੰ ਇਹ ਜਾਣਕਾਰੀ ਦਿੰਦੇ ਹਨ ਕਿ ਕਿਹੜੇ ਕਮਰਿਆਂ ਵਿੱਚ ਕੱਲੇ ਕਹਿਰੇ ਮਰਦ ਠਹਿਰੇ ਹੋਏ ਹਨ। ਇੱਕ ਹੋਟਲ ਵਿੱਚ ਅਸੀਂ ਹੋਟਲ ਵਾਲਿਆਂ ਨੂੰ ਦੱਸੇ ਬਿਨਾਂ ਜੋਐਨ ਨਾਲ ਆਪਣਾ ਕਮਰਾ ਬਦਲ ਲਿਆ ਤੇ ਸਾਡੀ ਥਾਂ ਉਸ ਵਿਚਾਰੀ ਨੂੰ ਫੋਨ ਚੁੱਕਣਾ ਪਿਆ ਤੇ ਉਹ ਅਗਲੀ ਸਵੇਰ ਕਾਫੀ ਖਫਾ ਹੋਈ ਫਿਰਦੀ ਸੀ।

### ਸ਼ੰਘਾਈ, ਸੋਮਵਾਰ, 13 ਅਕਤੂਬਰ

ਸਵੇਰੇ ਉੱਠ ਕੇ ਅਸੀਂ ਸ਼ੰਘਾਈ ਦੀਆਂ ਨਵੀਆਂ ਇਮਾਰਤਾਂ ਵਿੱਚੋਂ ਸਿਰਤਾਜ ਇਮਾਰਤ ਔਰੀਐਂਟਲ ਪਰਲ ਟੀ ਵੀ ਟਾਵਰ ਦੇਖਣ ਗਏ। ਇਹ ਟਾਵਰ ਏਸ਼ੀਆਂ ਭਰ ਵਿੱਚੋਂ ਸਭ ਤੋਂ ਉੱਚਾ ਅਤੇ ਦੁਨੀਆਂ ਵਿੱਚੋਂ ਤੀਜੇ ਨੰਬਰ 'ਤੇ ਹੈ। ਸਾਡੇ ਗਾਈਡ ਐਰਿਕ ਨੇ ਇਹ ਗੱਲ ਵਿਸ਼ੇਸ਼ ਮਾਣ ਨਾਲ ਦੱਸੀ ਕਿ ਇਹ ਇਮਾਰਤ ਖਿਆਲ ਤੋਂ ਲੈ ਕੇ ਉਸਾਰੀ ਤੱਕ ਹਰ ਪਹਿਲੂ ਤੋਂ ਸੌ ਪ੍ਰਤੀਸ਼ੱਤ ਚੀਨੀ ਲੋਕਾਂ ਦੀ ਸਿਰਜਣਾ ਹੈ। ਉਸ ਅਨੁਸਾਰ ਇਹ ਰੂਸੀਆਂ ਵਲੋਂ ਚੀਨੀ ਲੋਕਾਂ ਨੂੰ ਮਾਰੇ ਕਿਸੇ ਤਾਹਨੇ ਦੇ ਜਵਾਬ ਵਜੋਂ ਉਸਾਰੀ ਗਈ ਹੈ। ਇਸ ਉੱਪਰੋਂ ਸ਼ੰਘਾਈ ਸ਼ਹਿਰ ਤੇ ਇਸ ਦੁਆਲੇ ਵਲ ਪਾ ਕੇ ਵਹਿੰਦੇ ਹੁਆਂਗਪੂ ਦਰਿਆ ਦਾ ਨਜ਼ਾਰਾ ਬੜਾ ਦਿਲਕਸ਼ ਹੈ।

ਲੰਚ ਤੋਂ ਬਾਅਦ ਅਸੀਂ ਸ਼ੰਘਾਈ ਦੀ ਮਸ਼ਹੂਰ ਸਟਰੀਟ ਨੈਨਜਿੰਗ 'ਤੇ ਗਏ। ਇਸ ਨੂੰ ਚੀਨ ਦੀ ਸਭ ਤੋਂ ਪਹਿਲੀ ਕਮੱਰਸ਼ੀਅਲ ਸਟਰੀਟ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਮੀਲ ਕੁ ਲੰਮੇ ਹਿੱਸੇ ਨੂੰ ਹੁਣ ਟਰੈਫਿਕ ਵਾਸਤੇ ਬੰਦ ਕੀਤਾ ਹੋਇਆ ਹੈ ਤੇ ਸਿਰਫ ਪੈਦਲ ਹੀ ਚੱਲਿਆ ਜਾ ਸਕਦਾ ਹੈ। ਏਥੇ ਮੇਲੇ ਵਰਗਾ ਮਾਹੌਲ ਸੀ। ਬੱਚੇ-ਬੁੱਢੇ, ਮਰਦ-ਔਰਤਾਂ, ਦੇਸੀ-ਬਦੇਸੀ, ਹਰ ਕਿਸਮ ਦੇ ਲੋਕ ਖ੍ਰੀਦੋ ਫ੍ਰੋਖਤ ਕਰਦੇ ਤੇ ਗੱਪਾਂ ਮਾਰਦੇ ਤੁਰੇ ਫਿਰਦੇ ਸਨ। ਸਾਡੇ ਬਾਕੀ ਸਾਥੀਆਂ ਦੀ ਦਿਲਚਸਪੀ ਸ਼ਾਪਿੰਗ ਵਿੱਚ ਸੀ ਪਰ ਮੈਂ ਤੇ ਅਜਮੇਰ ਨੇ ਇਸ ਮੇਲੇ ਵਾਲੀ ਸੜਕ ਦੇ ਉਂਜ ਹੀ ਦੋ ਕੁ ਚੱਕਰ ਲਾਏ। ਇਨ੍ਹਾਂ ਚੱਕਰਾਂ ਦੌਰਾਨ ਸਾਡੇ ਨਾਲ ਆ ਕੇ ਦੋ ਨੌਜਵਾਨ ਕੁੜੀਆਂ



ਤੁਰਨ ਲੱਗ ਪਈਆਂ। ਉਨ੍ਹਾਂ ਦੋਵਾਂ ਨੇ ਹੀ ਜੀਨਾਂ ਪਾਈਆਂ ਹੋਈਆਂ ਸਨ ਤੇ ਬਿਲਕੁਲ ਸਾਦੀਆਂ ਜਾਪਦੀਆਂ ਸਨ। ਉਨ੍ਹਾਂ ਦੇ ਹੱਥਾਂ ਵਿੱਚ ਲਫਾਫੇ ਸਨ ਤੇ ਉਹ ਮਿੱਠੀਆਂ ਗੋਲੀਆਂ ਜਾਂ ਮੂੰਗਫਲੀ ਵਰਗੀ ਕੋਈ ਚੀਜ਼ ਖਾ ਰਹੀਆਂ ਸਨ। ਇੱਕ ਨੇ ਸਾਨੂੰ ਵੀ ਉਨ੍ਹਾਂ ਦੀ ਪੇਸ਼ਕਸ਼ ਕੀਤੀ। ਉਹ ਦੋਵੇਂ ਚੰਗੀ ਗੁਜ਼ਾਰੇ ਜੋਗੀ ਅੰਗਰੇਜ਼ੀ ਬੋਲਦੀਆਂ ਸਨ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਸਾਡੇ ਨਾਲ ਬਿਨਾਂ ਕਿਸੇ ਕਿਸਮ ਦੀ ਹਿਚਕਚਾਹਟ ਜਾਂ ਡਰ ਭਓ ਦੇ ਗੱਲ ਕਰ ਰਹੀਆਂ ਸਨ ਜਿਵੇਂ ਅਸੀਂ ਉਨ੍ਹਾਂ ਦੇ ਕੋਈ ਪੁਰਾਣੇ ਵਾਕਿਫ ਹੋਈਏ। ਉਨ੍ਹਾਂ ਨੇ ਆਮ ਹੀ ਤਰੀਕੇ ਨਾਲ ਗੱਲ ਸ਼ੁਰੂ ਕੀਤੀ। ਤੁਸੀਂ ਕਿੱਥੋਂ ਆਏ ਹੋ? ਏਥੇ ਕਿੰਨੇ ਦਿਨਾਂ ਤੋਂ ਹੋ? ਪਰ ਕੁਝ ਹੀ ਮਿੰਟਾਂ ਵਿੱਚ ਸਾਨੂੰ ਉਨ੍ਹਾਂ ਦੀ ਮਨਸ਼ਾ ਸਮਝ ਆ ਗਈ ਤੇ ਅਸੀਂ ਜਵਾਬ ਦੇ ਦਿੱਤਾ। ਉਹ ਜਿਸ ਤਰ੍ਹਾਂ ਹੌਲੀ ਹੌਲੀ ਸਾਡੇ ਨਾਲ ਰਲ਼ ਕੇ ਤੁਰਨ ਲੱਗੀਆਂ ਸਨ ਉਸੇ ਤਰ੍ਹਾਂ ਹੌਲੀ ਹੌਲੀ ਸਾਥੋਂ ਵੱਖ ਹੋ ਗਈਆਂ।

ਸ਼ਾਮ ਨੂੰ ਅਸੀਂ ਇੱਕ ਕਿਸ਼ਤੀ ਵਿੱਚ ਬਣੀ ਰੈਸਟੋਰੈਂਟ ਵਿੱਚ ਖਾਣਾ ਖਾਧਾ। ਇਸ ਨੂੰ ਅੰਦਰੋਂ ਗੂੜ੍ਹੇ ਲਾਲ ਰੰਗ ਨਾਲ ਬਹੁਤ ਹੀ ਸੋਹਣੇ ਤਰੀਕੇ ਨਾਲ ਸਜਾਇਆ ਹੋਇਆ ਸੀ। ਖਾਣਾ ਖਾ ਰਹੇ ਲੋਕਾਂ ਦੇ ਮਨਪਰਚਾਵੇ ਲਈ ਸੰਗੀਤਕਾਰ ਕੁੜੀਆਂ ਚੀਨ ਦੇ ਰਵਾਇਤੀ ਸਾਜ਼ਾਂ ਉੱਪਰ ਮਿੱਠੀ ਮਿੱਠੀ ਧੁੰਨ ਵਜਾ ਰਹੀਆਂ ਸਨ। ਖਾਣੇ ਤੋਂ ਬਾਅਦ ਹੁਆਂਗਪੂ ਦਰਿਆ ਵਿੱਚ ਕਿਸ਼ਤੀ ਰਾਹੀਂ ਪਰਲ ਟੀ ਵੀ ਟਾਵਰ ਅਤੇ ਇਸ ਦੇ ਆਲੇ ਦੁਆਲੇ ਉਸਰੀਆਂ ਨਵੀਂਆਂ ਇਮਾਰਤਾਂ ਦੀਆਂ ਰੌਸ਼ਨੀਆਂ ਦਾ ਆਨੰਦ ਮਾਣਿਆਂ। ਇਹ ਇਮਾਰਤਾਂ ਚੀਨ ਦੇ ਸ਼ਹਿਰਾਂ ਦੀ ਅਮੀਰੀ ਤੇ ਇਸ ਅਮੀਰੀ ਦੀ ਸ਼ਰੇਆਮ ਪ੍ਰਦਰਸ਼ਨੀ ਕਰਦੀਆਂ ਹਨ। ਨਵੀਂਆਂ ਤਕਨੀਕਾਂ ਨਾਲ ਇਹ ਇਮਾਰਤਾਂ ਰਾਤ ਨੂੰ ਰੌਸ਼ਨੀਆਂ ਦਾ ਇੱਕ ਅਜੀਬ ਦ੍ਰਿਸ਼ ਪੇਸ਼ ਕਰਦੀਆਂ ਹਨ। ਪੂਰੀ ਦੀ ਪੂਰੀ ਇਮਾਰਤ ਟੀ ਵੀ ਸਕਰੀਨ ਵਾਂਗ ਚੀਨ ਦੇ ਸੁੰਦਰ ਨਜ਼ਾਰਿਆਂ ਦੇ ਦਰਸ਼ਨ ਕਰਾਉਂਦੀ ਹੈ ਤੇ ਦੂਜੇ ਪੱਲ ਕਿਸੇ ਵਸਤ ਦਾ ਇਸ਼ਤਿਹਾਰ ਦਰਸਾ ਰਹੀ ਹੁੰਦੀ ਹੈ। ਹਜ਼ਾਰਾਂ ਸੈਲਾਨੀ ਹਰ ਸ਼ਾਮ ਸਿਰਫ ਇਨ੍ਹਾਂ ਰੌਸ਼ਨੀਆਂ ਨੂੰ ਦੇਖਣ ਤੇ ਆਪਣੇ ਕੈਮਰਿਆਂ ਅੰਦਰ ਕੈਦ ਕਰਨ ਲਈ ਕਿਸ਼ਤੀਆਂ ਵਿੱਚ ਬੈਠ ਕੇ ਇਨ੍ਹਾਂ ਦੀ ਪਰਕਰਮਾ ਕਰਦੇ ਹਨ।

**ਮੰਗਲਵਾਰ, 14, ਅਕਤੂਬਰ**

ਚੀਨ ਵਿੱਚ ਸਾਡਾ ਦੂਜਾ ਪੜਾਅ ਜਿਆਂਗਸੂ ਸੂਬੇ ਦਾ ਸ਼ਹਿਰ ਸੂਜੋਅ ਸੀ। ਇਹ ਸ਼ੰਘਾਈ ਤੋਂ 120 ਕਿਲੋਮੀਟਰ ਦੂਰ ਹੈ। ਪਰ ਰਾਹ ਵਿੱਚ ਬੇਹੱਦ ਟਰੈਫਿਕ ਹੋਣ ਕਾਰਨ ਸਾਨੂੰ ਉੱਥੇ ਪਹੁੰਚਣ ਵਿੱਚ ਅੰਦਾਜ਼ੇ ਤੋਂ ਵਾਧੂ ਵਕਤ ਲੱਗਾ। ਰਾਹ ਵਿੱਚ ਟੋਨੀ ਨੇ ਚੀਨ ਬਾਰੇ ਬੜੀਆਂ ਦਿਲਚਸਪ ਗੱਲਾਂ/ਥਿਊਰੀਆਂ ਦੱਸੀਆਂ। ਉਹਦਾ ਮੁੱਖ ਨੁਕਤਾ ਸੀ ਕਿ ਚੀਨ ਦੀ ਸਰਕਾਰ ਵਿੱਚ, ਅਤੇ ਖਾਸ ਕਰ ਉੱਪਰਲੀ ਪੱਧਰ 'ਤੇ ਭ੍ਰਿਸ਼ਟਾਚਾਰ ਹੀ ਭ੍ਰਿਸ਼ਟਾਚਾਰ ਹੈ। ਉਸ ਦੇ ਕਹਿਣ ਮੁਤਾਬਕ ਪਿਛਲੇ ਸਤਾਰਾਂ ਅਠਾਰਾਂ ਸਾਲਾਂ ਤੋਂ ਚੀਨ ਦੀ ਤੇਜ਼ੀ ਨਾਲ ਹੋ ਰਹੀ ਆਰਥਿਕ ਤਰੱਕੀ ਤੇ ਧੜਾਧੜਾ ਉਸਰ ਰਹੀਆਂ ਨਵੀਂਆਂ ਸੜਕਾਂ ਤੇ ਇਮਾਰਤਾਂ ਦਾ ਅਸਲ ਕਾਰਨ ਇਹ ਭ੍ਰਿਸ਼ਟਾਚਾਰ ਹੀ ਹੈ। ਸਿਆਸੀ ਲੋਕ ਇਨ੍ਹਾਂ ਸਾਰੇ ਕੰਮਾਂ ਵਿਚੋਂ ਪੈਸੇ ਖਾਂਦੇ ਹਨ। ਰਿਸ਼ਵਤ ਲੈਣ ਦੇਣ ਦਾ ਇਹ ਵਤੀਰਾ ਹਰ ਸਰਕਾਰੀ ਅਹੁਦੇਦਾਰ ਵਲੋਂ ਅਪਣਾਇਆ ਜਾਂਦਾ ਹੈ ਅਤੇ ਸਿਆਸੀ ਬੰਦਿਆਂ ਲਈ ਅਮੀਰ ਹੋਣਾ ਸਿਆਸਤ ਵਿੱਚ ਕਾਮਯਾਬੀ ਦਾ ਹਿੱਸਾ ਹੈ। ਟੋਨੀ ਨੇ ਇਹ ਗੱਲ ਬੜੇ ਦਿਲਚਸਪ ਤਰੀਕੇ ਨਾਲ ਕਹੀ – "ਇੱਕ ਸਿਆਸੀ ਬੰਦਾ ਜਿਹੜਾ ਗਰੀਬ ਹੈ ਉਹ ਅਸਲ ਵਿੱਚ ਲਿੱਸਾ ਸਿਆਸਤਦਾਨ ਹੈ"। (*ਏ ਪਾਲੇਟੀਸ਼ੀਅਨ ਹੂ ਇਜ਼ ਪੂਅਰ ਇਜ਼ ਏ ਪੂਅਰ ਪਾਲੇਟੀਸ਼ੀਅਨ*) ਇਹ ਅਹੁਦੇਦਾਰ ਬਦੇਸੀ ਕੰਪਨੀਆਂ ਨੂੰ ਸਰਕਾਰੀ ਕੰਮਾਂ ਦੇ ਠੇਕੇ ਦਿਵਾਉਣ ਜਾਂ ਚੀਨ ਵਿੱਚ ਕਾਰੋਬਾਰ ਸਥਾਪਤ ਕਰਨ ਵਿੱਚ ਆਪਣੇ ਅਸਰ ਰਸੂਖ ਅਨੁਸਾਰ ਮਦਦ ਕਰਦੇ ਹਨ ਅਤੇ ਆਪਣਾ ਹਿੱਸਾ ਲੈਂਦੇ ਹਨ।



ਇਹ ਰਿਸ਼ਵਤ ਲੈਣ ਦੇਣ ਦੇ ਤਰੀਕੇ ਬੜੇ ਰਚਨਾਤਮਿਕ ਹਨ। ਉਦਾਹਰਨ ਵਜੋਂ, ਸਿਆਸੀ ਲੋਕ ਰਿਸ਼ਵਤ ਦੇ ਪੈਸੇ ਲੈਣ ਤੇ ਸਾਂਭਣ ਦਾ ਕੰਮ ਖੁਦ ਕਰਨ ਦੀ ਬਜਾਏ ਆਪਣੀਆਂ ਰਖੇਲ ਔਰਤਾਂ ਕੋਲੋਂ ਕਰਵਾਉਂਦੇ ਹਨ। ਇਨ੍ਹਾਂ ਸਰਕਾਰੀ ਬੰਦਿਆਂ ਨੇ ਆਪਣੀ ਪਤਨੀ ਤੋਂ ਬਿਨਾਂ ਕਈ ਕਈ ਰਖੇਲਾਂ ਰੱਖੀਆਂ ਹੁੰਦੀਆਂ ਹਨ। ਉਨ੍ਹਾਂ ਦੀ ਪਤਨੀ ਕਿਸੇ ਕਿਸਮ ਦੇ ਲੈਣ ਦੇਣ ਦੇ ਚੱਕਰ ਵਿੱਚ ਨਹੀਂ ਪੈਂਦੀ। ਰਖੇਲ ਵਿਦੇਸ਼ੀਆਂ ਨਾਲ ਤਾਲਮੇਲ ਰੱਖਦੀ ਹੈ ਅਤੇ ਸਾਰਾ ਲੈਣ ਦੇਣ ਕਰਦੀ ਹੈ। ਰਖੇਲ ਦੀ ਅੰਗ੍ਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਬੋਲ ਸਕਣ ਦੀ ਯੋਗਤਾ ਤੇ ਵਿਦੇਸ਼ੀ ਕੰਪਨੀਆਂ ਦੇ ਅਧਿਕਾਰੀਆਂ ਨੂੰ 'ਇੰਟਰਟੇਨ' ਕਰ ਸਕਣ ਦੀ ਯੋਗਤਾ ਅਨੁਸਾਰ ਉਹ ਖੁਦ ਵੀ ਮਾਲਾਮਾਲ ਹੁੰਦੀ ਹੈ

ਅਤੇ ਆਪਣੇ 'ਬਾਸ' ਨੂੰ ਵੀ ਅਮੀਰ ਬਣਾਉਂਦੀ ਹੈ। ਪਰ ਸਿਆਸੀ ਅਧਿਕਾਰੀ ਇਸ ਗੱਲ ਦਾ ਖਾਸ ਖਿਆਲ ਰੱਖਦੇ ਹਨ ਕਿ ਦਿੱਤਾ ਕੰਮ ਸਹੀ ਤਰੀਕੇ ਨਾਲ ਹੋਵੇ ਤੇ ਹੋਇਆ ਦਿਸੇ ਵੀ ਅਤੇ ਲੋਕਾਂ ਦੇ ਜੀਵਨ ਨੂੰ ਉਸ ਨਾਲ ਲਾਭ ਪਹੁੰਚੇ।

ਸੂਜੋਅ ਅਸੀਂ ਹਜ਼ਾਰ ਸਾਲ ਪੁਰਾਣਾ ਬਾਗ ਦੇਖਿਆ। ਇਸ ਬਾਗ ਦੀ ਇੱਕ ਘਟਨਾ ਮੇਰੇ ਲਈ ਯਾਦਗਾਰੀ ਬਣ ਗਈ। ਉੱਥੇ ਇੱਕ ਪਾਸੇ ਸੋਵੀਨੀਅਰ ਤੇ ਪੇਟਿੰਗ ਵੇਚਣ ਵਾਲੀ ਛੋਟੀ ਜਿਹੀ ਦੁਕਾਨ ਸੀ। ਬਾਕੀ ਦੇ ਸਾਰੇ ਜਣੇ ਉਸ ਦੁਕਾਨ ਵਿੱਚ ਵੜ ਗਏ। ਮੈਂ ਨਿੰਘੀ ਧੁੱਪ ਦਾ ਆਨੰਦ ਮਾਨਣ ਲਈ ਬਾਹਰ ਹੀ ਰੁਕ ਗਿਆ। ਉੱਥੇ ਤਿੰਨ ਚਾਰ ਗੋਲ਼ ਮੇਜ਼ ਰੱਖੇ ਹੋਏ ਸਨ ਜਿਨ੍ਹਾਂ ਦੁਆਲੇ ਬੈਠੇ ਕੁਝ ਲੋਕ ਠੰਡਾ ਪੀ ਰਹੇ ਸਨ ਤੇ ਕਈ ਉਂਜ ਹੀ ਆਰਾਮ ਕਰ ਰਹੇ ਸਨ। ਇੱਕ ਮੇਜ਼ 'ਤੇ ਵੱਡੀ ਉਮਰ ਦੇ ਤਿੰਨ ਵਿਅਕਤੀ ਬੈਠੇ ਸਨ। ਉਹ ਸਥਾਨਕ ਲੋਕ ਸਨ। ਉਨ੍ਹਾਂ ਵਿੱਚੋਂ ਇੱਕ ਨੇ ਮੇਰੀ ਵਲ ਦੇਖਿਆ ਤੇ ਝਕਦਿਆਂ ਝਕਦਿਆਂ ਇਸ਼ਾਰੇ ਨਾਲ ਮੈਨੂੰ ਬੈਠਣ ਦਾ ਸੱਦਾ ਦਿੱਤਾ। ਮੈਂ ਉਸ ਮੇਜ਼ ਦੀ ਚੌਥੀ ਕੁਰਸੀ 'ਤੇ ਬੈਠ ਗਿਆ। ਉਹ ਤਿੰਨੇ ਮੇਰੀ ਵਲ ਦੇਖ ਕੇ ਮੁਸਕਰਾਏ। ਉਹ ਤਿੰਨੋਂ ਹੀ ਬੜੇ ਮਿਲਾਪੜੇ ਜਾਪੇ। ਮੈਂ ਵੀ ਮੁਸਕਰਾਇਆ ਤੇ ਪਹਿਲਾਂ ਚੀਨੀ ਵਿੱਚ 'ਨੇ ਹਾਓ' ਕਿਹਾ ਤੇ ਫਿਰ ਅੰਗਰੇਜ਼ੀ ਵਿੱਚ ਹੈਲੋ ਦੇ ਨਾਲ 'ਹਾਓ ਆਰ ਯੂ' ਵੀ ਕਿਹਾ। ਮੇਰੇ ਕੋਲੋਂ 'ਨੇ ਹਾਓ' ਸੁਣ ਕੇ ਉਹ ਹੋਰ ਵੀ ਖੁਸ਼ ਹੋ ਗਏ। ਉਹ ਅੰਗ੍ਰੇਜ਼ੀ ਨਹੀਂ ਸਨ ਸਮਝਦੇ ਤੇ ਉਨ੍ਹਾਂ ਨੇ ਚੀਨੀ ਵਿੱਚ ਕੁਝ ਕਿਹਾ। ਜਿਸ ਤਰ੍ਹਾਂ ਮੇਰਾ ਜੀਅ ਕਰਦਾ ਸੀ ਕਿ ਜੇ ਮੈਂ ਉਨ੍ਹਾਂ ਦੀ ਜ਼ਬਾਨ ਸਮਝਦਾ ਹੋਵਾਂ ਤਾਂ ਉਨ੍ਹਾਂ ਨਾਲ ਗੱਲਾਂ ਕਰਾਂ, ਲਗਦਾ ਸੀ ਕਿ ਮੇਰੇ ਵਾਂਗ ਉਹ ਵੀ ਮੇਰੇ ਨਾਲ ਗੱਲਾਂ ਕਰਨੀਆਂ ਚਾਹੁੰਦੇ ਸਨ। ਮੇਰੇ ਹੱਥ ਵਿੱਚ ਮੇਰਾ ਛੋਟਾ ਜਿਹਾ ਕੈਮਰਾ ਸੀ। ਮੇਰੇ ਖੱਬੇ ਬੈਠਾ ਬੰਦਾ ਜਿਨ੍ਹੇ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ ਸੀ ਬੜੀ ਦਿਲਸਚਪੀ ਨਾਲ ਕੈਮਰੇ ਵਲ ਦੇਖ ਰਿਹਾ ਸੀ। ਮੈਂ ਕੈਮਰਾ ਔਨ ਕਰਕੇ ਉਹਦੀ ਤਸਵੀਰ ਖਿੱਚ ਲਈ। ਫੇਰ ਉਹਨੂੰ ਉਹਦੀ ਤਸਵੀਰ ਦਿਖਾਈ। ਉਹ ਬੜਾ ਖੁਸ਼ ਹੋਇਆ। ਦੂਸਰੇ ਵੀ ਖੁਸ਼ ਲਗਦੇ ਸਨ। ਮੈਂ ਵਾਰੀ ਵਾਰੀ ਉਨ੍ਹਾਂ ਦੀਆਂ ਤਸਵੀਰਾਂ ਖਿੱਚੀਆਂ ਤੇ ਦਿਖਾਈਆਂ ਵੀ। ਫੇਰ ਮੈਂ ਉਨ੍ਹਾਂ ਨੂੰ ਉੱਥੇ ਬੈਠੇ ਛੱਡ ਇਸ ਇਰਾਦੇ ਨਾਲ ਦੁਕਾਨ ਅੰਦਰ ਗਿਆ ਕਿ ਆਪਣੀ ਟੂਰ ਗਾਈਡ ਨੂੰ ਲਿਆ ਕੇ ਉਨ੍ਹਾਂ ਨਾਲ ਕੁਝ ਗੱਲਾਂ ਕਰਾਂ ਤੇ ਨਾਲੇ ਉਨ੍ਹਾਂ ਨਾਲ ਆਪਣੀ ਇੱਕ ਤਸਵੀਰ ਖਿੱਚਵਾਵਾਂ। ਪਰ ਜਦ ਮੈਂ ਮੁੜ ਕੇ ਆਇਆ ਉਹ ਉੱਥੋਂ ਜਾ ਚੁੱਕੇ ਸਨ। ਮੈਨੂੰ ਬੜੀ ਨਿਰਾਸ਼ਾ ਹੋਈ। ਕੁਝ ਦੇਰ ਬਾਅਦ ਜਦੋਂ ਅਸੀਂ ਉਸ ਬਾਗ ਵਿੱਚੋਂ ਨਿਕਲ ਕੇ ਆਪਣੀ ਬੱਸ ਵਲ ਜਾ ਰਹੇ ਸਾਂ ਤਾਂ ਉਹ ਤਿੰਨੋਂ ਮੈਨੂੰ ਤੁਰੇ ਜਾਂਦੇ ਦਿਸੇ। ਮੈਂ ਉਨ੍ਹਾਂ ਵਲ ਗਿਆ ਤੇ ਇਸ਼ਾਰੇ ਨਾਲ ਉਨ੍ਹਾਂ ਨਾਲ ਤਸਵੀਰ ਖਿੱਚਵਾਉਣ ਲਈ ਕਿਹਾ। ਉਹ ਬੜੇ ਖੁਸ਼ ਹੋਏ। ਅਜਮੇਰ ਨੂੰ ਕੈਮਰਾ ਦੇ ਕੇ ਮੈਂ ਉਨ੍ਹਾਂ ਦੇ ਨਾਲ ਜਾ ਖੜ੍ਹਾ ਹੋਇਆ। ਇੱਕ ਫੋਟੋ ਖਿਚਵਾਉਣ ਬਾਅਦ ਉਨ੍ਹਾਂ ਚੋਂ ਇੱਕ ਜਣਾ ਘੁੰਮ ਕੇ ਮੇਰੇ ਦੂਜੇ ਪਾਸੇ ਆ ਖੜ੍ਹਾ ਹੋਇਆ ਤੇ ਉਹਨੀਂ ਮੈਨੂੰ ਆਪਣੇ ਦਰਮਿਆਨ ਕਰ ਲਿਆ। ਅਜਮੇਰ ਨੇ ਵੀ ਉਨ੍ਹਾਂ ਨਾਲ ਤਸਵੀਰ ਖਿੱਚਵਾਈ। ਇਸ ਟਰਿੱਪ ਦੌਰਾਨ ਖਿੱਚੀਆਂ ਬਹੁਤੀਆਂ ਤਸਵੀਰਾਂ ਬੇਜਾਨ ਜਿਹੀਆਂ ਲਗਦੀਆਂ ਹਨ ਪਰ ਉਨ੍ਹਾਂ ਨਾਲ ਖਿੱਚਵਾਈ ਤਸਵੀਰ ਹਰ ਵਾਰ ਦੇਖਣ 'ਤੇ ਇੱਕ ਵੱਖਰੀ ਯਾਦ ਤਾਜ਼ਾ ਕਰਦੀ ਹੈ।

ਸੂਜੋਅ ਅਸੀਂ ਜਿਸ ਹੋਟਲ ਵਿੱਚ ਠਹਿਰੇ ਉਹਦਾ ਨਾਂਅ ਸਕਾਲਰਜ਼ ਇਨ ਸੀ। ਇਸ ਹੋਟਲ ਬਾਰੇ ਮਸ਼ਹੂਰ ਚੀਨੀ ਲੇਖਕ ਲੂ-ਸ਼ੂਨ ਨੇ ਆਪਣੀ ਕਿਸੇ ਲਿਖਤ ਵਿੱਚ ਜ਼ਿਕਰ ਕੀਤਾ ਹੈ। ਇਸ ਦਾ ਸ਼ਾਇਦ ਕਿਸੇ ਸਮੇਂ ਲਾਇਬ੍ਰੇਰੀ ਨਾਲ ਤੇ ਸਾਹਿਤ ਨਾਲ ਕੋਈ ਸਬੰਧ ਰਿਹਾ ਹੈ। ਪਰ ਕੋਸ਼ਸ਼ ਕਰਨ ਦੇ ਬਾਵਜੂਦ ਅਸੀਂ ਲਾਇਬ੍ਰੇਰੀ ਦੀ ਮੌਜੂਦਾ ਸਥਿਤੀ ਬਾਰੇ ਕੁਝ ਨਾ ਜਾਣ ਸਕੇ।

ਰਾਤ ਦਾ ਖਾਣਾ ਖਾਣ ਬਾਅਦ ਅਸੀਂ ਸਾਰੇ ਜਣੇ ਸਰੀਰ ਦੀ ਮਾਲਿਸ਼ ਕਰਾਉਣ ਗਏ। ਇਹ ਸਾਡੇ 'ਚੋਂ ਬਹੁਤਿਆਂ ਲਈ ਅਸਲੋਂ ਨਵਾਂ ਤਜਰਬਾ ਸੀ। ਇੱਕ ਵੱਡੇ ਕਮਰੇ ਵਿੱਚ ਅਸੀਂ ਸੱਤ ਜਣੇ ਬੜੀਆਂ ਆਰਾਮ ਦੇਹ ਅਤੇ ਪਿਛਾਂਹ ਨੂੰ ਝੁਕ ਜਾਣ ਵਾਲੀਆਂ ਕੁਰਸੀਆਂ 'ਤੇ ਬੈਠੇ/ਲੰਮੇ ਪਏ। ਪਹਿਲਾਂ ਸਾਨੂੰ ਛੋਟੇ ਛੋਟੇ ਕੱਪਾਂ ਵਿੱਚ ਗਰਮ ਗਰਮ ਗਰੀਨ ਟੀ ਦਿੱਤੀ ਗਈ। ਮਾਲਿਸ਼ ਕਰਨ ਵਾਲੇ ਮੁੰਡੇ ਤੇ ਕੁੜੀਆਂ ਦੀ ਔਸਤ ਉਮਰ ਅਠਾਰਾਂ ਤੋਂ ਵੀਹ ਸਾਲ ਦੁਆਲੇ ਹੋਵੇਗੀ। ਵੱਡੇ ਸ਼ਹਿਰਾਂ ਵਿੱਚ ਇਸ ਕਿਸਮ ਦੇ ਕੰਮਾਂ ਵਿੱਚ ਲੱਗੇ ਅਣਗਿਣਤ ਮੁੰਡੇ ਕੁੜੀਆਂ ਉੱਤਰੀ ਚੀਨ ਦੇ ਗਰੀਬ ਪਿੰਡਾਂ ਵਿੱਚੋਂ ਆਉਂਦੇ ਹਨ। ਅੰਗ੍ਰੇਜ਼ੀ ਨਾ ਆਉਣ ਕਾਰਨ ਇਹ ਟੂਰਿਸਟ ਇੰਡਸਟਰੀ ਦੇ ਹੇਠਲੇ ਪੌਡਿਆਂ 'ਤੇ ਮਜ਼ਦੂਰੀ ਕਰਦੇ ਹਨ। ਮਾਲਿਸ਼ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਸਾਡੇ ਬੂਟ ਜੁਰਾਬਾਂ ਲਾਹੇ ਤੇ ਸਾਡੇ ਪੈਰਾਂ ਨੂੰ ਗਰਮ ਪਾਣੀ ਵਿੱਚ ਡੋਬਿਆ ਤੇ ਨਾਲ ਹੀ ਉਸ ਪਾਣੀ ਵਿੱਚ ਕੁਝ ਮਸਾਲੇ ਵਗੈਰਾ ਵੀ ਘੋਲ਼ੇ। ਫੇਰ ਕੁਝ ਦੇਰ ਬਾਅਦ ਉਨ੍ਹਾਂ ਤੌਲੀਏ ਨਾਲ ਸਾਡੇ ਪੈਰ ਪੂੰਝੇ ਤੇ ਪੈਰਾਂ ਦੀ ਮਾਲਿਸ਼ ਸ਼ੁਰੂ ਕੀਤੀ। ਫੇਰ ਪਿੰਨੀਆਂ, ਬਾਹਾਂ ਤੇ ਮੋਢਿਆਂ ਦੀ ਮਾਲਿਸ਼ ਕੀਤੀ। ਪੈਰਾਂ ਦੀ ਮਾਲਿਸ਼ ਵੇਲੇ ਸੱਤੇ ਦੇ ਸੱਤੇ ਪੈਰਾਂ 'ਤੇ ਕੇਂਦਰਿਤ ਸਨ, ਜਦੋਂ ਬਾਹਾਂ ਦੀ ਵਾਰੀ ਆਈ ਤਾਂ ਸਾਰੇ ਬਾਹਾਂ 'ਤੇ ਤੇ ਜਦੋਂ ਮੋਢਿਆਂ ਦੀ ਵਾਰੀ ਆਈ ਤਾਂ ਸਾਰੇ ਮੋਢਿਆਂ 'ਤੇ। ਸਾਰੇ ਇਕੋ ਸਮੇਂ ਇੱਕੋ ਜਿਹੀ ਮਾਲਿਸ਼ ਕਰ ਰਹੇ ਸਨ। ਇਸ ਤਰ੍ਹਾਂ ਜਾਪਦਾ ਸੀ ਕਿ ਕਮਰੇ ਵਿੱਚ ਸਿਰਫ ਇੱਕ ਹੀ ਜਣਾ ਮਾਲਿਸ਼ ਕਰਵਾ ਰਿਹਾ ਸੀ। ਉਹ ਆਪਣਾ ਕੰਮ ਚੁੱਪ ਚਾਪ ਕਰ ਰਹੇ ਸਨ। ਇੱਕ ਦੂਜੇ ਨਾਲ ਵੀ ਬਹੁਤ ਘੱਟ ਬੋਲਦੇ ਸਨ। ਸਿਰਫ ਟੋਨੀ ਉਹਦੀ ਮਾਲਿਸ਼ ਕਰ ਰਹੀ ਕੁੜੀ ਨਾਲ ਚੀਨੀ ਵਿੱਚ ਗੱਲਾਂ ਕਰ ਰਿਹਾ ਸੀ। ਮਾਲਿਸ਼ ਕਰਾਉਣ ਵਾਲੇ ਅਸੀਂ ਬਾਕੀ ਦੇ ਜਾਂ ਤਾਂ ਸੱਚਮੁੱਚ ਹੀ ਸੌਂ ਗਏ ਸੀ ਜਾਂ ਸਥਿਤੀ ਨੂੰ ਸਮਝਣ ਤੇ ਇਸ ਨਾਲ ਸਮਝੌਤਾ ਕਰਨ ਦੀ ਅੰਦਰ ਹੀ ਅੰਦਰ ਜੱਦੋਜਹਿਦ ਕਰ ਰਹੇ ਸਾਂ।



ਟੋਨੀ ਨੇ ਸਾਨੂੰ ਦੱਸਿਆ ਕਿ ਮਾਲਿਸ਼ ਦਾ ਕੰਮ ਚੀਨ ਦੇ ਛੋਟੇ ਮੋਟੇ ਹਰ ਸ਼ਹਿਰ ਵਿੱਚ ਹੁੰਦਾ ਹੈ। ਇਹ ਸਿਰਫ ਮਾਲਿਸ਼ ਤੱਕ ਵੀ ਸੀਮਤ ਹੈ, ਜਿਸ ਤਰ੍ਹਾਂ ਦੇ ਥਾਂ ਅਸੀਂ ਗਏ ਸੀ ਪਰ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਵੀ ਕਾਫੀ ਥਾਂ ਹਨ ਜਿੱਥੇ ਮਾਲਿਸ਼ ਤੋਂ ਕਈ ਕੁਝ ਵਾਧੂ ਵੀ ਪੇਸ਼ ਕੀਤਾ ਜਾਂਦਾ ਹੈ। ਉਸ ਦੇ ਦੱਸਣ ਅਨੁਸਾਰ ਇਨ੍ਹਾਂ ਸੇਵਾਵਾਂ ਦੀ ਵਰਤੋਂ ਸਿਰਫ ਪੈਸੇ ਵਾਲੇ ਸ਼ਹਿਰੀ ਹੀ ਨਹੀਂ ਸਗੋਂ ਉਨ੍ਹਾਂ ਤੋਂ ਵੀ ਵੱਧ ਸਿਆਸੀ ਲੋਕ ਕਰਦੇ ਹਨ। ਆਮ ਸਿਆਸੀ ਬੰਦੇ ਦੇ ਦਿਨ ਭਰ ਦੇ ਕੰਮਾਂ ਦੀ ਚਰਚਾ ਕਰਦਿਆਂ ਉਸ ਦੱਸਿਆ ਕਿ ਉਹ ਸ਼ਾਮ ਨੂੰ ਪੰਜ ਵਜੇ ਕੰਮ ਖਤਮ ਕਰਨ ਬਾਅਦ ਘਰ ਨਹੀਂ ਜਾਂਦੇ। ਪਹਿਲਾਂ ਉਹ ਰੈਸਟੋਰੈਂਟ ਵਿੱਚ ਜਾ ਕੇ ਖਾਣਾ ਖਾਂਦੇ ਹਨ ਅਤੇ ਸ਼ਰਾਬ ਪੀਂਦੇ ਹਨ। ਫੇਰ ਉਹ ਇਨ੍ਹਾਂ ਮਾਲਿਸ਼ ਘਰਾਂ ਵਿੱਚ ਆਉਂਦੇ ਹਨ ਅਤੇ ਇੱਕ ਤੋਂ ਦੋ ਘੰਟੇ ਤੱਕ ਮਾਲਿਸ਼ ਕਰਵਾਉਂਦੇ ਹਨ। ਫੇਰ ਘਰ ਜਾਂਦੇ ਹਨ ਜਾਂ ਕਈ ਵਾਰ ਨਹੀਂ ਵੀ ਜਾਂਦੇ।

## ਬੁੱਧਵਾਰ, 15, ਅਕਤੂਬਰ

ਹੁਣ ਅਸੀਂ ਸੂਜੋਅ ਤੋਂ ਹੈਂਗਜੋਅ ਜਾਣਾ ਸੀ। ਇਹ ਦੋਵੇਂ ਸ਼ਹਿਰ – ਸੂਜੋਅ ਤੇ ਹੈਂਗਜੋਅ – ਚੀਨੀ ਲੋਕਾਂ ਵਲੋਂ ਧਰਤੀ ’ਤੇ ਸਵਰਗ ਮੰਨੇ ਜਾਂਦੇ ਹਨ। ਇਸ ਬਾਰੇ ਮਸ਼ਹੂਰ ਕਹਾਵਤ ਹੈ: ‘ਉੱਪਰ ਸਵਰਗ ਹੈ ਅਤੇ ਥੱਲੇ ਧਰਤੀ ’ਤੇ ਸੂਜੋਅ ਤੇ ਹੈਂਗਜੋਅ ਹਨ’। ਚੀਨ ਦਾ ਇਹ ਦੱਖਣੀ ਇਲਾਕਾ ਬਹੁਤ ਅਮੀਰ ਹੈ। ਇਹ ਯੈਲੋ ਅਤੇ ਯੈਂਟਸੀ ਦਰਿਆਵਾਂ ਵਲੋਂ ਬਣਾਇਆ ਮੈਦਾਨੀ ਇਲਾਕਾ ਹੈ ਅਤੇ ਧਰਤੀ ਬਹੁਤ ਉਪਜਾਊ ਹੈ। ਏਥੇ ਪਾਣੀ ਦੀ ਵੀ ਲਹਿਰ ਬਹਿਰ ਹੈ। ਇੱਥੋਂ ਦੇ ਕਿਸਾਨ ਪਹਿਲਾਂ ਤੋਂ ਹੀ ਚੀਨ ਦੇ ਉੱਤਰੀ ਇਲਾਕੇ ਦੇ ਕਿਸਾਨਾਂ ਨਾਲੋਂ ਅਮੀਰ ਰਹੇ ਹਨ ਪਰ ਹੁਣ ਉਹ ਖਾਸ ਤੌਰ ’ਤੇ ਜ਼ਿਆਦਾ ਮਾਲਾਮਾਲ ਹਨ ਕਿਉਂਕਿ ਚੀਨ ਦੀ ਬਹੁਤ ਸਾਰੀ ਵਿਦੇਸ਼ੀਆਂ ਵਲੋਂ ਲਾਈ ਸਨਅਤ ਵੀ ਬਹੁਤੀ ਇਸ ਇਲਾਕੇ ਵਿੱਚ ਹੀ ਲੱਗੀ ਹੈ। ਕਿਸਾਨਾਂ ਨੇ ਆਪਣੀ ਜ਼ਮੀਨ ਲਾਲਚ ਵਿੱਚ ਤੇ ਸ਼ਾਇਦ ਸਰਕਾਰ ਦੇ ਦਬਾਅ ਥੱਲੇ, ਬਾਹਰਲੀਆਂ ਕੰਪਨੀਆਂ ਨੂੰ ਵਰਤੋਂ ਲਈ ਦੇ ਕੇ ਬਹੁਤ ਪੈਸਾ ਕਮਾਇਆ ਹੈ ਅਤੇ ਕਮਾ ਰਹੇ ਹਨ। ਹੁਣ ਇਨ੍ਹਾਂ ਨੇ ਆਪਣੇ ਘਰਾਂ ਦੇ ਕੁਝ ਹਿੱਸੇ ਉਨ੍ਹਾਂ ਲੋਕਾਂ ਨੂੰ ਕਿਰਾਏ ’ਤੇ ਵੀ ਦਿੱਤੇ ਹੋਏ ਹਨ ਜੋ ਉੱਤਰੀ ਚੀਨ ਦੇ ਗਰੀਬ ਇਲਾਕੇ ਵਿਚੋਂ ਏਥੇ ਲੱਗੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਸਤੇ ਆਉਂਦੇ ਹਨ। ਇਹ ਅਮੀਰੀ ਇਨ੍ਹਾਂ ਕਿਸਾਨਾਂ ਦੇ ਵੱਡੇ ਵੱਡੇ ਆਲੀਸ਼ਾਨ ਘਰਾਂ ਤੋਂ ਦਿਸਦੀ ਹੈ। ਸੜਕ ਦੇ ਦੋਹੀਂ ਪਾਸੀਂ ਆਉਂਦੇ ਪਿੰਡਾਂ ਵਿੱਚ ਇਨ੍ਹਾਂ ਕਿਸਾਨਾਂ ਦੇ ਵੱਡੇ ਵੱਡੇ ਘਰ ਦੇਖੇ ਜਾ ਸਕਦੇ ਹਨ।

ਸੂਜੋਅ ਤੋਂ ਹੈਂਗਜੋਅ ਦੋ ਘੰਟਿਆਂ ਦਾ ਸਫਰ ਸੀ। ਰਾਹ ਵਿੱਚ ਅਸੀਂ ਚਾਹ ਦੇ ਬਾਗ ਵਿੱਚ ਰੁਕੇ। ਸਾਡੀ ਗਾਈਡ ਐਲਿਸ ਸਾਨੂੰ ਬਾਗ ਦੇ ਸ਼ੋਅ-ਰੂਮ ਵਿੱਚ ਲੈ ਗਈ। ਪਹਿਲਾਂ ਉਨ੍ਹਾਂ ਨੇ ਸਾਨੂੰ ਚਾਹ ਪਿਲਾਈ ਤੇ ਨਾਲ ਹੀ ਚਾਹ ਪੀਣ ਦਾ ਅਸਲੀ ਤੇ ਸਹੀ ਤਰੀਕਾ ਸਮਝਾਇਆ। ਇਹ ਮੈਦਾਨੀ ਇਲਾਕਾ ਸੀ। ਉਨ੍ਹਾਂ ਨੇ ਦੱਸਿਆ ਕਿ ਉਸ ਇਲਾਕੇ ਵਿੱਚ ਪੈਦਾ ਹੋਣ ਵਾਲੀ ਚਾਹ ਦੂਜੇ ਥਾਵਾਂ ਦੀਆਂ ਚਾਹਾਂ ਨਾਲੋਂ ਕਿੱਦਾਂ ਵਧੀਆ ਹੈ ਅਤੇ ਉਸ ਨਾਲ ਸਿਹਤ ਨੂੰ ਕਿਸ ਤਰ੍ਹਾਂ ਦੇ ਫਾਇਦੇ ਹੁੰਦੇ ਹਨ। ਨਾਲ ਹੀ ਉਨ੍ਹਾਂ ਉਸ ਇਲਾਕੇ ਦੇ ਹਜ਼ਾਰਾਂ ਸਾਲ ਪਹਿਲਾਂ ਦੇ ਇਤਿਹਾਸ ਮਿਥਹਾਸ ਬਾਰੇ ਵੀ ਕਈ ਕੁਝ ਦੱਸਿਆ। ਸਾਰੀ ਗੱਲਬਾਤ ਦੇ ਅਖੀਰ ’ਤੇ ਬਹੁਤੇ ਸੈਲਾਨੀ ਵਾਂਗ ਅਸੀਂ ਵੀ ਆਪਣੇ ਆਪ ਨੂੰ ਉਸ ਸਮੇਂ ਉਸ ਜਗ੍ਹਾ ਆਉਣ ਲਈ ਖੁਸ਼ ਕਿਸਮਤ ਸਮਝਿਆ ਤੇ ਖੁਸ਼ੀ ਖੁਸ਼ੀ ਕਈ ਪੈਕਟ ਉਸ ਚਾਹ ਦੇ ਖ੍ਰੀਦ ਲੈਂਦੇ ਹਨ।

ਹੈਂਗਜੋਅ ਅਸੀਂ ਲੰਚ ਵਾਸਤੇ ਇੱਕ ਵੱਡੇ ਸਟੇਡੀਅਮ ਦੇ ਥੱਲੇ ਬਣੇ ਰੈਸਟੋਰੈਂਟ ਵਿੱਚ ਗਏ। ਉਂਜ ਤਾਂ ਚੀਨੀ ਲੋਕ ਹਰ ਜਗ੍ਹਾ ਹੀ ਖਾਣਾ ਖਾਣ ਵੇਲੇ ਉੱਚੀ ਉੱਚੀ ਗੱਲਾਂ ਕਰਦੇ ਹਨ ਪਰ ਇਸ ਜਗ੍ਹਾ ਤਾਂ ਕੁਝ ਜ਼ਿਆਦਾ ਹੀ ਰੌਲੀ ਪਾ ਰਹੇ ਸਨ ਤੇ ਸਾਨੂੰ ਇੱਕ ਦੂਜੇ ਦੀ ਗੱਲ ਸੁਣਨੀ ਵੀ ਮੁਸ਼ਕਿਲ ਹੋ ਰਹੀ ਸੀ।

ਏਥੇ ਵੈਸਟ ਲੇਕ ਨਾਂਅ ਦੀ ਮਸ਼ਹੂਰ ਝੀਲ ਹੈ। ਵੈਸਟ ਲੇਕ ਤੇ ਇਸ ਦਾ ਆਲਾ ਦੁਆਲਾ ਬਹੁਤ ਸੁੰਦਰ ਹੈ। ਜਿਸ ਦਿਨ ਅਸੀਂ ਉੱਥੇ ਗਏ ਉਸ ਦਿਨ ਬਹੁਤ ਹੀ ਨਿੱਘੀ ਧੁੱਪ ਸੀ, ਰਤਾ ਵੀ ਗਰਮੀ ਜਾਂ ਸਰਦੀ ਨਹੀਂ ਸੀ। ਤੁਹਾਡਾ ਮੱਲੋ ਮੱਲੀ ਬਾਹਰ ਫਿਰਨ

ਤੁਰਨ ਨੂੰ ਜੀਅ ਕਰਦਾ ਸੀ। ਇਹ ਝੀਲ ਸ਼ਹਿਰ ਦੇ ਵਿੱਚ ਪੈਂਦੀ ਹੈ ਪਰ ਇਸ ਦੀ ਕੁਦਰਤੀ ਸੁੰਦਰਤਾ ਨੂੰ ਧਿਆਨ 'ਚ ਰੱਖਦਿਆਂ ਇਸ ਦੇ ਆਸ ਪਾਸ ਉੱਚੀਆਂ ਇਮਾਰਤਾਂ ਬਣਾਉਣ ਦੀ ਮਨਾਹੀ ਹੈ। ਝੀਲ ਲਾਗੇ ਇੱਕ ਛੱਤੀ ਹੋਈ ਥਾਂ ਥੱਲੇ ਸਥਾਨਕ ਲੋਕ-ਕਲਾਕਾਰ ਗਾ ਰਹੇ ਸਨ। ਦੋ ਪਾਤਰ ਆਪਸੀ ਸੰਵਾਦ ਰਾਹੀਂ ਸ੍ਰੋਤਿਆ ਦਾ ਮਨੋਰੰਜਨ ਕਰ ਰਹੇ ਸਨ। ਅਸੀਂ ਸ੍ਰੋਤਿਆਂ ਦੇ ਚੇਹਰਿਆਂ ਦੇ ਹਾਵ ਭਾਵ ਤੇ ਉਨ੍ਹਾਂ ਵਲੋਂ ਪ੍ਰਗਟਾਏ ਪ੍ਰਤੀਕਰਮ ਤੋਂ ਦੇਖ ਸਕਦੇ ਸੀ ਕਿ ਜੋ ਵੀ ਕਿਹਾ, ਗਾਇਆ ਜਾ ਰਿਹਾ ਸੀ ਹਰ ਸ੍ਰੋਤਾ ਉਸ ਦਾ ਪੂਰਾ ਆਨੰਦ ਲੈ ਰਿਹਾ ਸੀ। ਝੀਲ ਤੇ ਆਲੇ ਦੁਆਲੇ ਤੁਰਨ ਲਈ ਬਣੇ ਰਸਤਿਆਂ ਦੇ ਨਾਲ ਨਾਲ ਝਾੜੀਆਂ ਵਿੱਚ ਸਪੀਕਰ ਰੱਖੇ ਹੋਏ ਸਨ ਜਿਨ੍ਹਾਂ ਵਿਚੋਂ ਸੰਗੀਤ ਦੀ ਲਗਾਤਾਰ ਫੁਹਾਰ ਫੁੱਟ ਰਹੀ ਸੀ। ਨਾਲ ਨਾਲ ਤੁਰਦਾ ਇਹ ਸੰਗੀਤ ਸਭ ਕਾਸੇ ਨੂੰ ਹੋਰ ਵੀ ਮਨਮੋਹਕ ਬਣਾਉਂਦਾ ਸੀ।



ਦੂਜੇ ਸੈਲਾਨੀਆਂ ਵਾਂਗ ਅਸੀਂ ਵੀ ਘੰਟੇ ਕੁ ਵਾਸਤੇ ਇੱਕ ਕਿਸ਼ਤੀ ਵਿੱਚ ਬਹਿ ਕੇ ਇਸ ਝੀਲ ਦੇ ਸ਼ਾਂਤਮਈ ਪਾਣੀ ਦਾ ਤੇ ਆਸ ਪਾਸ ਦੀ ਸੁੰਦਰਤਾ ਦਾ ਆਨੰਦ ਮਾਣਿਆਂ। ਕਿਸ਼ਤੀ ਵਿੱਚ ਬੈਠਿਆਂ ਅਸੀਂ ਪਾਣੀ 'ਚ ਬਣੀ ਇੱਕ ਰੈਸਟੋਰੈਂਟ ਕੋਲ ਦੀ ਲੰਘੇ। ਟੋਨੀ ਨੇ ਦੱਸਿਆ ਕਿ ਕਦੇ ਚੂ ਐਨ ਲਾਈ ਇਸ ਰੈਸਟੋਰੈਂਟ ਵਿੱਚ ਖਾਣਾ ਖਾਣ ਆਉਂਦਾ ਹੁੰਦਾ ਸੀ।

ਟੋਨੀ ਕੂਓ ਤੇ ਸਾਡੀ ਗਾਈਡ ਨੇ ਸਾਨੂੰ ਇਸ ਇਲਾਕੇ ਬਾਰੇ ਜੋ ਜਾਣਕਾਰੀ ਦਿੱਤੀ ਉਸ ਵਿਚੋਂ ਇਹ ਗੱਲ ਯਾਦ ਰੱਖਣ ਵਾਲੀ ਸੀ ਕਿ ਇਸ ਇਲਾਕੇ ਨੇ ਬਹੁਤ ਸਾਰੇ ਨਾਮੀ ਕਵੀ ਤੇ ਪੇਂਟਰ ਪੈਦਾ ਕੀਤੇ ਹਨ ਪਰ ਕਦੇ ਕੋਈ ਵੱਡਾ ਜਰਨੈਲ ਜਾਂ ਸੂਰਬੀਰ ਪੈਦਾ ਨਹੀਂ ਕੀਤਾ। ਉਹ ਇਹ ਕਹਿ ਰਹੇ ਸਨ ਕਿ ਇਸ ਇਲਾਕੇ ਦੇ ਲੋਕ ਪਹਿਲਾਂ ਤੋਂ ਖਾਂਦੇ ਪੀਂਦੇ ਅਤੇ ਸ਼ਾਂਤ ਸੁਭਾਅ ਦੇ ਕਲਾ ਨਾਲ ਸਨੇਹ ਰੱਖਣ ਵਾਲੇ ਲੋਕ ਸਨ।

ਝੀਲ ਦਾ ਆਨੰਦ ਲੈਣ ਬਾਅਦ ਅਸੀਂ ਇੱਕ ਹੋਰ ਚਾਹ ਦੇ ਬਾਗ ਵਿੱਚ ਗਏ। ਇਹ ਪਹਾੜੀ ਇਲਾਕਾ ਸੀ। ਏਥੇ ਫੇਰ ਉਹੋ ਕਮੱਰਸ਼ੀਅਲ ਚੱਕਰ ਸੀ। ਇਸ ਬਾਗ ਦਾ ਚਾਹ ਵੇਚਣ ਵਾਲਾ ਥਾਂ ਕਿਸੇ ਸਮੇਂ ਕਿਸੇ ਧਨਾਢ ਦਾ ਵੱਡਾ ਘਰ ਰਿਹਾ ਹੋਵੇਗਾ। ਸਾਨੂੰ ਉੱਚੀ ਛੱਤ ਵਾਲੇ ਕਮਰੇ ਵਿੱਚ ਬਿਠਾਇਆ ਗਿਆ। ਬਹੁਤ ਸੋਹਣੀ ਤੇ ਕੰਨਾਂ ਨੂੰ ਭਾਉਣ ਵਾਲੀ ਅੰਗਰੇਜ਼ੀ ਬੋਲਦੇ ਇੱਕ ਨੌਜਵਾਨ ਨੇ ਸਾਨੂੰ ਉਸ ਚਾਹ ਬਾਰੇ ਵੀਹ ਕੁ ਮਿੰਟ ਦਾ ਜਾਦੂਮਈ ਲੈਕਚਰ ਦਿੱਤਾ। ਉਨ੍ਹਾਂ ਨੇ ਸਾਡੇ ਸਾਹਮਣੇ ਗਰਮ ਪਾਣੀ ਵਿੱਚ ਚਾਹ ਪਾ ਕੇ ਤਿਆਰ ਕੀਤੀ ਅਤੇ ਸਾਨੂੰ ਪੀਣ ਲਈ ਦਿੱਤੀ। ਨਾਲ ਹੀ ਦੱਸਿਆ ਕਿ ਇਹ ਚਾਹ ਕਿਸ ਤਰ੍ਹਾਂ ਪੀਣੀ ਚਾਹੀਦੀ ਹੈ ਅਤੇ ਇਸ ਦੇ ਅਸਰ ਨਾਲ ਕਿਹੜੀਆਂ ਕਿਹੜੀਆਂ ਬਿਮਾਰੀਆਂ ਹਟ ਸਕਦੀਆਂ ਹਨ। ਗੱਲਾਂ ਵੀ ਨਵੀਂਆਂ ਸਨ ਤੇ ਉਨ੍ਹਾਂ ਨੂੰ ਪੇਸ਼ ਕਰਨ ਦਾ ਢੰਗ ਵੀ ਨਿਰਾਲਾ। ਸਾਡੇ ਗਰੁੱਪ ਵਿਚੋਂ ਕੁਝ ਲੋਕਾਂ ਨੇ ਏਥੋਂ ਵੀ ਵੱਡੀ ਮਾਤਰਾ ਵਿੱਚ ਚਾਹ ਖ੍ਰੀਦੀ।



ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਦੁਨੀਆਂ ਦੇ ਹੋਰ ਮੁਲਕਾਂ ਵਾਂਗ ਚੀਨ ਦੇ ਲੋਕਾਂ ਨੇ ਵੀ ਸੈਲਾਨੀਆਂ ਨੂੰ ਇਤਿਹਾਸਕ ਤੇ ਕੁਦਰਤੀ ਥਾਵਾਂ ਦਿਖਾਉਣ ਦੇ ਨਾਲ ਨਾਲ ਆਪਣੀਆਂ ਪੈਦਾ ਕੀਤੀਆਂ ਵਸਤਾਂ ਵੇਚਣ ਦਾ ਕੰਮ ਜੋੜਿਆ ਹੋਇਆ ਹੈ। ਇਹ ਵਰਤਾਰਾ ਹਰ ਮੁਲਕ ਦੀ ਟੂਰਿਸਟ ਇੰਡਸਟਰੀ ਦਾ ਹਿੱਸਾ ਹੈ। ਹੈਰਾਨੀ ਸ਼ਾਇਦ ਇਸ ਗੱਲ ਵਿੱਚ ਹੈ ਕਿ ਇਹ ਕੰਮ ਚੀਨ ਦੀ ਸਰਕਾਰ ਵਲੋਂ ਬਹੁਤ ਹੀ ਸ਼ਿੱਦਤ ਨਾਲ ਕੀਤਾ ਜਾਂਦਾ ਹੈ। ਕੁਝ ਦਿਨ ਪਿੱਛੋਂ ਅਸੀਂ ਇੱਕ ਰੇਸ਼ਮ ਦੀਆਂ ਵਸਤਾਂ ਬਣਾਉਣ ਵਾਲੀ ਜਗ੍ਹਾ ਗਏ।

ਪਹਿਲਾਂ ਸਾਨੂੰ ਉਸ ਥਾਂ ਦਾ ਟੂਰ ਦਿੱਤਾ ਗਿਆ ਜਿੱਥੇ ਰੇਸ਼ਮ ਦੇ ਕੀੜੇ ਰੱਖੇ ਹੋਏ ਸਨ ਤੇ ਦਿਖਾਇਆ ਕਿ ਕਿਸ ਤਰ੍ਹਾਂ ਇਹ ਕੀੜੇ ਪਾਲ਼ੇ ਜਾਂਦੇ ਹਨ। ਫੇਰ ਉਹ ਸਾਨੂੰ ਉਨ੍ਹਾਂ ਮਸ਼ੀਨਾਂ ਕੋਲ ਲੈ ਕੇ ਗਏ ਜਿਹੜੀਆਂ ਰੇਸ਼ੇ ਨੂੰ ਕੀੜਿਆਂ ਦੇ ਖ਼ੋਲ਼ ਤੋਂ ਲਾਹ ਕੇ ਵਰਤਣ ਲਈ ਨਾਲੀਆਂ 'ਤੇ ਚਾੜ੍ਹਦੀਆਂ ਹਨ। ਇਨ੍ਹਾਂ ਮਸ਼ੀਨਾਂ 'ਤੇ ਕੰਮ ਕਰਦੀਆਂ ਔਰਤਾਂ ਸਾਡੇ ਕੈਮਰਿਆਂ ਦੀ ਕਲਿੱਕ ਕਲਿੱਕ ਤੋਂ ਬੇਖਬਰ ਆਪਣਾ ਕੰਮ ਕਰੀ ਜਾ ਰਹੀਆਂ ਸਨ। ਰੇਸ਼ਮ ਤਿਆਰ ਕਰਨ ਦੇ ਅਮਲ ਬਾਰੇ ਦੱਸਣ ਦੇ ਨਾਲ ਨਾਲ ਉਹ ਸਾਨੂੰ ਉਸ ਇਲਾਕੇ ਦੇ ਇਤਿਹਾਸਕ ਪਿਛੋਕੜ ਬਾਰੇ ਵੀ ਦੱਸ ਰਹੇ ਸਨ ਕਿ ਰੇਸ਼ਮ ਪੈਦਾ ਕਰਨ ਦਾ ਕੰਮ ਉੱਥੇ ਕਿੰਨੇ ਲੰਮੇ ਸਮੇਂ ਤੋਂ ਹੋ ਰਿਹਾ ਹੈ। ਇਸ ਮਾਹੌਲ ਵਿਚੋਂ ਗੁਜ਼ਰਦਿਆਂ ਇਹ ਸਾਰੀ ਜਾਣਕਾਰੀ ਮਨ 'ਤੇ ਬੜਾ ਡੂੰਘਾ ਪ੍ਰਭਾਵ ਪਾਉਂਦੀ ਹੈ। ਫੇਰ ਉਹ ਸਾਨੂੰ ਵੱਡੇ ਸਾਰੇ ਸ਼ੋਅ-ਰੂਮ ਵਿੱਚ ਲੈ ਕੇ ਗਏ। ਉੱਥੇ ਕੰਮ ਕਰ ਰਹੀਆਂ ਨੌਜਵਾਨ ਕੁੜੀਆਂ ਖੂਬ ਬਣੀਆਂ ਸਜੀਆਂ ਸਨ। ਇਮਾਨਦਾਰ ਦਿਸਦੀਆਂ ਇਹ ਕੁੜੀਆਂ ਫੌਰੀ ਦੋਸਤੀ ਦੇ ਹੁਨਰ 'ਚ ਰੱਜ ਕੇ ਮਾਹਿਰ ਸਨ। ਜਾਦੂਗਰਾਂ ਵਾਂਗ ਉਹ ਸਭ ਕੁਝ ਇਹ ਕਹਿ ਕੇ ਵੇਚ ਰਹੀਆਂ ਸਨ ਕਿ ਇਹੋ ਜਿਹਾ ਖਰਾ ਤੇ ਸਸਤਾ ਰੇਸ਼ਮ ਤੁਹਾਨੂੰ ਦੁਨੀਆਂ ਭਰ ਵਿੱਚ ਹੋਰ ਕਿਤੋਂ ਮਿਲ ਈ ਨਹੀਂ ਸਕਦਾ। ਉਨ੍ਹਾਂ ਦੇ ਕਹਿਣ ਵਿੱਚ ਤਾਂ ਸ਼ਾਇਦ ਕੋਈ ਵੱਡਾ ਝੂਠ ਜਾਂ ਧੋਖਾ ਨਾ ਹੋਵੇ ਪਰ ਜਾਦੂਗਰੀ ਏਸ ਗੱਲ 'ਚ ਹੈ ਕਿ ਤੁਹਾਡੇ ਅੰਦਰ ਮੱਲੋ ਮੱਲੀ ਉਹ ਚੀਜ਼ ਖ਼੍ਰੀਦਣ ਦੀ ਖਾਹਿਸ਼ ਪੈਦਾ ਹੋ ਜਾਂਦੀ ਹੈ ਜਿਹਦੀ ਹੋਂਦ ਬਾਰੇ ਕੁਝ ਪਲ ਪਹਿਲਾਂ ਤੱਕ ਤੁਸੀਂ ਜਾਣਦੇ ਵੀ ਨਹੀਂ ਹੁੰਦੇ। ਚੀਨ ਵਿੱਚ ਇਹ ਕਮਾਲ ਵਾਪਰਦਾ ਅਸੀਂ ਕਈ ਵਾਰ ਦੇਖਿਆ, ਤੇ ਉਹ ਵੀ ਆਪਣੇ ਨਾਲ, ਕਿਸੇ ਹੋਰ ਨਾਲ ਨਹੀਂ।

ਰਾਤ ਨੂੰ ਖਾਣੇ ਬਾਅਦ ਸਥਾਨਕ ਇਤਿਹਾਸ, ਮਿਥਹਾਸ ਤੇ ਸਭਿਆਚਾਰ ਨੂੰ ਦਰਸਾਉਂਦਾ ਇੱਕ ਸ਼ੋਅ ਦੇਖਿਆ। ਰੌਸ਼ਨੀਆਂ, ਆਵਾਜ਼ਾਂ ਤੇ ਕਲਾਕਾਰਾਂ ਦੀ ਮਾਅਰਕੇ ਦੀ ਬਾਜ਼ੀਗਰੀ ਇਸ ਸ਼ੋਅ ਦੀ ਖਾਸੀਅਤ ਸੀ। ਇੱਕ ਘੰਟਾ ਦਸ ਮਿੰਟ ਦੇ ਇਸ ਸ਼ੋਅ ਵਿੱਚ ਇੱਕ ਪੱਲ ਵੀ ਵੇਹਲਾ ਜਾਂ ਅਕੇਵੇਂ ਵਾਲਾ ਨਹੀਂ ਸੀ। ਹੈਰਾਨਕੁੰਨ ਤੇਜ਼ੀ ਨਾਲ ਅੱਖਾਂ ਅੱਗੇ ਅਨੇਕਾਂ ਸੀਨ ਬਦਲਦੇ। ਛੇ ਸੱਤ ਸਾਲ ਦੀ ਉਮਰ ਦੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਕਲਾਕਾਰ ਇਸ ਪੇਸ਼ਕਾਰੀ ਦਾ ਹਿੱਸਾ ਸਨ।

**ਵੀਰਵਾਰ, 16, ਅਕਤੂਬਰ**



ਜਿਆਂਗਸੂ ਸੂਬੇ ਦੇ ਸ਼ਹਿਰ ਹੈਂਗਜੋਅ ਤੋਂ ਬਾਅਦ ਅਸੀਂ ਅਨਹੁਈ ਸੂਬੇ ਵਿੱਚ ਦਾਖਲ ਹੋਏ। ਇਸ ਸੂਬੇ ਦੇ ਛੀਡੀਅ ਅਤੇ ਹੌਂਗ-ਕੂ ਨਾਂ ਦੇ ਦੋ ਬਹੁਤ ਪੁਰਾਣੇ ਤੇ ਖੂਬਸੂਰਤ ਪਿੰਡ ਦੇਖਣ ਗਏ। ਚੀਨ ਦੇ ਇਹ ਦੋਵੇਂ ਪਿੰਡ ਵਰਲਡ ਕਲਚਰਲ ਹੈਰੀਟੇਜ ਦਾ ਹਿੱਸਾ ਹਨ। ਇਹ ਅੱਠ ਨੌਂ ਸੌ ਸਾਲ ਪੁਰਾਣੇ ਹਨ ਪਰ ਦੋਵਾਂ ਹੀ ਪਿੰਡਾਂ ਦੀਆਂ ਬਹੁਤੀਆਂ ਇਮਾਰਤਾਂ ਪੰਜ ਕੁ ਸੌ ਸਾਲ ਪੁਰਾਣੀਆਂ ਹਨ। ਇਨ੍ਹਾਂ ਪਿੰਡਾਂ ਦੀਆਂ ਇਹ ਇਮਾਰਤਾਂ ਧਨਾਢ ਵਪਾਰੀਆਂ ਨੇ ਬਣਾਈਆਂ ਸਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਘਰਾਂ ਦੀ ਵਿਉਂਤ, ਘਰਾਂ ਵਿੱਚ ਲੱਕੜੀ ਅਤੇ ਪੱਥਰਾਂ 'ਤੇ ਕੀਤੀ ਚਿੱਤਰਕਾਰੀ, ਪੱਕੀਆਂ ਪੱਥਰਾਂ ਦੀਆਂ ਗਲੀਆਂ, ਕੁਦਰਤੀ ਸੋਮਿਆਂ ਤੋਂ ਪਾਣੀ ਦਾ ਪਿੰਡ ਵਿੱਚ ਨੂੰ ਤੇ ਫੇਰ ਬਾਹਰ ਨੂੰ ਵਹਾਅ, ਖੁਦ ਬਣਾਈਆਂ ਛੋਟੀਆਂ ਝੀਲਾਂ ਤੇ ਛੱਪੜ ਸਾਰਾ ਕੁਝ ਆਲੇ ਦੁਆਲੇ ਨਾਲ ਇਸ ਤਰ੍ਹਾਂ ਘੁਲੇ ਮਿਲੇ ਹਨ ਕਿ ਕਿਸੇ ਕਿਸਮ ਦੀ ਵੀ ਕੋਈ ਚੀਜ਼ ਏਨੇ ਸਾਲਾਂ ਬਾਅਦ ਵੀ ਰੜਕਦੀ ਨਹੀਂ। ਇਨ੍ਹਾਂ ਪਿੰਡਾਂ ਨੂੰ ਇੱਕ ਅਜੀਬ ਕਿਸਮ ਦੇ ਜਿਉਂਦੇ ਜਾਗਦੇ ਅਜਾਇਬ ਘਰ ਬਣਾ ਦਿੱਤਾ ਗਿਆ ਹੈ। ਏਥੇ ਲੋਕ ਰਹਿ ਵੀ ਰਹੇ ਹਨ ਤੇ ਨਾਲ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸੈਲਾਨੀ ਰੋਜ਼ ਆ ਕੇ ਇਨ੍ਹਾਂ ਪਿੰਡਾਂ ਨੂੰ ਦੇਖਦੇ ਹਨ। ਪ੍ਰਦਰਸ਼ਨੀ ਵਾਸਤੇ ਕੁਝ ਘਰ ਖਾਲੀ ਰੱਖੇ ਹੋਏ ਹਨ। ਜਿਨ੍ਹਾਂ ਘਰਾਂ ਵਿੱਚ ਲੋਕ ਰਹਿ ਰਹੇ ਹਨ ਉਨ੍ਹਾਂ ਦੇ ਵੀਹੀ ਨਾਲ ਲਗਦੇ ਹਿੱਸੇ ਵਿੱਚ ਛੋਟੀ ਮੋਟੀ ਦੁਕਾਨ ਬਣਾਈ ਹੋਈ ਹੈ। ਇਨ੍ਹਾਂ ਦੁਕਾਨਾਂ ਵਿੱਚ ਸਥਾਨਕ ਚੀਜ਼ਾਂ ਤੋਂ ਬਿਨਾਂ ਚੀਨ ਨਾਲ ਸਬੰਧਤ ਹਰ ਕਿਸਮ ਦੇ ਨਿੱਕੇ ਮੋਟੇ ਚਿੰਨ ਵੀ ਵਿਕਦੇ ਹਨ। ਮੈਂ ਏਥੋਂ ਮਾਓ ਦਾ ਇੱਕ ਧੂੜ ਭਰਿਆ ਫੁੱਟ ਕੁ ਉੱਚਾ ਪਿੱਤਲ ਦਾ ਬੁੱਤ ਖ਼੍ਰੀਦਿਆ। ਮਾਓ ਨੇ ਆਪਣੀ ਸੱਜੀ ਬਾਂਹ ਸਲੂਟ ਵਿੱਚ ਉਤਾਂਹ ਨੂੰ ਚੁੱਕੀ ਹੋਈ ਹੈ। ਬਾਅਦ ਵਿੱਚ ਉਸ ਨਾਲ ਦੇ ਬੁੱਤ ਮੈਂ ਹੋਰ ਵੀ ਬਹੁਤ ਥਾਈਂ ਵਿਕਦੇ ਦੇਖੇ। ਪਤਾ ਲੱਗਾ ਕਿ ਕਿਸੇ ਵਕਤ ਵੱਡੀ ਗਿਣਤੀ ਵਿੱਚ ਇਹ ਬੁੱਤ ਲੋਕਾਂ ਵਿੱਚ ਵੰਡੇ ਗਏ ਸਨ ਜੋ ਹੌਲੀ ਹੌਲੀ ਇਨ੍ਹਾਂ ਦੁਕਾਨਾਂ ਤੱਕ ਪਹੁੰਚ ਗਏ। ਜਿਸ ਦੁਕਾਨਦਾਰ ਤੋਂ ਮੈਂ ਇਹ ਖ਼੍ਰੀਦਿਆ ਸੀ ਉਹ ਪਹਿਲਾਂ ਚਾਰ ਸੌ ਚੀਨੀ ਯੂਆਨ ਮੰਗ ਰਿਹਾ ਸੀ ਤੇ ਫੇਰ ਸੌ ਵਿੱਚ ਦੇ ਦਿੱਤਾ। ਬਾਅਦ ਵਿੱਚ ਇੱਕ ਹੋਰ ਦੁਕਾਨਦਾਰ ਪੰਜਾਹ ਤੇ ਇੱਕ ਹੋਰ ਉਸ ਤੋਂ ਵੀ ਘੱਟ ਕਰਨੇ ਨੂੰ

ਤਿਆਰ ਸੀ। ਚੀਨੀ ਇਮਾਰਤਸਾਜ਼ੀ ਵਿੱਚ ਘਰਾਂ ਦੀਆਂ ਛੱਤਾਂ ਦੇ ਨਮੂਨੇ ਤੇ ਰੰਗ ਬਹੁਤ ਮਹੱਤਵ ਰੱਖਦੇ ਹਨ। ਵੱਖਰੇ ਵੱਖਰੇ ਪਿੰਡਾਂ ਇਲਾਕਿਆਂ ਦੀਆਂ ਛੱਤਾਂ ਦੇ ਫਰਕ ਤੋਂ ਉਨ੍ਹਾਂ ਦੀ ਵੱਖਰੀ ਪਛਾਣ ਦਾ ਪਤਾ ਲਗਦਾ ਹੈ। ਇਹ ਛੱਤਾਂ ਵਿਚਲੇ ਫਰਕ ਰਾਜਿਆਂ ਤੇ ਸਰਕਾਰੀ ਅਹੁਦਿਆਂ ਵਾਲੇ ਲੋਕਾਂ ਦੇ ਘਰਾਂ ਵਿੱਚ ਵੀ ਬੜੀ ਦਿਲਚਸਪ ਕਹਾਣੀ ਦੱਸਦੇ ਹਨ। ਅਮੀਰਾਂ ਦੇ ਘਰਾਂ ਦੀਆਂ ਛੱਤਾਂ ਦੇ ਕੋਨਿਆਂ ’ਤੇ ਜਾਨਵਰਾਂ ਦੇ ਛੋਟੇ ਛੋਟੇ ਬੁੱਤ ਬਣਾ ਕੇ ਲਾਏ ਹੁੰਦੇ ਹਨ। ਜਿੰਨਾ ਕੋਈ ਵੱਡਾ ਅਹੁਦੇਦਾਰ ਉਨੇ ਹੀ ਜ਼ਿਆਦਾ ਉਹਦੀ ਛੱਤ ’ਤੇ ਜਾਨਵਰਾਂ ਦੇ ਬੁੱਤ। ਵੱਧ ਤੋਂ ਵੱਧ ਗਿਆਰਾਂ ਬੁੱਤ ਲਾਏ ਜਾ ਸਕਦੇ ਸਨ ਤੇ ਉਹ ਸਿਰਫ ਬਾਦਸ਼ਾਹ ਦੇ ਘਰ ਦੀ ਛੱਤ ਤੇ ਹੀ ਲੱਗ ਸਕਦੇ ਸਨ। ਇਸ ਪਿੰਡ ਦੇ ਅਮੀਰ ਘਰਾਂ ਵਿੱਚ ਲੱਕੜੀ ’ਤੇ ਉਕਰੇ ਚਿੱਤਰ ਵੀ ਵੱਖਰੀਆਂ ਵੱਖਰੀਆਂ ਕਹਾਣੀਆਂ ਨਾਲ ਭਰੇ ਪਏ ਹਨ। ਏਥੇ ਪਿੰਡ ਦੇ ਮਰਦਾਂ ਲਈ ਰਲ਼ ਬੈਠਣ ਦੀਆਂ ਮਹੱਤਵਪੂਰਨ ਥਾਵਾਂ ਸਨ। ਇਨ੍ਹਾਂ ਵਿਚੋਂ ਕੁਝ ਇੱਕ ਕਲਚਰਲ ਇਨਕਲਾਬ ਦੌਰਾਨ ਤਬਾਹ ਵੀ ਹੋਈਆਂ ਪਰ ਅਜੇ ਵੀ ਕੁਝ ਬਚੀਆਂ ਹੋਈਆਂ ਹਨ। ਅਮੀਰ ਘਰਾਂ ਦੀਆਂ ਔਰਤਾਂ ਨੂੰ ਘਰ ਦੀਆਂ ਕੰਧਾਂ ਅੰਦਰ ਹੀ ਕੈਦ ਰਹਿਣਾ ਪੈਂਦਾ ਸੀ ਅਤੇ ਘਰ ਦੇ ਮਰਦਾਂ ਤੋਂ ਬਿਨਾਂ ਦੂਜਿਆਂ ਸਾਹਮਣੇ ਹੋਣਾ ਸੰਭਵ ਨਹੀਂ ਸੀ। ਘਰ ਦੀ ਨੌਜਵਾਨ ਕੁੜੀ ਦੇ ਵਿਆਹ ਦੀ ਇਨ੍ਹਾਂ ਪਿੰਡਾਂ ਵਿੱਚ ਵਰਤੀ ਜਾਂਦੀ ਪਰੰਪਰਾ ਵੀ ਬੜੀ ਦਿਲਚਸਪੀ ਵਾਲੀ ਹੈ। ਕੁੜੀ ਜਦ 16 ਵਰ੍ਹਿਆਂ ਦੀ ਹੋ ਜਾਂਦੀ ਸੀ ਤਾਂ ਘਰ ਦੀ ਉਪਰਲੀ ਮੰਜ਼ਲ ਦੇ ਬਾਹਰ ਵਲ ਨੂੰ ਖੁੱਲ੍ਹਦੇ ਹਿੱਸੇ ਵਿੱਚ ਘਰ ਵਾਲੇ ਲਾਲ ਰੰਗ ਦਾ ਕੱਪੜਾ ਟੰਗ ਦਿੰਦੇ ਸਨ। ਇਸ ਤੋਂ ਸੰਕੇਤ ਮਿਲਦਾ ਸੀ ਕਿ ਇਸ ਘਰ ਵਿੱਚ ਵਿਆਹੁਣ ਯੋਗ ਕੁੜੀ ਹੈ। ਕੁੜੀ ਘਰ ਦੇ ਇਸ ਹਿੱਸੇ ਵਿੱਚ ਖੜ੍ਹੀ ਹੋ ਜਾਂਦੀ ਸੀ ਤੇ ਵਿਆਹ ਕਰਾਉਣ ਦੇ ਚਾਹਵਾਨ ਮਰਦ ਥੱਲੇ ਗਲ਼ੀ ਵਿੱਚ ਇਕੱਠੇ ਹੋ ਜਾਂਦੇ ਸਨ। ਕੁੜੀ ਰੇਸ਼ਮ ਦੇ ਕੱਪੜੇ ਦਾ ਬਣਿਆ ਗੋਲ਼ਾ ਆਪਣੀ ਪਸੰਦ ਦੇ ਮਰਦ ਵਲ ਸੁੱਟਦੀ। ਪਰ ਉਹ ਗੋਲ਼ਾ ਕਿਸੇ ਹੋਰ ਮਰਦ ਦੇ ਹੱਥ ਵੀ ਲੱਗ ਸਕਦਾ ਸੀ ਤੇ ਜਿਸ ਮਰਦ ਦੇ ਹੱਥ ਉਹ ਗੋਲ਼ਾ ਆ ਜਾਵੇ ਕੁੜੀ ਨੂੰ ਉਸੇ ਨਾਲ ਵਿਆਹ ਕਰਾਉਣਾ ਪੈਂਦਾ ਸੀ।

ਇਨ੍ਹਾਂ ਦੋਵਾਂ ਹੀ ਪਿੰਡਾਂ ਵਿੱਚ ਸਦੀਆਂ ਪਹਿਲਾਂ ਦੀ ਚੀਨੀ ਇਮਾਰਤਸਾਜ਼ੀ ਤੇ ਰਹਿਣ ਸਹਿਣ ਦੀ ਜਾਚ ਤੋਂ ਅਸੀਂ ਬੇਹੱਦ ਪ੍ਰਭਾਵਤ ਸਾਂ। ਪਰ ਜਿਹੜੀ ਚੀਜ਼ ਨੇ ਸਾਡਾ ਵਿਸ਼ੇਸ਼ ਕਰਕੇ ਧਿਆਨ ਖਿੱਚਿਆ ਉਹ ਇਹ ਸੀ ਕਿ ਦੋਵਾਂ ਹੀ ਪਿੰਡਾਂ ਵਿੱਚ ਸਕੂਲਾਂ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਆਏ ਹੋਏ ਸਨ। ਦੋਵਾਂ ਪਿੰਡਾਂ ਵਿੱਚ ਇਹ ਗਿਣਤੀ ਸ਼ਾਇਦ ਦੋ ਹਜ਼ਾਰ ਤੋਂ ਵੀ ਉੱਪਰ ਹੋਵੇ। ਉਹ ਸਾਰੇ ਆਪਣੀਆਂ ਕਲਾ ਦੀਆਂ ਜਮਾਤਾਂ ਲਈ ਕੰਮ ਕਰ ਰਹੇ ਸਨ। ਉਹ ਕੱਲੇ ਕੱਲੇ, ਜਾਂ ਦੋ ਦੋ ਚਾਰ ਚਾਰ ਦੇ ਗਰੁੱਪਾਂ ਵਿੱਚ ਬੈਠੇ ਸਨ। ਪਿੰਡ ਦੀਆਂ ਗਲ਼ੀਆਂ, ਘਰਾਂ ਦੇ ਬੂਹਿਆਂ, ਤੇ ਖਾਸ ਕਰ ਪਿੰਡ ਦੇ ਵਿੱਚ ਤੇ ਬਾਹਰ ਵਲ ਲਗਦੇ ਪਾਣੀ ਦੇ ਸੋਮਿਆਂ ਦੁਆਲੇ ਬੈਠੇ ਉਹ ਆਪੋ ਆਪਣੇ ਕੋਣ ਤੋਂ ਆਪਣੀਆਂ ਕੈਨਵਸਾਂ ਉੱਪਰ ਚਿੱਤਰ ਬਣਾ ਰਹੇ ਸਨ। ਕੋਈ ਪਾਣੀ ਵਾਲੇ ਰੰਗਾਂ ਨਾਲ, ਕੋਈ ਤੇਲ ਵਾਲੇ ਰੰਗਾਂ ਨਾਲ, ਕੋਈ ਪੈਨਸਲ ਤੇ ਕੋਈ ਚਾਕ ਨਾਲ ਆਪਣੇ ਸਾਹਮਣੇ ਦਿਸਦੇ ਦ੍ਰਿਸ਼ ਦੀ ਤਸਵੀਰ ਬਣਾ ਰਿਹਾ ਸੀ। ਨਾ ਉਹ ਕੋਈ ਰੌਲਾ ਰੱਪਾ ਪਾ ਰਹੇ ਸਨ ਤੇ ਨਾ ਹੀ ਆਸੇ ਪਾਸੇ ਫਿਰਦੇ ਸੈਲਾਨੀਆਂ ਵਲ ਕੋਈ ਬਹੁਤ ਧਿਆਨ ਦੇ ਰਹੇ ਸਨ। ਇਹ ਰਾਤ ਅਸੀਂ ਹੁਆਂਗਸ਼ਾਨ ਨਾਂਅ ਦੇ ਸ਼ਹਿਰ ਵਿੱਚ ਬਿਤਾਈ।

## ਸ਼ੁਕਰਵਾਰ, 17, ਅਕਤੂਬਰ

ਹੋਟਲ ਵਿਚੋਂ ਨਿਕਲਣ ਬਾਅਦ ਅਸੀਂ ਸਿੱਪੀਆਂ ਪਾਲ਼ ਕੇ ਉਨ੍ਹਾਂ ਵਿੱਚੋਂ ਮੋਤੀ ਕੱਢਣ ਵਾਲੀ ਜਗ੍ਹਾ ਗਏ। ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਦੇ ਸਮਾਨ ਵੇਚਣ ਦੇ ਏਨੇ ਕਾਮਯਾਬ ਤਰੀਕੇ ਹਨ ਕਿ ਤੁਸੀਂ ਨਾ ਚਾਹੁੰਦੇ ਹੋਏ ਵੀ ਕੁਝ ਨਾ ਕੁਝ ਖ੍ਰੀਦ ਹੀ ਲੈਂਦੇ ਹੋ। ਏਥੇ ਵੀ ਅਜਿਹਾ ਹੀ ਵਾਪਰਿਆ। ਸਿੱਪੀਆਂ ਵਾਲੇ ਪਾਣੀ ਦੇ ਭਰੇ ਹੌਜ਼ ਦੇਖਣ ਬਾਅਦ ਅਸੀਂ ਚਮਕੀਲੇ ਸ਼ੋਅ-ਰੂਮ ਵਿੱਚ ਗਏ। ਕੁਝ ਹੀ ਦੇਰ ਦੇ ਜਾਦੂਮਈ ਤਬਾਦਲੇ ਬਾਅਦ ਸਾਡੇ ਕਰੈਡਿੱਟ ਕਾਰਡ ਉਨ੍ਹਾਂ ਦੇ ਮੋਤੀਆਂ ਨੂੰ ਚਿਰਾਂ ਦੇ ਵਿਛੜਿਆਂ ਵਾਂਗ ਮਿਲੇ।



ਮੋਤੀਆਂ ਦੀ ਫੈਕਟਰੀ ਤੋਂ ਬਾਅਦ ਅਸੀਂ ਯੈਲੋ ਮਾਊਂਟੇਨ ’ਤੇ ਗਏ। ਚੀਨ ਦੇ ਇਤਿਹਾਸ,

ਮਿਥਿਹਾਸ ਨਾਲ ਸਬੰਧਤ ਥਾਵਾਂ ਹੋਣ ਜਾਂ ਕੁਦਰਤੀ ਸੁੰਦਰਤਾ ਵਾਲੀਆਂ ਤੇ ਜਾਂ ਅਜੋਕੇ ਦੌਰ ਦੇ ਇਮਾਰਤੀ ਅਜੂਬੇ, ਹਰ ਜਗ੍ਹਾ ਹੀ ਅੰਦਰ ਜਾਣ ਦੀ ਮੋਟੀ ਫੀਸ ਲਗਦੀ ਹੈ। ਪਰ ਵਧੀਆ ਗੱਲ ਇਹ ਹੈ ਕਿ ਸਰਕਾਰ ਨੇ ਸੈਲਾਨੀਆਂ ਵਾਸਤੇ ਬਹੁਤ ਢੁੱਕਵੇਂ ਪ੍ਰਬੰਧ ਕੀਤੇ ਹੋਏ ਹਨ। ਹਰ ਜਗ੍ਹਾ ਵੱਡੀ ਗਿਣਤੀ ਵਿੱਚ ਦੇਸੀ ਤੇ ਬਦੇਸੀ ਸੈਲਾਨੀ ਪਹੁੰਚੇ ਹੋਏ ਹੁੰਦੇ ਹਨ। ਜੇ ਇਹ ਪ੍ਰਬੰਧ ਏਨੇ ਵਧੀਆ ਨਾ ਹੋਣ ਤਾਂ ਏਨ੍ਹਾਂ ਥਾਵਾਂ 'ਤੇ ਜਾਣਾ ਬੜਾ ਅਨਸੁਖਾਵਾਂ ਅਨੁਭਵ ਹੋ ਸਕਦਾ ਹੈ। ਸਰਕਾਰ ਵਲੋਂ ਕੀਤੇ ਪ੍ਰਬੰਧ ਦੀ ਵਧੀਆ ਮਿਸਾਲ ਯੈਲੋ ਪਹਾੜ 'ਤੇ ਜਾਣ ਵੇਲੇ ਦੇਖਣ ਨੂੰ ਮਿਲੀ। ਸੈਲਾਨੀ ਜਿਹੜੀਆਂ ਬੱਸਾਂ, ਕਾਰਾਂ ਜਾਂ ਹੋਰ ਸਾਧਨਾਂ ਰਾਹੀਂ ਇਸ ਪਹਾੜ ਦੇ ਪੈਰਾਂ 'ਚ ਪਹੁੰਚਦੇ ਹਨ ਉਹ ਉਨ੍ਹਾਂ ਨੂੰ ਉੱਥੇ ਹੀ ਛੱਡਣੇ ਪੈਂਦੇ ਹਨ। ਇਸ ਦਾ ਇੱਕ ਕਾਰਨ ਵਾਤਾਵਰਨ ਦਾ ਫਿਕਰ ਵੀ ਦਿੱਤਾ ਗਿਆ ਹੈ। ਏਥੋਂ ਸਰਕਾਰ ਦੀਆਂ ਆਪਣੀਆਂ ਬੱਸਾਂ ਤੁਹਾਨੂੰ ਅਗਲੇ ਪੜਾਅ ਤੇ ਲੈ ਕੇ ਜਾਂਦੀਆਂ ਹਨ ਜਿੱਥੋਂ ਕੇਬਲ ਕਾਰ ਵਿੱਚ ਚੜ੍ਹ ਕੇ ਯੈਲੋ ਪਹਾੜ ਦੇ ਉੱਪਰ ਪਹੁੰਚਿਆ ਜਾਂਦਾ ਹੈ। ਪਹਾੜ ਦੇ ਉੱਪਰ ਸੈਲਾਨੀਆਂ ਵਾਸਤੇ ਦੋ ਤਿੰਨ ਵੱਡੇ ਵੱਡੇ ਹੋਟਲ ਬਣੇ ਹੋਏ ਹਨ ਤੇ ਰੈਸਟੋਰੈਂਟ ਵੀ। ਇਨ੍ਹਾਂ ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਬੰਦੇ ਵਹਿੰਗੀਆਂ 'ਤੇ ਰੱਖ ਕੇ ਪੈਦਲ ਪਹਾੜ ਉੱਪਰ ਚੜ੍ਹਾਉਂਦੇ ਹਨ। ਕੇਬਲ ਕਾਰ ਰਾਹੀਂ ਇਹ ਵਸਤਾਂ ਉੱਪਰ ਲਿਜਾਣੀਆਂ ਮਹਿੰਗੀਆਂ ਪੈਂਦੀਆਂ ਹਨ। ਵਹਿੰਗੀਆਂ ਚੁੱਕੀ ਜਾਂਦੇ ਇਹ ਕੁਝ ਬੰਦੇ ਸਾਡੇ ਕੋਲ ਦੀ ਲੰਘੇ। ਗਰਮੀ ਕਾਰਨ ਇਨ੍ਹਾਂ ਵਿੱਚੋਂ ਕਈਆਂ ਨੇ ਕਮੀਜ਼ਾਂ ਲਾਹੀਆਂ ਹੋਈਆਂ ਸਨ ਤੇ ਤੇੜ ਸਿਰਫ ਨਿੱਕਰਾਂ ਹੀ ਸਨ। ਸਖਤ ਮੁਸ਼ੱਕਤ ਨਾਲ ਬਣੇ ਇਨ੍ਹਾਂ ਦੇ ਸਰੀਰ ਦੇਖਣ ਵਾਲੇ ਸਨ।

ਯੈਲੋ ਮਾਊਂਟੇਨ ਚੀਨ ਦੇ ਚਾਰ ਮਸ਼ਹੂਰ ਪਹਾੜਾਂ ਵਿੱਚੋਂ ਇੱਕ ਹੈ। ਇਸ ਦੀ ਕੁਦਰਤੀ ਸੁੰਦਰਤਾ ਕਮਾਲ ਦੀ ਹੈ। ਨਾਲ ਹੀ ਇਸ ਨਾਲ ਕੁਝ ਮਿੱਥਾਂ ਵੀ ਜੁੜੀਆਂ ਹੋਈਆਂ ਹਨ। ਕਈ ਪੁਰਾਣੇ ਬੋਧੀ ਭਿਕਸ਼ੂ ਵੀ ਏਥੇ ਆਉਂਦੇ ਰਹੇ ਤੇ ਉਨ੍ਹਾਂ ਨੂੰ ਏਥੇ ਹੋਏ ਕਈ ਰੂਹਾਨੀ ਤਜਰਬਿਆਂ ਦੀਆਂ ਕਹਾਣੀਆਂ ਵੀ ਪ੍ਰਚਲਤ ਹਨ। ਇੱਕ ਬੋਧੀ ਨੂੰ ਇੱਕ ਛੱਤਰੀਦਾਰ ਦਰੱਖਤ ਦੇ ਉੱਪਰ ਇੱਕ ਸ਼ੇਰ ਬੈਠਾ ਦਿਸਿਆ ਜਦ ਉਸ ਨੇ ਦੋਬਾਰਾ ਉੱਧਰ ਦੇਖਿਆ ਤਾਂ ਉੱਥੇ ਕੁਛ ਵੀ ਨਹੀਂ ਸੀ। ਇਸ ਨਾਲ ਉਨ੍ਹਾਂ ਨੇ ਉਸ ਥਾਂ ਦਾ ਨਾਂਅ ਸ਼ੇਰ ਨਾਲ ਜੋੜ ਦਿੱਤਾ। ਸੈਲਾਨੀਆਂ ਦਾ ਮਨ ਪਰਚਾਉਣ ਲਈ ਉਨ੍ਹਾਂ ਨੇ ਕਈ ਛੱਤਰੀਦਾਰ ਦਰੱਖਤਾਂ ਨੂੰ ਵੱਖਰੇ ਵੱਖਰੇ ਡਰੈਗਨਾਂ ਦੇ ਨਾਂਅ ਦਿੱਤੇ ਹੋਏ ਹਨ। ਸ਼ੇਰ ਤੇ ਡਰੈਗਨ ਚੀਨੀ ਸਭਿਆਚਾਰ ਵਿੱਚ ਸ਼ਕਤੀ ਦਾ ਪ੍ਰਤੀਕ ਹਨ ਤੇ ਹਰ ਪਾਸੇ ਰਾਜਿਆਂ, ਅਮੀਰਾਂ ਤੇ ਹੋਰ ਤਾਕਤਵਰ ਲੋਕਾਂ ਵਲੋਂ ਵੀ ਆਪਣੀ ਸ਼ਕਤੀ ਦਾ ਵਿਖਾਵਾ ਕਰਨ ਲਈ ਇਨ੍ਹਾਂ ਪ੍ਰਤੀਕਾਂ ਦੀ ਖੁੱਲ ਕੇ ਵਰਤੋਂ ਕੀਤੀ ਜਾਂਦੀ ਹੈ। ਅਮੀਰ ਲੋਕਾਂ ਦੇ ਘਰਾਂ ਅੱਗੇ ਤੇ ਮਹੱਤਵਪੂਰਨ ਇਮਾਰਤਾਂ ਅੱਗੇ ਦੋ ਬੁੱਤ ਹੁੰਦੇ ਹਨ – ਇੱਕ ਸ਼ੇਰ ਦਾ ਤੇ ਇੱਕ ਸ਼ੇਰਨੀ ਦਾ। ਦਰਵਾਜੇ ਦੇ ਖੱਬੇ ਪਾਸੇ (ਅੰਦਰੋਂ ਬਾਹਰ ਨੂੰ ਜਾਂਦਿਆਂ) ਸ਼ੇਰ ਹੁੰਦਾ ਹੈ ਤੇ ਸੱਜੇ ਪਾਸੇ ਸ਼ੇਰਨੀ। ਸ਼ੇਰ ਦੇ ਇੱਕ ਹੱਥ ਥੱਲੇ ਇੱਕ ਗੋਲ਼ਾ ਜਾਂ ਬਾਲ ਹੁੰਦਾ ਹੈ ਜੋ ਸ਼ਕਤੀ ਦਾ ਪ੍ਰਤੀਕ ਹੈ ਤੇ ਸ਼ੇਰਨੀ ਦੇ ਹੱਥ ਥੱਲੇ ਬੱਚਾ ਹੁੰਦਾ ਹੈ ਜੋ ਪਰਵਾਰ ਅਤੇ ਅਗਲੀਆਂ ਪੀੜ੍ਹੀਆਂ ਦਾ ਪ੍ਰਤੀਕ ਹੈ।

ਇਸ ਪਹਾੜ ਉੱਪਰ ਅਰਬਾਂ ਸਾਲਾਂ 'ਚ ਹੋਏ ਪਾਣੀ ਤੇ ਹਵਾ ਦੇ ਅਸਰ ਕਾਰਨ ਪੱਥਰਾਂ ਦੇ ਕਈ ਅਜੀਬੋ ਗਰੀਬ ਰੂਪ ਬਣੇ ਹੋਏ ਹਨ। ਪੱਥਰਾਂ ਦੇ ਇਸ ਕਿਸਮ ਦੇ ਰੂਪ ਦੁਨੀਆਂ ਦੇ ਹੋਰ ਥਾਵਾਂ 'ਤੇ ਵੀ ਦੇਖਣ ਨੂੰ ਮਿਲਦੇ ਹਨ। ਚੀਨੀ ਲੋਕਾਂ ਨੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਵੱਖਰੇ ਵੱਖਰੇ ਨਾਂਅ ਦਿੱਤੇ ਹੋਏ ਹਨ ਜਿਨ੍ਹਾਂ ਵਿੱਚੋਂ ਧਰਮ ਨਾਲੋਂ ਸਭਿਆਚਾਰਕ ਪੱਖ ਕਿਤੇ ਜ਼ਿਆਦਾ ਭਾਰੂ ਜਾਪਦਾ ਹੈ। ਜਿਵੇਂ ਇੱਕ ਪਹਾੜੀ 'ਤੇ ਇੱਕ ਇਕੱਲਾ ਪੱਥਰ ਬਚਿਆ ਹੋਇਆ ਹੈ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਇੱਕ ਬਾਂਦਰ ਹੈ ਜੋ ਬੈਠਾ ਥੱਲੇ ਵਾਦੀ ਵਿਚਲੀ ਦੁਨੀਆਂ ਬਾਰੇ ਸੋਚ ਰਿਹਾ ਹੈ। ਯੈਲੋ ਪਹਾੜ ਦੀ ਕੁਦਰਤੀ ਸੁੰਦਰਤਾ ਮੌਸਮਾਂ ਅਨੁਸਾਰ ਬਦਲਦੀ ਰਹਿੰਦੀ ਹੈ। ਸਾਡੀ ਇਹ ਖੁਸ਼ਕਿਸਮਤੀ ਸੀ ਕਿ ਅਸੀਂ ਠੀਕ ਮੌਸਮ ਵਿੱਚ ਏਥੇ ਆਏ ਸਾਂ। ਇਹ ਪਹਾੜ ਵਿਸ਼ੇਸ਼ ਤੌਰ 'ਤੇ ਅਕਤੂਬਰ ਦੇ ਮਹੀਨੇ ਵਿੱਚ ਹੀ ਦਿਲਕਸ਼ ਹੁੰਦਾ ਹੈ ਜਦੋਂ ਪਤਝੜ ਦੀ ਰੁੱਤੇ ਰੁੱਖ ਆਪਣੇ ਰੰਗ ਬਦਲਦੇ ਹਨ। ਪਹਾੜ ਦੀਆਂ ਵੱਖ ਵੱਖ ਚੋਟੀਆਂ ਤੋਂ ਇਹ ਨਜ਼ਾਰਾ ਵੱਖ ਵੱਖ ਦਿਸਦਾ ਸੀ। ਦਰੱਖਤਾਂ ਦੇ ਪੀਲ਼ੇ, ਲਾਲ, ਗੁਲਾਬੀ ਆਦਿ ਰੰਗਾਂ ਦੀਆਂ ਅਨੇਕਾਂ ਤਸਵੀਰਾਂ ਅੱਖਾਂ ਅੱਗੇ ਨਾਚ ਕਰਦੀਆਂ ਹਨ ਤੇ ਮਨ ਨੂੰ ਇੱਕ ਅਜੀਬ ਖੁਸ਼ੀ ਨਾਲ ਭਰ ਦਿੰਦੀਆਂ ਹਨ। ਯੈਲੋ ਪਹਾੜ ਦੇਖਣ ਬਾਅਦ ਅਸੀਂ ਨੈਨਜਿੰਗ ਸ਼ਹਿਰ ਵਲ ਰੁੱਖ ਕੀਤਾ। ਤਿੰਨ ਸੌ ਕਿਲੋਮੀਟਰ ਦਾ ਸਫਰ ਅਸੀਂ ਸਾਢੇ ਕੁ ਪੰਜ ਘੰਟਿਆਂ ਵਿੱਚ ਕੀਤਾ।

## ਅਕਤੂਬਰ 18, ਸ਼ਨਿਚਰਵਾਰ

ਨੈਨਜਿੰਗ ਸ਼ਹਿਰ ਯੈਂਗਤਜ਼ੇ ਦਰਿਆ ਦੇ ਕੰਢੇ 'ਤੇ ਵਸਿਆ ਇਤਿਹਾਸਕ ਮਹੱਤਤਾ ਵਾਲਾ ਸ਼ਹਿਰ ਹੈ ਤੇ ਜਿਆਂਗਸੂ ਸੂਬੇ ਦੀ ਰਾਜਧਾਨੀ ਹੈ। ਪੁਰਾਣੇ ਜ਼ਮਾਨਿਆਂ ਵਿੱਚ ਇਸ ਸ਼ਹਿਰ ਦੀ ਮਹੱਤਤਾ ਦੇ ਨਾਲ ਨਾਲ ਇਹ ਥਾਂ ਦਸੰਬਰ 1937 ਵਿੱਚ ਜਪਾਨੀਆਂ ਵਲੋਂ ਵੱਡੀ ਪੱਧਰ 'ਤੇ ਕੀਤੀ ਕਤਲੋਗਾਰਤ ਕਰਕੇ ਵੀ ਪ੍ਰਸਿੱਧ ਹੈ। ਦਸੰਬਰ 1937 ਤੋਂ ਲੈ ਕੇ ਫਰਵਰੀ 1938 ਤੱਕ ਏਥੇ ਦੋ ਤੋਂ ਲੈ ਕੇ ਤਿੰਨ ਲੱਖ ਤੱਕ ਚੀਨੀ ਲੋਕ ਜਪਾਨੀਆਂ ਹੱਥੋਂ ਮਾਰੇ ਗਏ ਸਨ।

ਨੈਨਜਿੰਗ ਸ਼ਹਿਰ ਵਿੱਚ ਸਵੇਰੇ ਉੱਠ ਕੇ ਸਾਡੀ ਪਹਿਲੀ ਸਰਗਰਮੀ ਡਾਕਟਰ ਸਨ-ਯੇਤਸੇਨ ਦਾ ਮਕਬਰਾ ਦੇਖਣਾ ਸੀ। ਡਾਕਟਰ ਸਨ-ਯੇਤਸੇਨ ਨੂੰ ਚੀਨੀ ਲੋਕ 'ਫਾਦਰ ਆਫ ਚਾਨੀਈਜ਼ ਰੀਪਬਲਿਕ' ਅਤੇ 'ਫਾਦਰ ਆਫ ਚਾਈਨੀਜ਼ ਰੈਵੋਲਿਊਸ਼ਨ' ਮੰਨਦੇ ਹਨ। ਚੀਨ ਵਿੱਚ ਤਬਦੀਲੀ ਲਈ ਉਹਦੇ ਤਿੰਨ ਮੁੱਖ ਵਿਚਾਰ ਸਨ – ਰਾਸ਼ਟਰਵਾਦ, ਲੋਕਤੰਤਰ ਤੇ ਬਰਾਬਰੀ। ਆਪਣੇ ਜੀਵਨ ਦੌਰਾਨ ਸਨ-ਯੇਤਸੇਨ ਆਪਣੇ ਇਰਾਦਿਆਂ ਨੂੰ ਪੂਰਾ ਕਰਨ ਵਿੱਚ ਬਹੁਤਾ ਕਾਮਯਾਬ ਨਹੀਂ ਸੀ ਹੋਇਆ। ਉਸ ਦੀ ਮੌਤ 1924 ਵਿੱਚ ਹੋਈ ਸੀ। ਪਰ ਉਸ ਦੇ ਵਿਚਾਰਾਂ ਨੇ ਚੀਨ ਵਿੱਚ ਲੋਕਾਂ ਨੂੰ ਇਨਕਲਾਬ ਲਈ ਤਿਆਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਚੀਨ ਵਿੱਚ ਵੀ ਤੇ ਬਾਹਰ, ਖਾਸ ਕਰ ਪੱਛਮ ਵਿੱਚ, ਡਾਕਟਰ ਸਨ-ਯੇਤਸੇਨ ਦਾ ਬਹੁਤ ਮਾਣ ਸਤਿਕਾਰ ਹੈ। ਸਾਡੇ ਵੈਨਕੂਵਰ ਦੇ ਚਾਈਨਾ ਟਾਊਨ ਵਿੱਚ ਉਸ ਦੇ ਨਾਂ 'ਤੇ ਇੱਕ ਮਸ਼ਹੂਰ ਗਾਰਡਨ ਬਣਿਆਂ ਹੋਇਆ ਹੈ ਜੋ ਵੈਨਕੂਵਰ ਦੀਆਂ ਦੇਖਣ ਵਾਲੀਆਂ ਸੁੰਦਰ ਥਾਵਾਂ ਵਿੱਚ ਗਿਣਿਆਂ ਜਾਂਦਾ ਹੈ।

ਨੈਨਜਿੰਗ ਵਿਚਲੇ ਉਸ ਦੇ ਮਕਬਰੇ ਨੂੰ ਦੇਖਣ ਉਸ ਦਿਨ ਵੀ ਹਜ਼ਾਰਾਂ ਲੋਕ ਆਏ ਸਨ। ਏਥੇ ਜਿਹੜੀ ਚੀਜ਼ ਜ਼ਿਆਦਾ ਧਿਆਨ ਖਿੱਚਦੀ ਸੀ, ਉਹ ਸੀ ਨੌਜਵਾਨਾਂ ਦੀ ਵੱਡੀ ਗਿਣਤੀ। ਸਾਡੀ ਗਾਈਡ ਦੇ ਦੱਸਣ ਮੁਤਾਬਕ ਹਰ ਸ਼ਨਿਚਰਵਾਰ ਤੇ ਐਤਵਾਰ ਨੂੰ ਡੇੜ ਦੋ ਲੱਖ ਤੱਕ ਚੀਨੀ ਨੌਜਵਾਨ ਆਪਣੇ ਮੁਲਕ ਦੇ ਮਸ਼ਹੂਰ ਨੇਤਾ ਦੇ ਇਸ ਮਕਬਰੇ ਨੂੰ ਦੇਖਣ ਆਉਂਦੇ ਹਨ। ਮਕਬਰਾ ਕਾਫੀ ਵੱਡੇ ਥਾਂ ਵਿੱਚ ਬਣਿਆਂ ਹੋਇਆ ਹੈ। ਵੱਡਾ ਗੇਟ ਲੰਘ ਕੇ ਅੰਦਰ ਉੱਚੀਆਂ ਪੌੜੀਆਂ ਚੜ੍ਹ ਕੇ ਮੁੱਖ ਹਾਲ ਤੱਕ ਪਹੁੰਚਿਆ ਜਾਂਦਾ ਹੈ। ਦੇਖਣ ਨੂੰ ਇਹ ਥਾਂ ਚੰਡੀਗੜ੍ਹ ਨੇੜਲੇ ਪਿੰਜੌਰ ਗਾਰਡਨ ਵਰਗੀ ਲਗਦੀ ਹੈ। ਮੁਖ ਹਾਲ ਦੇ ਵਿਚਾਲੇ ਫਰਾਂਸੀਸੀ ਬੁੱਤਸਾਜ਼ ਪਾਲ ਰੈਂਡੋਵਸਕੀ ਵਲੋਂ ਬਣਾਇਆ ਡਾਕਟਰ ਸਨ-ਯੇਤਸੇਨ ਦਾ ਚਿੱਟੇ ਸੰਗਮਰਮਰ ਦਾ ਬੁੱਤ ਹੈ। ਲੋਕਾਂ ਦੇ ਦੇਖਣ ਪੜ੍ਹਨ ਲਈ ਇਸ ਹਾਲ ਦੇ ਅੰਦਰ ਬਾਹਰ ਬਹੁਤ ਕੁਝ ਲਿਖਿਆ ਮਿਲਦਾ ਹੈ।

ਮਕਬਰਾ ਦੇਖਣ ਬਾਅਦ ਅਸੀਂ ਯੈਂਗਤਜ਼ੇ ਦਰਿਆ 'ਤੇ ਬਣਿਆਂ ਮਸ਼ਹੂਰ ਪੁਲ਼ ਦੇਖਿਆ। ਇਸ ਪੁਲ਼ ਦੇ ਦੋਵੀਂ ਪਾਸੀਂ ਉੱਚੇ ਉੱਚੇ ਗੇਟ ਬਣੇ ਹੋਏ ਹਨ। ਜਿਸ ਪਾਸਿਓਂ ਅਸੀਂ ਅੰਦਰ ਵੜੇ ਉੱਥੇ ਮਾਓ-ਜ਼ੇ-ਤੁੰਗ ਦਾ ਇੱਕ ਵੱਡਾ ਬੁੱਤ ਲਾਇਆ ਹੋਇਆ ਸੀ। ਬੁੱਤ ਵਾਲਾ ਕਮਰਾ ਬਹੁਤ ਖੁੱਲ੍ਹਾ ਸੀ ਤੇ ਛੱਤ ਉੱਚੀ। ਨਾਲ ਦੇ ਕਮਰਿਆਂ ਵਿੱਚ ਸੈਲਾਨੀਆਂ ਨੂੰ ਵੇਚਣ ਲਈ ਕਰਿਸਟਲ ਦੇ ਬਣੇ ਗੋਲ਼ ਖੋਖਲੇ ਬਾਲ ਸਨ। ਇਨ੍ਹਾਂ ਵਿੱਚ ਬਾਹਰੋਂ ਇੱਕ ਛੋਟੇ ਜਿਹੇ ਛੇਕ ਰਾਹੀਂ ਬੁਰਸ਼ ਪਾ ਕੇ ਭਾਂਤ ਭਾਂਤ ਦੀਆਂ ਤਸਵੀਰਾਂ ਬਣਾਈਆਂ ਹੋਈਆਂ ਸਨ। ਇਹ ਬਾਲ ਛੋਟੇ ਵੱਡੇ ਕਿੰਨੇ ਹੀ ਵੱਖਰੇ ਵੱਖਰੇ ਆਕਾਰ ਦੇ ਸਨ ਤੇ ਵੱਡਿਆਂ ਦੀ ਕੀਮਤ ਹਜ਼ਾਰਾਂ ਡਾਲਰਾਂ ਵਿੱਚ ਸੀ।

ਉਸ ਦਿਨ ਦੀ ਸ਼ਾਮ ਅਸੀਂ ਇੱਕ ਹੋਰ ਸ਼ਾਪਿੰਗ ਸੈਂਟਰ ਵਿੱਚ ਬਿਤਾਈ ਜਿਸ ਦਾ ਨਾਂਅ ਕੰਨਫਿਊਸ਼ਿਅਸ ਟੈਂਪਲ ਸ਼ਾਪਿੰਗ ਸੈਂਟਰ ਹੈ। ਏਥੇ ਫਿਰਨਾ ਬੜਾ ਹੀ ਆਨੰਦਮਈ ਸੀ ਕਿਉਂਕਿ ਆਸ ਪਾਸ ਦੇਖਣ ਲਈ ਬਹੁਤ ਸਾਰੀਆਂ ਪੁਰਾਣੀਆਂ ਇਮਾਰਤਾਂ ਸਨ।

ਸ਼ਾਮ ਨੂੰ ਅਸੀਂ ਨੈਨਜਿੰਗ ਤੋਂ ਅਗਲੇ ਸ਼ਹਿਰ ਚੇਂਗਜੂ ਨੂੰ ਰਾਤ ਭਰ ਗੱਡੀ ਦਾ ਸਫਰ ਕਰਕੇ ਜਾਣਾ ਸੀ। ਸਾਡੀ ਗਾਈਡ ਨੇ ਸਾਡੇ ਲਈ ਗੱਡੀ ਵਿੱਚ ਸੌਫਟ ਸਲੀਪਿੰਗ ਕੈਬਿਨਾਂ ਬੁੱਕ ਕਰਾਈਆਂ ਹੋਈਆਂ ਸਨ। ਸਾਡੇ ਕੋਲ ਸਮਾਨ ਜ਼ਿਆਦਾ ਹੋਣ ਕਾਰਨ ਸਾਨੂੰ ਕੁਝ ਮੁਸ਼ਕਿਲ ਪੇਸ਼ ਆਈ ਪਰ ਜਿੱਥੋਂ ਤੱਕ ਗੱਡੀ ਦੇ ਸਫਰ ਦਾ ਸਬੰਧ ਹੈ ਉਹ ਕਾਫੀ ਆਰਾਮ ਵਾਲਾ ਤੇ ਦਿਲਚਸਪੀ ਵਾਲਾ ਸੀ। ਗੱਡੀ ਤੁਰਨ ਦੇ ਛੇਤੀ ਬਾਅਦ ਸਮਾਨ ਵੇਚਣ ਵਾਲਿਆਂ ਦੀਆਂ ਰੇੜੀਆਂ ਆਉਣੀਆਂ ਸ਼ੁਰੂ ਹੋ ਗਈਆਂ। ਖਾਣ ਪੀਣ ਦੇ ਸਮਾਨ ਤੇ ਬੀਅਰ ਦੇ ਨਾਲ ਨਾਲ ਉਹ ਯਾਤਰੀਆਂ ਦੇ ਮਨੋਰੰਜਨ ਲਈ ਡੀ ਵੀ ਡੀ ਤੇ ਡੀ ਵੀ ਡੀ ਪਲੇਅਰ ਵੀ ਕਿਰਾਏ 'ਤੇ ਦੇਣ ਦਾ ਹੋਕਾ ਦੇ ਰਹੇ ਸਨ।

ਗੱਡੀ ਵਿਚਲੇ ਡਾਇਨਿੰਗ ਰੂਮ ਵਿੱਚ ਖਾਣਾ ਤੇ ਬੀਅਰ ਕਾਫੀ ਸਸਤੇ ਸਨ। ਰਾਤ ਦੇ ਗਿਆਰਾਂ ਵਜੇ ਤੱਕ ਬੀਅਰ ਪੀਣ ਵਾਲਿਆਂ ਦੀ ਏਥੇ ਭੀੜ ਲੱਗੀ ਰਹੀ। ਇਸ ਵਿੱਚ ਚੀਨੀ ਲੋਕ ਵੀ ਸਨ ਤੇ ਵਿਦੇਸ਼ੀ ਵੀ। ਇਹ ਦੇਖ ਕੇ ਕੁਝ ਹੈਰਾਨੀ ਜਿਹੀ ਹੋਈ ਕਿ ਪੰਜ ਛੇ ਰੂਸੀਆਂ ਦਾ ਗਰੁੱਪ ਬੜਾ ਅਮਰੀਕਨਾਂ ਵਾਂਗ ਪੇਸ਼ ਆ ਰਿਹਾ ਸੀ ਜਿਵੇਂ ਸਾਰੀ ਦੁਨੀਆਂ ਸਿਰਫ ਉਨ੍ਹਾਂ ਦੇ ਮਾਨਣ, ਭੋਗਣ ਲਈ ਬਣਾਈ ਗਈ ਹੋਵੇ।

## ਐਤਵਾਰ, 19, ਅਕਤੂਬਰ

ਸਾਡੀ ਗੱਡੀ ਸਵੇਰੇ ਸਵਾ ਸੱਤ ਵਜੇ ਚੇਂਗਜੂ ਪਹੁੰਚ ਗਈ। ਚੀਨ ਦੀਆਂ ਦੋ ਵੱਡੀਆਂ ਰੇਲ ਲਾਈਨਾਂ – ਬੀਜਿੰਗ ਤੋਂ ਗੁਆਂਗਜੋ ਅਤੇ ਛਿਆਨ ਤੋਂ ਸ਼ੰਘਾਈ – ਚੇਂਗਜੂ ਵਿੱਚ ਮਿਲਦੀਆਂ ਹਨ। ਏਥੇ ਤਿੰਨ ਰੇਲਵੇ ਸਟੇਸ਼ਨ ਹਨ ਅਤੇ ਇੱਥੋਂ ਚਾਲੀ ਦਿਸ਼ਾਵਾਂ ਵੱਲ ਗੱਡੀਆਂ ਜਾਂਦੀਆਂ ਹਨ। ਇਹ ਹੁਨਾਨ ਸੂਬੇ ਦਾ ਮਸ਼ਹੂਰ ਤੇ ਇਤਿਹਾਸਕ ਸ਼ਹਿਰ ਹੈ। ਇਸ ਵੇਲੇ ਹੁਨਾਨ ਸੂਬੇ ਦੀ ਜਨ ਸੰਖਿਆ 100 ਮਿਲੀਅਨ ਤੋਂ ਉੱਤੇ ਹੈ ਜਿਹੜੀ ਚੀਨ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਵੱਧ ਹੈ।

ਚੇਂਗਜੂ ਪਹੁੰਚਣ 'ਤੇ ਸਾਡੇ ਵਾਸਤੇ ਵੀਹ ਇੱਕੀ ਸਵਾਰੀਆਂ ਵਾਲੀ ਬੱਸ ਪਹਿਲਾਂ ਹੀ ਸਟੇਸ਼ਨ 'ਤੇ ਆਈ ਹੋਈ ਸੀ ਤੇ ਨਾਲ ਹੀ ਉੱਥੋਂ ਦਾ ਸਥਾਨਕ ਦੁਭਾਸ਼ੀਆ ਗਾਈਡ ਜਿਸ ਨੇ ਸਾਡੇ ਨਾਲ ਅਗਲੇ ਤਿੰਨ ਚਾਰ ਦਿਨ ਰਹਿਣਾ ਸੀ। ਇਹ ਗੱਲ ਖਾਸ ਦੱਸਣ ਵਾਲੀ ਹੈ ਕਿ ਟੋਨੀ ਕੂਓ ਨੇ ਸਾਡੇ ਖਾਣ ਪੀਣ, ਆਉਣ ਜਾਣ ਤੇ ਰਹਿਣ ਦਾ ਪ੍ਰਬੰਧ ਏਨਾ ਵਧੀਆ ਕੀਤਾ ਹੋਇਆ ਸੀ ਕਿ ਅਸੀਂ ਅਕਸਰ ਹੈਰਾਨ ਹੁੰਦੇ। ਸਾਨੂੰ ਜਿੰਨੇ ਵੀ ਗਾਈਡ ਤੇ ਡਰਾਈਵਰ ਮਿਲੇ ਉਹ ਸਾਰੇ ਪੁੱਜ ਕੇ ਇਮਾਨਦਾਰ ਸਨ ਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਸਦਾ ਤਤਪਰ ਰਹਿੰਦੇ ਸਨ। ਕੋਈ ਵੀ ਗਾਈਡ ਜਾਂ ਡਰਾਈਵਰ ਮਿੱਥੇ ਸਮੇਂ ਤੋਂ ਮਿੰਟ ਵੀ ਲੇਟ ਨਹੀਂ ਹੋਇਆ। ਉਨ੍ਹਾਂ ਦੀਆਂ ਹਰਕਤਾਂ ਤੇ ਕੰਮ ਕਰਨ ਦੇ ਅੰਦਾਜ਼ ਵਿੱਚ ਭਾਰਤ ਦੇ ਗਰੀਬ ਜਾਂ ਇਸ ਕਿਸਮ ਦੇ ਕਿੱਤਿਆਂ ਵਿਚਲੇ ਲੋਕਾਂ ਵਾਲੀ ਬੇਲੋੜੀ ਚਾਪਲੂਸੀ ਵਰਗਾ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ। ਉਹ ਬਿਲਕੁਲ ਬਰਾਬਰ ਦੇ ਮਾਣ-ਮੱਤੇ ਇਨਸਾਨਾਂ ਵਾਂਗ ਆਪਣਾ ਕੰਮ ਕਰਦੇ ਸਨ। ਆਪਣੇ ਕੰਮ ਤੇ ਫਰਜ਼ ਵੱਲ ਇਮਾਨਦਾਰੀ ਵਾਲੀ ਇਹ ਪਹੁੰਚ ਅਸੀਂ ਦੂਜੇ ਲੋਕਾਂ ਵਿਚ ਵੀ ਦੇਖੀ ਖਾਸ ਕਰ, ਹੋਟਲਾਂ ਆਦਿ ਵਿਚ ਕੰਮ ਕਰਦੇ ਸਕਿਊਰਿਟੀ ਗਾਰਡਾਂ ਵਿਚ। ਇਨ੍ਹਾਂ ਰਾਹੀਂ ਹੀ ਸਾਨੂੰ ਚੀਨੀ ਲੋਕਾਂ ਦੇ ਰਹਿਣ ਸਹਿਣ ਬਾਰੇ ਜਾਣਕਾਰੀ ਮਿਲਦੀ ਸੀ ਤੇ ਇਨ੍ਹਾਂ ਵਲੋਂ ਪੇਸ਼ ਕੀਤੀ ਉਦਾਹਰਨ ਆਪਣੇ ਆਪ ਵਿੱਚ ਹੈਰਾਨ ਕਰਨ ਵਾਲੀ ਸੀ।



ਅਸੀਂ ਹੋਟਲ ਵਿੱਚ ਸਮਾਨ ਰੱਖ ਕੇ ਨਾਸ਼ਤਾ ਕੀਤਾ। ਕੁਝ ਹੀ ਦੇਰ ਬਾਅਦ ਅਸੀਂ ਹੁਨਾਨ ਸੂਬੇ ਦੀ ਚੇਂਗਜੂ ਵਿਚਲੀ ਉਸ ਵੱਡੀ ਲਾਇਬ੍ਰੇਰੀ ਵਿੱਚ ਪਹੁੰਚੇ ਜਿਸ ਨੂੰ ਬਰਨਬੀ ਵਾਲੇ ਗਰੁੱਪ ਨੇ ਅੰਗ੍ਰੇਜ਼ੀ ਦੀਆਂ ਚਾਲੀ ਹਜ਼ਾਰ ਕਿਤਾਬਾਂ ਭੇਂਟ ਕੀਤੀਆਂ ਸਨ। ਇਸ ਸਬੰਧੀ ਲਾਇਬ੍ਰੇਰੀ ਵਿੱਚ ਰਸਮੀ ਤੌਰ 'ਤੇ ਫੰਕਸ਼ਨ ਰੱਖਿਆ ਗਿਆ ਸੀ। ਉੱਥੇ ਆਏ ਹੋਏ ਲਾਇਬ੍ਰੇਰੀ ਦੇ ਅਤੇ ਸੂਬੇ ਦੇ ਸਭਿਆਚਾਰਕ ਵਿਭਾਗ ਦੇ ਅਧਿਕਾਰੀਆਂ ਵਿੱਚ ਗਵਰਨਰ, ਡਾਇਰੈਕਟਰ ਤੇ ਸੈਕਟਰੀ ਸ਼ਾਮਲ ਸਨ। ਬਾਹਰ ਲਾਇਬ੍ਰੇਰੀ ਦੀ ਵੱਡੀ ਕੰਧ 'ਤੇ ਲਾਲ ਚੀਨੀ ਅੱਖਰਾਂ ਵਿੱਚ ਵੱਡਾ ਪੋਸਟਰ ਲਾਇਆ ਹੋਇਆ ਸੀ ਜਿਸ ਬਾਰੇ ਸਾਨੂੰ ਦੱਸਿਆ ਗਿਆ ਕਿ ਇਹ ਸਾਡੇ ਸਵਾਗਤ ਲਈ ਹੈ। ਇਸੇ ਕਿਸਮ ਦਾ ਇੱਕ ਵੱਡਾ ਪੋਸਟਰ ਲਾਇਬ੍ਰੇਰੀ ਦੇ ਉਸ ਹਾਲ ਕਮਰੇ ਵਿੱਚ ਵੀ ਸੀ ਜਿੱਥੇ ਫੰਕਸ਼ਨ ਹੋਣਾ ਸੀ।

ਹਾਲ ਕਮਰੇ ਵਿੱਚ ਆਹਮੋ ਸਾਹਮਣੇ ਕੁਰਸੀਆਂ ਦੀਆਂ ਦੋ ਕਤਾਰਾਂ ਸਨ। ਇੱਕ 'ਤੇ ਲਾਇਬ੍ਰੇਰੀ ਦੇ ਅਤੇ ਸੂਬੇ ਦੇ ਅਧਿਕਾਰੀ ਬੈਠੇ ਸਨ ਅਤੇ ਦੂਜੀ ਕਤਾਰ ਦੀਆਂ ਕੁਰਸੀਆਂ 'ਤੇ ਅਸੀਂ ਕਨੇਡਾ ਤੋਂ ਆਏ ਹੋਏ। ਇਸ ਸਾਰੇ ਸਮਾਗਮ ਨੂੰ ਸੂਬੇ ਦਾ ਸੈਕਟਰੀ ਚਲਾ ਰਿਹਾ ਸੀ। ਉਹ ਬਹੁਤ ਹੀ ਸਾਊ ਦਿਸਦੇ ਚਿਹਰੇ ਵਾਲਾ ਬੀਬਾ ਜਿਹਾ ਇਨਸਾਨ ਸੀ। ਲਾਇਬ੍ਰੇਰੀ ਤੇ ਗਰੀਬ ਪਿੰਡ ਦੇ ਸਕੂਲ ਨੂੰ ਮਦਦ ਦੇਣ ਦਾ ਸਾਰਾ ਪ੍ਰਬੰਧ ਉਹਦੀ ਭੱਜ ਨੱਸ ਦਾ ਹੀ ਨਤੀਜਾ ਸੀ। ਪਰ ਉਹਦੇ ਅੰਗਰੇਜ਼ੀ ਨਾ ਜਾਣਦਾ ਹੋਣ ਕਾਰਨ ਉਹਦੇ ਨਾਲ ਸਿੱਧੀ ਗੱਲਬਾਤ ਕਰਨ ਦਾ ਮੌਕਾ ਨਾ ਮਿਲਿਆ। ਅਗਲੇ ਕੁਝ ਦਿਨ ਉਹ ਸਾਨੂੰ ਨਜ਼ਰ ਆਉਂਦਾ ਰਿਹਾ। ਉਹਦੀ ਗੱਲਬਾਤ ਤੇ ਰੰਗ ਢੰਗ ਤੋਂ ਉਹ ਉਸ ਕਿਸਮ ਦਾ ਕਾਮਰੇਡ ਲਗਦਾ ਸੀ ਜੋ ਸੱਚਮੁੱਚ ਆਪਣੇ ਕੰਮ ਵਿੱਚ ਯਕੀਨ ਕਰਦੇ ਹਨ ਤੇ ਮਨ 'ਚ ਲੋਕ ਸੇਵਾ ਦਾ ਆਦਰਸ਼ ਲੈ ਕੇ ਜੀਊਂਦੇ ਹਨ।

ਟੋਨੀ ਕੂਓ ਨੇ ਸਾਡੀ ਸਾਰਿਆਂ ਦੀ ਜਾਣ ਪਛਾਣ ਚੀਨੀ ਵਿੱਚ ਕਰਵਾਈ। ਫੇਰ ਵਾਰੀ ਵਾਰੀ ਸਾਰੇ ਅਧਿਕਾਰੀਆਂ ਨੇ ਸਾਨੂੰ 'ਜੀ ਆਇਆਂ' ਕਿਹਾ। ਉਨ੍ਹਾਂ ਨੇ ਆਪਣੀ ਗੱਲਬਾਤ ਵਿੱਚ ਚੀਨ ਤੇ ਕਨੇਡਾ ਦੇ ਲੋਕਾਂ ਦੀ ਆਪਸੀ ਸਾਂਝ ਦੀਆਂ ਗੱਲਾਂ ਕੀਤੀਆਂ। ਟੋਨੀ ਤੇ ਸਾਡੇ ਗਾਈਡ ਸੁਇਨ ਨੇ ਵਿਚੋਂ ਕੁਝ ਇੱਕ ਦਾ ਅਨੁਵਾਦ ਕੀਤਾ। ਮੈਂ ਤੇ ਅਜਮੇਰ ਨੇ ਲਾਇਬ੍ਰੇਰੀ ਦੀ ਹੈੱਡ ਨੂੰ ਆਪਣੀਆਂ ਕਿਤਾਬਾਂ ਭੇਂਟ ਕੀਤੀਆਂ। ਇਹ ਸਾਰਾ ਕੁਝ ਸਾਡੇ ਸੱਜੇ ਪਾਸੇ ਡੱਠੀਆਂ ਕੁਰਸੀਆਂ 'ਤੇ ਬੈਠੇ ਤੀਹ ਕੁ ਸ੍ਰੋਤਿਆਂ ਸਾਹਮਣੇ ਹੋ ਰਿਹਾ ਸੀ। ਇਹ ਸ੍ਰੋਤੇ ਲਾਇਬ੍ਰੇਰੀ ਅਤੇ ਸਭਿਆਚਾਰਕ ਵਿਭਾਗ ਵਿੱਚ ਕੰਮ ਕਰਨ ਵਾਲੇ ਹੀ ਲੋਕ ਸਨ। ਬੈਠਿਆਂ ਵਿਚੋਂ ਦੋ ਜਣਿਆਂ ਨੂੰ ਬੋਲਣ ਲਈ ਕਿਹਾ ਗਿਆ। ਇਨ੍ਹਾਂ ਨੇ ਅੰਗ੍ਰੇਜ਼ੀ ਵਿੱਚ ਸਾਨੂੰ ਦੱਸਿਆ ਕਿ ਉਹ ਇਨ੍ਹਾਂ ਕਿਤਾਬਾਂ ਦੇ ਪਾਠਕ ਹਨ ਜੋ ਸਾਡੇ ਵਲੋਂ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅੰਗ੍ਰੇਜ਼ੀ ਸਿੱਖਣ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਇਨ੍ਹਾਂ ਕਿਤਾਬਾਂ ਤੋਂ ਫਾਇਦਾ ਉਠਾ ਰਹੇ ਹਨ।

ਸਾਰੀ ਕਾਰਵਾਈ ਦਾ ਅੰਦਾਜ਼ ਸੰਜੀਦਾ ਸੀ ਪਰ ਸਰਕਾਰੀ ਫੰਕਸ਼ਨਾਂ ਵਾਂਗ ਘੁੱਟਵਾਂ ਨਹੀਂ ਸੀ। ਉੱਚ ਅਧਿਕਾਰੀਆਂ ਨੇ ਆਪਣੀ ਗੱਲਬਾਤ ਵਿੱਚ ਹਲਕੀਆਂ ਫੁਲਕੀਆਂ ਗੱਲਾਂ ਵੀ ਕੀਤੀਆਂ ਜਿਨ੍ਹਾਂ 'ਤੇ ਸ੍ਰੋਤਿਆਂ ਨੇ ਕਈ ਵਾਰ ਹਾਸੇ ਦੇ ਨਾਲ ਤਾੜੀਆਂ ਵੀ ਮਾਰੀਆਂ। ਫੇਰ ਸਾਡੇ ਵਿੱਚੋਂ ਵੀ ਦਰਸ਼ਨ ਮਾਨ, ਮਾਰੀਓ, ਅਜਮੇਰ, ਮੈਂ ਤੇ ਜੌਐਨ ਨੇ ਸੰਖੇਪ ਵਿੱਚ ਉਨ੍ਹਾਂ ਦਾ ਧੰਨਵਾਦ ਕੀਤਾ।

ਫੰਕਸ਼ਨ ਤੋਂ ਬਾਅਦ ਅਸੀਂ ਲਾਇਬ੍ਰੇਰੀ ਦੀ ਚੌਥੀ ਮੰਜ਼ਲ 'ਤੇ ਗਏ ਜਿੱਥੇ ਅੰਗ੍ਰੇਜ਼ੀ ਦੀਆਂ ਕਿਤਾਬਾਂ ਵਾਸਤੇ ਇੱਕ ਵਿਸ਼ੇਸ਼ ਕਮਰਾ ਰੱਖਿਆ ਗਿਆ ਸੀ। ਇਸ ਕਮਰੇ ਦੇ ਬਾਹਰ ਹਾਲ ਵਿੱਚ ਇੱਕ ਪੂਰੀ ਦੀ ਪੂਰੀ ਕੰਧ 'ਤੇ ਕਨੇਡਾ ਤੇ ਚੀਨ ਦੇ ਝੰਡੇ ਲਾ ਕੇ ਦੋਸਤੀ ਦਾ ਪੈਗਾਮ ਲਿਖਿਆ ਹੋਇਆ ਸੀ। ਨਾਲ ਹੀ ਕੰਧ ਉੱਪਰ ਕੁਝ ਤਸਵੀਰਾਂ ਵੀ ਲਾਈਆਂ ਹੋਈਆਂ ਸਨ। ਇਨ੍ਹਾਂ ਤਸਵੀਰਾਂ ਵਿੱਚ ਸਾਡੇ ਬਰਨਬੀ ਦੇ ਐੱਮ ਐੱਲ ਏ ਰਾਜ ਚੌਹਾਨ ਦੀ ਵੀ ਕਿਤਾਬਾਂ ਇਕੱਤਰ ਕਰਨ ਵਾਲੇ ਵਲੰਟੀਅਰਾਂ ਨਾਲ ਤਸਵੀਰ ਸੀ। ਇਹ ਕਿਤਾਬਾਂ ਇਕੱਠੀਆਂ ਕਰਕੇ ਰਾਜ ਚੌਹਾਨ ਦੇ ਦਫਤਰ ਵਿੱਚ ਰੱਖੀਆਂ ਜਾਂਦੀਆਂ ਸਨ। ਸ਼ੈਲਫਾਂ 'ਤੇ ਰੱਖਣ ਤੋਂ ਪਹਿਲਾਂ ਸਾਰੀਆਂ ਕਿਤਾਬਾਂ 'ਤੇ ਨਵੀਂਆਂ ਜਿਲਦਾਂ ਚੜ੍ਹਾਈਆਂ ਗਈਆਂ ਸਨ। ਬਹੁਤ ਸਾਰੀਆਂ ਕਿਤਾਬਾਂ ਡੱਬਿਆਂ ਵਿੱਚ ਹੀ ਬੰਦ ਸਨ ਕਿਉਂਕਿ ਉਨ੍ਹਾਂ ਨੂੰ ਸ਼ੈਲਫਾਂ 'ਤੇ ਰੱਖਣ ਲਈ ਅਜੇ ਤਿਆਰ ਨਹੀਂ ਸੀ ਕੀਤਾ ਗਿਆ।



ਲੰਚ ਵੀ ਲਾਇਬ੍ਰੇਰੀ ਵਲੋਂ ਦਿੱਤਾ ਗਿਆ ਸੀ ਤੇ ਸਾਰੇ ਉੱਚ ਅਧਿਕਾਰੀ ਸ਼ਾਮਲ ਸਨ। ਏਥੇ ਸਾਡੇ ਵਾਸਤੇ ਖਾਣੇ ਪੱਖੋਂ ਹੀ ਨਹੀਂ ਹੋਰ ਵੀ ਬਹੁਤ ਕੁਝ ਨਵਾਂ ਸੀ। ਸੂਬੇ ਦੇ ਗਵਰਨਰ ਤੇ ਸੈਕਟਰੀ ਨੇ ਸਾਰਿਆਂ ਨਾਲ ਸ਼ਰਾਬ ਦੇ ਟੋਸਟ ਕੀਤੇ। ਚੀਨੀ ਸਿਆਸੀ ਲੋਕਾਂ ਵਿੱਚ ਇਹ ਸਿਫਤ ਹੋਣੀ ਜ਼ਰੂਰੀ ਹੈ ਕਿ ਉਹ ਬਹੁਤ ਸਾਰੀ ਸ਼ਰਾਬ ਪੀ ਤੇ ਪਚਾ ਸਕਦੇ ਹੋਣ। ਤਕਰੀਬਨ ਹਰ ਸੂਬੇ ਦੀ ਹੀ ਨਹੀਂ ਹਰ ਸ਼ਹਿਰ ਦੀ ਆਪਣੀ ਵਿਲੱਖਣ ਸ਼ਰਾਬ ਤੇ ਬੀਅਰ ਹੁੰਦੀ ਹੈ। ਇਨ੍ਹਾਂ ਵਸਤਾਂ ਦੀ ਉਹ ਮਾਣ ਨਾਲ ਸਿਫਤ ਕਰਦੇ ਹਨ। ਹੁਨਾਨ ਸੂਬਾ ਸਾਰੇ ਚੀਨ ਵਿਚੋਂ ਜਨ-ਸੰਖਿਆ ਦੇ ਪੱਖੋਂ ਵੱਡਾ ਹੈ ਤੇ ਖੇਤੀਬਾੜੀ ਪ੍ਰਧਾਨ ਖੇਤਰ ਹੈ। ਇਸ ਨੂੰ ਪੰਜਾਬ ਵਾਂਗ ਚੀਨ ਦੀ ਬਰੈੱਡ ਬਾਸਕਿਟ ਕਿਹਾ ਜਾਂਦਾ ਹੈ। ਏਥੋਂ ਦੀਆਂ ਬੀਅਰਾਂ ਅਤੇ ਸ਼ਰਾਬਾਂ 'ਤੇ ਏਥੋਂ ਦੇ ਲੋਕਾਂ ਨੂੰ ਬਹੁਤ ਮਾਣ ਹੈ। ਇੱਕ ਸ਼ਹਿਰ ਵਿੱਚ ਅਸੀਂ ਉਸ ਵਿਅਕਤੀ ਦਾ ਇੱਕ ਚੌਕ ਵਿੱਚ ਬਹੁਤ ਵੱਡਾ ਬੁੱਤ ਲੱਗਾ ਦੇਖਿਆ ਜਿਸ ਨੇ ਇਸ ਇਲਾਕੇ ਦੀ ਸ਼ਰਾਬ ਤਿਆਰ ਕੀਤੀ ਸੀ। ਇਹ ਗੱਲਾਂ ਸਾਨੂੰ ਕੁਝ ਹੈਰਾਨੀ ਵਾਲੀਆਂ ਲੱਗੀਆਂ ਕਿਉਂਕਿ ਵੈਨਕੂਵਰ ਰਹਿੰਦਿਆਂ ਸਾਡਾ ਖਿਆਲ ਸੀ ਕਿ ਚੀਨੀ ਲੋਕ ਸ਼ਰਾਬ ਦੇ ਘੱਟ ਸ਼ੌਕੀਨ ਹਨ। ਸਾਡੀ ਜਾਣਕਾਰੀ ਵਿੱਚ ਇਸ ਗੱਲ ਦਾ ਵੀ ਵਾਧਾ ਹੋਇਆ ਕਿ ਵੈਨਕੂਵਰ ਜਾਂ ਕਨੇਡਾ ਰਹਿਣ ਵਾਲੇ ਚੀਨੀ ਲੋਕ ਸਚਮੁੱਚ ਸ਼ਰਾਬ ਘੱਟ ਪੀਂਦੇ ਹਨ ਅਤੇ ਚੀਨ ਦੇ ਚੀਨੀ ਲੋਕਾਂ ਨਾਲੋਂ ਜ਼ਿਆਦਾ ਧਾਰਮਿਕ ਹਨ।

ਚੀਨੀ ਲੋਕ ਸ਼ਰਾਬ ਖਾਣਾ ਖਾਣ ਸਮੇਂ ਪੀਂਦੇ ਹਨ, ਛੋਟੇ ਛੋਟੇ ਗਲਾਸਾਂ ਵਿੱਚ, ਜਿਨ੍ਹਾਂ ਨੂੰ ਅੰਗ੍ਰੇਜ਼ੀ ਵਿੱਚ ਸ਼ੌਟ ਕਿਹਾ ਜਾਂਦਾ ਹੈ। ਸ਼ਰਾਬ ਵਿੱਚ ਪਾਣੀ ਜਾਂ ਸੋਢਾ ਵਗੈਰਾ ਨਹੀਂ ਮਿਲਾਇਆ ਜਾਂਦਾ। ਲੰਚ ਸਮੇਂ ਸੂਬੇ ਦਾ ਗਵਰਨਰ ਤੇ ਸੈਕਟਰੀ ਦੋਵੇਂ ਇਕੱਠੇ ਸਾਰੇ ਮਹਿਮਾਨਾਂ ਕੋਲ ਵਾਰੋ ਵਾਰੀ ਗਏ। ਸੈਕਟਰੀ ਗਲਾਸ ਵਿੱਚ ਸ਼ਰਾਬ ਪਾਉਂਦਾ ਸੀ ਤੇ ਗਵਰਨਰ ਮਹਿਮਾਨ ਨੂੰ ਜੀ ਆਇਆ ਆਖਦਾ ਹੋਇਆ ਉਸ ਨਾਲ ਆਪਣਾ ਗਲਾਸ ਟਕਰਾਉਂਦਾ। ਗਲਾਸ ਵਿੱਚ ਜਿੰਨੀ ਸ਼ਰਾਬ ਪਾਈ ਗਈ ਹੋਵੇ ਉਹ ਪੀ ਕੇ ਗਲਾਸ ਦਾ ਥੱਲਾ ਇੱਕ ਦੂਜੇ ਨੂੰ ਦਿਖਾਉਣਾ ਹੁੰਦਾ ਹੈ। ਇੱਕ ਦੂਜੇ ਦੇ ਮਾਣ ਸਤਿਕਾਰ ਵਿੱਚ ਪੀਤੀ ਗਈ ਸ਼ਰਾਬ ਦਾ ਇਹ ਵਿਸ਼ੇਸ਼ ਦਸਤੂਰ ਹੈ। ਉਹਨੇ ਸਾਰੇ ਮਹਿਮਾਨਾਂ ਨਾਲ ਏਸੇ ਤਰ੍ਹਾਂ ਟੋਸਟ ਕੀਤਾ। ਇਸ ਸਮੇਂ ਪੀਤੀ ਜਾ ਰਹੀ ਇਹ ਬਹੁਤ ਮਹਿੰਗੀ ਚੀਨੀ ਸ਼ਰਾਬ ਸੀ। ਇਸ ਸਮੇਂ ਗਵਰਨਰ ਆਪ ਇੱਕ ਹੀ ਗਲਾਸ ਨਾਲ ਦੋ ਤਿੰਨ ਜਣਿਆਂ ਨਾਲ ਟੋਸਟ ਕਰ ਰਿਹਾ ਸੀ। ਪਰ ਜੇ ਉਹ

ਹੋਰ ਚੀਨੀ ਸਿਆਸੀ ਲੋਕਾਂ ਨਾਲ ਪੀ ਰਿਹਾ ਹੁੰਦਾ ਤਾਂ ਉਹ ਅਜਿਹਾ ਨਹੀਂ ਸੀ ਕਰ ਸਕਦਾ। ਉਹਨੂੰ ਹਰ ਇੱਕ ਨਾਲ ਆਪਣਾ ਗਲਾਸ ਖਾਲੀ ਕਰਨਾ ਪੈਣਾ ਸੀ। ਸਿਆਸਤ ਵਿੱਚ ਕਾਮਯਾਬ ਔਰਤਾਂ ਵੀ ਏਸੇ ਤਰ੍ਹਾਂ ਸ਼ਰਾਬ ਦੇ ਟੋਸਟ ਕਰਦੀਆਂ ਹਨ। ਵੱਧ ਤੋਂ ਵੱਧ ਸ਼ਰਾਬ ਪੀ ਸਕਣ ਵਾਲੇ ਦੀ ਵੱਧ ਤੋਂ ਵੱਧ ਸਿਫਤ ਹੁੰਦੀ ਹੈ।

ਸ਼ਰਾਬ ਪੀਣ ਦੇ ਇਨ੍ਹਾਂ ਦੌਰਾਂ ਦਾ ਨਤੀਜਾ ਅਕਸਰ ਮਾੜਾ ਹੀ ਹੁੰਦਾ ਹੈ। ਬਹੁਤੇ ਲੋਕ ਇੱਕੋ ਸਮੇਂ ਪੀਤੀ ਏਨੀ ਸ਼ਰਾਬ ਪਚਾ ਨਹੀਂ ਸਕਦੇ ਤੇ ਖਾਣੇ ਦੌਰਾਨ ਹੀ ਜਾਂ ਬਾਅਦ ਵਿੱਚ ਖਾਧਾ ਪੀਤਾ ਸਭ ਕੱਢ ਦਿੰਦੇ ਹਨ। ਇਹੋ ਭਾਣਾ ਇੱਕ ਦੋ ਵਾਰ ਸਾਡੇ ਵਿੱਚੋਂ ਵੀ ਕੁਝ ਇੱਕ ਨਾਲ ਵਾਪਰਿਆ। ਪਰ ਚੰਗੀ ਗੱਲ ਇਹ ਹੈ ਕਿ ਇਸ ਨੂੰ ਕਿਸੇ ਤਰ੍ਹਾਂ ਵੀ ਬੁਰਾ ਨਹੀਂ ਸਮਝਿਆ ਜਾਂਦਾ।

ਦੁਪਹਿਰੋਂ ਬਾਅਦ ਪਹਿਲਾਂ ਮਿੱਥੇ ਪ੍ਰੋਗਰਾਮ ਅਨੁਸਾਰ ਅਸੀਂ ਚੇਂਗਜੂ ਸ਼ਹਿਰ ਤੋਂ ਪੰਜਾਹ ਸੱਠ ਕਿਲੋਮੀਟਰ ’ਤੇ ਪੈਂਦੇ ਯੈਲੋ ਰਿਵਰ ਨੂੰ ਦੇਖਣ ਜਾਣਾ ਸੀ। ਪਰ ਸਥਾਨਕ ਅਹੁਦੇਦਾਰਾਂ ਵਲੋਂ ਸਾਡਾ ਇਹ ਪ੍ਰੋਗਰਾਮ ਬਦਲ ਦਿੱਤਾ ਗਿਆ। ਉਸ ਦੀ ਥਾਂ ’ਤੇ ਸਾਨੂੰ ਸਥਾਨਕ ਯੂਨੀਵਰਸਿਟੀ ਦੇ ਕਲਾ ਵਿਭਾਗ ਵਿੱਚ ਲਿਜਾਇਆ ਗਿਆ। ਏਥੇ ਸਾਡੇ ਵਾਸਤੇ ਪੋਰਸਲੇਨ – ਚੀਨੀ ਮਿੱਟੀ ਦੇ ਵਿਸ਼ੇਸ਼ ਭਾਂਡੇ – ਦੀ ਇੱਕ ਨੁਮਾਇਸ਼ ਦਾ ਕਮਰਾ ਖੋਲ੍ਹਿਆ ਗਿਆ ਜੋ ਸਿਰਫ ਬਾਹਰੋਂ ਆਏ ਵਿਸ਼ੇਸ਼ ਵਿਅਕਤੀਆਂ ਵਾਸਤੇ ਹੀ ਖੋਲ੍ਹਿਆ ਜਾਂਦਾ ਹੈ। ਇਹ ਨੁਮਾਇਸ਼ ਇਕੋ ਵਿਅਕਤੀ ਦੀਆਂ ਬਣਾਈਆਂ ਸੁਰਾਹੀਆਂ ਤੇ ਹੋਰ ਵੱਖਰੇ ਵੱਖਰੇ ਭਾਂਡੇ ਤੇ ਕਲਾ ਕਿਰਤਾਂ ਦੀ ਸੀ। ਇਸ ਵਿਅਕਤੀ ਨੇ ਪਰਸਲੇਨ ਬਣਾਉਣ ਦੇ ਢੰਗਾਂ ਵਿੱਚ ਤੇ ਮਿੱਟੀ ਵਿਚੋਂ ਰੰਗਾਂ ਨੂੰ ਕੁਦਰਤੀ ਢੰਗ ਨਾਲ ਕੱਢਣ ਲਈ ਕੁਝ ਨਵੀਂਆਂ ਤਕਨੀਕਾਂ ਇਜ਼ਾਦ ਕੀਤੀਆਂ ਸਨ। ਤਕਨੀਕੀ ਯੰਤਰਾਂ ਨਾਲ ਉਨ੍ਹਾਂ ਸਾਨੂੰ ਦਿਖਾਇਆ ਕਿ ਆਮ ਦਿਸਦੀ ਤਹਿ ਥੱਲੇ ਅਨੇਕਾਂ ਕਿਸਮਾਂ ਦੇ ਕਲਾਤਮਈ ਨਮੂਨੇ ਬਣੇ ਹੋਏ ਹਨ ਜੋ ਨੰਗੀ ਅੱਖ ਨਹੀਂ ਦੇਖ ਸਕਦੀ। ਵੱਡਦਰਸ਼ੀ ਸ਼ੀਸ਼ੇ ਜਾਂ ਕੰਪਿਊਟਰ ਦੀ ਮਦਦ ਨਾਲ ਹੀ ਇਹ ਨਮੂਨੇ ਦੇਖੇ ਜਾ ਸਕਦੇ ਹਨ। ਇਨ੍ਹਾਂ ਸੁਰਾਹੀਆਂ ਦੀ ਕੀਮਤ ਕਈ ਕਈ ਮਿਲੀਅਨ ਡਾਲਰ ਹੈ। ਸਾਨੂੰ ਤਿੰਨ ਸੁਰਾਹੀਆਂ ਦਿਖਾਈਆਂ ਗਈਆਂ ਜਿਹੜੀਆਂ ਇੰਗਲੈਂਡ ਦੇ ਕਿਸੇ ਅਜਾਇਬ ਘਰ ਨੇ ਸੌ ਮਿਲੀਅਨ ਡਾਲਰ ਦੀਆਂ ਖ਼੍ਰੀਦਣ ਦੀ ਪੇਸ਼ਕਸ਼ ਕੀਤੀ ਸੀ ਪਰ ਚੀਨੀ ਸਰਕਾਰ ਨੇ ਵੇਚਣ ਤੋਂ ਇਨਕਾਰ ਕਰ ਦਿੱਤਾ। ਇਸ ਕਿਸਮ ਦੀਆਂ ਪੁਰਾਣੀਆਂ ਤੇ ਨਵੀਂਆਂ ਕੀਮਤੀ ਵਸਤਾਂ ਨੂੰ ਕੌਮੀ ਖਜ਼ਾਨੇ ਦੇ ਤੌਰ ’ਤੇ ਦੇਖਿਆ ਜਾਂਦਾ ਹੈ। ਇਹ ਨੁਮਾਇਸ਼ ਦੇਖਣੀ ਸਾਨੂੰ ਚੰਗੀ ਲੱਗੀ ਪਰ ਨਾਲ ਹੀ ਇਹ ਅਹਿਸਾਸ ਵੀ ਹੋਇਆ ਕਿ ਇਸ ਪਿੱਛੇ ਉਨ੍ਹਾਂ ਦਾ ਅਸਲੀ ਮਕਸਦ ਚੀਜ਼ਾਂ ਵੇਚਣ ਦਾ ਸੀ। ਉਨ੍ਹਾਂ ਦਾ ਅੰਦਾਜ਼ਾ ਸੀ ਕਿ ਇਹ ਕਨੇਡੀਅਨ ਲੋਕ ਹਨ ਇਸ ਥਾਂ ਕੁਝ ਨਾ ਕੁਝ ਤਾਂ ਖਰਚ ਕਰਨਗੇ ਹੀ। ਸਾਡੇ ਨਾਲ ਜ਼ਿਆਦਾ ਅਮੀਰ ਤੇ ਖੁੱਲ੍ਹ ਕੇ ਖਰਚਾ ਕਰਨ ਵਾਲੀ ਇੱਕੋ ਔਰਤ ਸੀ। ਉਸ ਦਿਨ ਕਿਸੇ ਕਾਰਨ ਉਸ ਨੇ ਵੀ ਕੁਝ ਨਾ ਖ਼੍ਰੀਦਿਆ। ਇਸ ਨਾਲ ਲਗਦਾ ਸੀ ਕਿ ਸੈਕਟਰੀ ਸਾਹਿਬ ਨੂੰ ਕੁਝ ਕੁਝ ਨਿਰਾਸ਼ਾ ਹੋਈ। ਅਸੀਂ ਅੰਦਰੋਂ ਇਸ ਗੱਲੋਂ ਔਖੇ ਸੀ ਕਿ ਸਾਡਾ ਯੈਲੋ ਰਿਵਰ ਦੇਖਣ ਦਾ ਮੌਕਾ ਖੁੰਝ ਗਿਆ ਸੀ। ਉਂਜ ਵੀ ਇਹ ਕਲਾ ਕਿਰਤਾਂ ਡੂੰਘੀਆਂ ਐਬਸਟਰੈਕਟ ਕਵਿਤਾਵਾਂ ਵਰਗੀਆਂ ਸਨ। ਜੇ ਕਵਿਤਾ ਪੜ੍ਹਨ ਤੇ ਸਮਝਣ ਲਈ ਤੁਹਾਨੂੰ ਡਿਕਸ਼ਨਰੀਆਂ ਤੇ ਮਿਥਿਹਾਸ ਦੇ ਖੁਲਾਸਿਆਂ ਦੀ ਮਦਦ ਲੈਣੀ ਪਵੇ ਤਾਂ ਉਹ ਕਵਿਤਾ ਕਿੰਨੀ ਕੁ ਆਨੰਦ ਦੇਵੇਗੀ। ਅਸੀਂ ਸੋਚਿਆ ਕਿ ਜੇ ਇਨ੍ਹਾਂ ਕਲਾ ਕਿਰਤਾਂ ਨੂੰ ਮਾਨਣ ਲਈ ਤੁਹਾਨੂੰ ਹਰ ਵੇਲੇ ਵੱਡਦਰਸ਼ੀ ਸ਼ੀਸ਼ੇ ਦੀ ਲੋੜ ਹੈ ਤਾਂ ਫੇਰ ਸਾਡੀ ਪਹੁੰਚ ਤੋਂ ਤਾਂ ਇਹ ਉਂਜ ਹੀ ਪਰ੍ਹੇ ਹਨ। ਪਰ ਸੈਕਟਰੀ ਦੀ ਨਿਰਾਸ਼ਾ ਤੋਂ ਇਸ ਗੱਲ ਦਾ ਥਹੁ ਲਗਦਾ ਸੀ ਕਿ ਸੈਲਾਨੀਆਂ ਨੂੰ ਵਸਤਾਂ ਵੇਚਣ ਵਿੱਚ ਦਿਲਚਸਪੀ ਚੀਨ ਦੇ ਇੱਕ ਆਮ ਗਰੀਬ ਦੁਕਾਨਦਾਰ ਨੂੰ ਹੀ ਨਹੀਂ ਸੀ ਸਗੋਂ ਇੱਕ ਉੱਚੇ ਅਹੁਦੇ ’ਤੇ ਬੈਠੇ ਕਾਮਰੇਡ ਨੂੰ ਵੀ ਸੀ। ਸੰਭਵ ਹੈ, ਟੋਨੀ ਕੂਓ ਦੇ ਕਹਿਣ ਅਨੁਸਾਰ, ਇਸ ਵਿਕਰੀ ਵਿੱਚੋਂ ਉਹਨੂੰ ਵੀ ਕੁਝ ਮਿਲਦਾ ਹੋਵੇ।

ਇਸ ਰਾਤ ਦਾ ਡਿਨਰ ਵੀ ਲਾਇਬ੍ਰੇਰੀ ਵਲੋਂ ਹੀ ਸੀ। ਲੰਚ ਦੇ ਮੁਕਾਬਲੇ ਡਿਨਰ ਵੇਲੇ ਚੁੱਪ-ਚਾਪ ਰਹੀ। ਟੋਨੀ ਕੂਓ ਦਾ ਹੋਣਾ ਨਾ ਹੋਣਾ ਸਥਿਤੀ ’ਤੇ ਵੱਡਾ ਅਸਰ ਪਾਉਂਦਾ ਸੀ। ਸਿਰਫ ਇਹ ਹੀ ਨਹੀਂ ਕਿ ਉਹ ਦੁਭਾਸ਼ੀਆ ਸੀ, ਉਹ ਬਾਕੀ ਸਾਰਿਆਂ ਨਾਲੋਂ ਵੱਧ ਰੌਲੀ ਪਾਉਣ ਵਾਲਾ, ਬਾਕੀਆਂ ਦੇ ਬਰਾਬਰ ਜਾਂ ਸ਼ਾਇਦ ਵੱਧ ਸ਼ਰਾਬ ਪੀਣ ਵਾਲਾ ਤੇ ਪਾਰਟੀ ਦੇ ਮਾਹੌਲ ਨੂੰ ਆਪਣੀ ਹੋਂਦ ਨਾਲ ਹੀ ਗਰਮਾਉਣ ਵਾਲਾ ਵਿਅਕਤੀ ਹੈ। ਜਿਹੜੇ ਖਾਣਿਆਂ ਸਮੇਂ ਉਹ ਹਾਜ਼ਰ ਹੁੰਦਾ ਉਨ੍ਹਾਂ ਦਾ ਤਾਪਮਾਨ ਦਰਜਾ ਹੀ ਵੱਖਰਾ ਹੁੰਦਾ। ਟੋਨੀ ਦੇ ਨਾਲ ਹੀ ਮਾਰੀਓ ਵੀ ਸਾਡੇ ਵਿੱਚੋਂ ਵੱਧ ਸ਼ਰਾਬ ਪੀਣ ਵਾਲਾ ਤੇ ਪਾਰਟੀ ਨੂੰ ਖੁੱਲ੍ਹ ਕੇ ਮਾਨਣ ਵਾਲਾ ਸੀ। ਖਾਣੇ ਦੇ ਬਹੁਤੇ ਮੌਕਿਆਂ ਦੌਰਾਨ ਪਾਰਟੀ ਦਾ ਉਹ ਹੀ ਹੀਰੋ ਮਿੱਥਿਆ ਜਾਂਦਾ ਤੇ ਉਹ ਇਸ ਗੱਲ ਨੂੰ ਖੂਬ ਮਾਣਦਾ ਵੀ।

**ਸੋਮਵਾਰ, 20, ਅਕਤੂਬਰ**

ਅੱਜ ਸਵੇਰੇ ਹੁਨਾਨ ਸੂਬੇ ਦੇ ਉਸ ਪਿੰਡ ਗਏ ਜਿਸ ਦੇ ਸਕੂਲ ਦੀ ਬਰਨਬੀ ਦੀ ਜਥੇਬੰਦੀ ਨੇ ਪੈਸਿਆਂ ਨਾਲ ਮਦਦ ਕੀਤੀ ਹੈ। ਸਵੇਰੇ ਬਾਹਰ ਬੱਦਲਵਾਈ ਸੀ ਪਰ ਮੌਸਮ ਖੁਸ਼ਗਵਾਰ ਸੀ। ਅਸੀਂ ਅੱਠ ਕੁ ਵਜੇ ਬੱਸ ਵਿੱਚ ਬੈਠੇ। ਨਾਲ ਸਥਾਨਕ ਲੋਕ ਵੀ ਸਨ ਤੇ ਅਸੀਂ ਕੁਲ 13 ਜਣੇ ਸਾਂ। ਇਸ ਵੇਲੇ ਸਾਡੇ ਨਾਲ ਤਿੰਨ ਉਹ ਵਿਅਕਤੀ ਵੀ ਸਨ ਜੋ ਪਹਿਲਾਂ ਕਨੇਡਾ ਰਹਿ ਚੁੱਕੇ ਸਨ।

ਕੈਬਿਨ ਨਾਂ ਦਾ ਨੌਜਵਾਨ ਅੱਠ ਕੁ ਸਾਲ ਵੈਨਕੂਵਰ ਰਹਿ ਚੁੱਕਾ ਹੈ ਪਰ ਹੁਣ ਮੁੜ ਚੀਨ ਵਿੱਚ ਹੀ ਰਹਿੰਦਾ ਹੈ ਤੇ ਆਪਣਾ ਕਾਰੋਬਾਰ ਕਰਦਾ ਹੈ। ਦੂਜੇ ਵਿਅਕਤੀ ਦਾ ਨਾਂ ਜੋਅ ਸੀ। ਸਾਨੂੰ ਦੱਸਿਆ ਗਿਆ ਸੀ ਕਿ ਉਹ ਕਾਫੀ ਅਮੀਰ ਹੈ ਤੇ ਬੀਜਿੰਗ ਲਾਗੇ ਉਸ ਦਾ ਕੋਈ ਫਾਰਮ ਹੈ। ਉਹ ਅੰਗਰੇਜ਼ੀ ਦੀ ਯੋਗਤਾ ਸੀਮਤ ਸੀ ਪਰ ਉਹਦੀ ਮੁਸਕਾਨ ਬੜੀ ਇਮਾਨਦਾਰ ਸੀ। ਰਾਤ ਨੂੰ ਰੱਜ ਕੇ ਸ਼ਰਾਬ ਪੀਂਦਾ ਤੇ ਦਿਨੇ ਕਦੇ ਸਿਗਰਟ ਨਾ ਬੁਝਣ ਦਿੰਦਾ। ਤੀਜੇ ਵਿਅਕਤੀ ਦਾ ਨਾਂਅ ਪੀਟਰ ਸੀ। ਉਹ ਕਾਮਯਾਬ ਬਿਜ਼ਨਸਮੈਨ ਹੈ। ਉਹ ਅੰਗ੍ਰੇਜ਼ੀ ਸੋਹਣੀ ਬੋਲ ਲੈਂਦਾ ਸੀ ਪਰ ਉਹਦੇ ਨਾਲ ਵੀ ਕਾਰੋਬਾਰੀ ਗੱਲਾਂ ਤੋਂ ਬਿਨਾਂ ਹੋਰ ਬਹੁਤੀਆਂ ਗੱਲਾਂ ਕਰਨੀਆਂ ਸੰਭਵ ਨਹੀਂ ਜਾਪੀਆਂ।



ਸਕੂਲ ਇੱਕ ਨਿੱਕੇ ਜਿਹੇ ਪਿੰਡ ਲਾਓਜੁਆਂਗਕੁਨ ਵਿੱਚ ਸੀ। ਮੁੱਖ ਹਾਈਵੇਅ ਤੋਂ ਇਸ ਪਿੰਡ ਵਲ ਜਾਂਦੀ ਤਿੰਨ ਚਾਰ ਕਿਲੋਮੀਟਰ ਲੰਮੀ ਸੜਕ ’ਤੇ ਇੱਕ ਸਾਲ ਪਹਿਲਾਂ ਇਸ ਲਈ ਲੁੱਕ ਇਸ ਲਈ ਵਿਛਾਈ ਗਈ ਸੀ ਕਿ ਕਨੇਡਾ ਤੋਂ ਕੁਝ ਲੋਕਾਂ ਨੇ ਇਸ ਪਿੰਡ ਨੂੰ ਆਉਣਾ ਸੀ। ਇਸ ਨੂੰ ਪੱਕੀ ਕਰਾਉਣ ਪਿੱਛੇ ਹੁਨਾਨ ਸੂਬੇ ਦੇ ਸਭਿਆਚਾਰਕ ਵਿਭਾਗ ਦੇ ਉਹੀ ਅਧਿਕਾਰੀ ਸਨ ਜਿਹੜੇ ਸਕੂਲ ਨੂੰ ਸੁਧਾਰਨ ਲਈ ਕਨੇਡੀਅਨਾਂ ਨੂੰ ਸਹਿਯੋਗ ਦੇ ਰਹੇ ਸਨ। ਪਿੰਡਾਂ ਨੂੰ ਜਾਂਦੀਆਂ ਕੱਚੀਆਂ ਸੜਕਾਂ ਦੇ ਮੁਕਾਬਲੇ ਜਿਸ ਮੁੱਖ ਹਾਈਵੇਅ ’ਤੇ ਅਸੀਂ ਸਫਰ ਕਰ ਰਹੇ ਸੀ ਉਹ ਬਹੁਤ ਚੌੜਾ ਸੀ ਤੇ ਪਹਾੜੀ ਇਲਾਕੇ ਵਿੱਚ ਇੱਟਾਂ ਤੇ ਸੀਮਿੰਟ ਨਾਲ ਪੂਰੀ ਤਰ੍ਹਾਂ ਸੁਰੱਖਿਅਤ ਕੀਤਾ ਹੋਇਆ ਸੀ ਤੇ ਪੱਥਰ ਜਾਂ ਮਿੱਟੀ ਡਿੱਗਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸੜਕ ’ਤੇ ਹਰ ਮੀਲ ਤੋਂ ਵੀ ਘੱਟ ਫਾਸਲੇ ’ਤੇ ਸੰਗਤਰੀ ਵਰਦੀ ਪਾਈ ਹੱਥ ਵਿੱਚ ਝਾੜੂ ਫੜੀ ਖੜ੍ਹਾ ਸਫਾਈ ਕਾਮਾ ਦਿਖਾਈ ਦਿੰਦਾ ਸੀ। ਕੂੜੇ ਦਾ ਟੁਕੜਾ ਤੱਕ ਸੜਕ ’ਤੇ ਦੇਖਣ ਨੂੰ ਨਹੀਂ ਮਿਲਦਾ। ਇਨ੍ਹਾਂ ਨਵੀਂਆਂ ਸੜਕਾਂ ’ਤੇ ਸਫਰ ਕਰਨ ਵਾਲਿਆਂ ਦੇ ਗੈਸ/ਪੈਟਰੌਲ ਪੁਆਉਣ ਲਈ, ਆਰਾਮ ਕਰਨ ਲਈ, ਖਾਣ ਪੀਣ ਲਈ, ਬਾਥਰੂਮ ਜਾਣ ਲਈ ਤਿੰਨ ਤਿੰਨ ਚਾਰ ਚਾਰ ਏਕੜਾਂ ’ਚ ਬਣੇ ਵੱਡੇ ਆਰਾਮਗਾਹ ਹਨ। ਇਹ ਨਵੇਂ ਹਨ ਅਤੇ ਅਜੇ ਖਾਲੀ ਖਾਲੀ ਜਾਪਦੇ ਹਨ। ਪਰ ਸਾਫ ਪਤਾ ਲੱਗਦਾ ਹੈ ਕਿ ਚੀਨ ਦੀ ਸਰਕਾਰ ਇਹ ਸਭ ਕੁਝ ਆਉਣ ਵਾਲੇ ਸਮਿਆਂ ਨੂੰ ਧਿਆਨ ਵਿੱਚ ਰੱਖ ਕੇ ਕਰ ਰਹੀ ਹੈ। ਚੀਨ ਦੀਆਂ ਇਹ ਨਵੀਂਆਂ ਸੜਕਾਂ, ਇਨ੍ਹਾਂ ਦੀ ਸਾਂਭ ਸੰਭਾਲ ਤੇ ਸਫਾਈ ਅਤੇ ਇਨ੍ਹਾਂ ਦੀ ਵਰਤੋਂ ਕਰਨ ਵਾਲਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਣਾਈਆਂ ਸੁਵਿਧਾਵਾਂ ਦੇ ਮੁਕਾਬਲੇ ਕਨੇਡਾ ਅਮਰੀਕਾ ਵਿੱਚ ਵੀ ਏਹੋ ਜਿਹਾ ਕੁਝ ਨਹੀਂ ਦਿਸਦਾ। ਪਰ ਇਹ ਤਰੱਕੀ ਅਜੇ ਪਿੰਡਾਂ ਵੱਲ ਨੂੰ ਉਨੀ ਤੇਜ਼ੀ ਨਾਲ ਵਧਦੀ ਨਜ਼ਰ ਨਹੀਂ ਆਉਂਦੀ।

ਲਾਓਜੁਆਂਗਕੁਨ ਜਾਣ ਲਈ ਅਸੀਂ ਜਿਹੜੇ ਦੋ ਤਿੰਨ ਪਿੰਡਾਂ ਵਿੱਚ ਦੀ ਲੰਘੇ ਉਨ੍ਹਾਂ ਤੋਂ ਉੱਤਰੀ ਚੀਨ ਦੇ ਪੇਂਡੂ ਇਲਾਕਿਆਂ ਦੀ ਗਰੀਬੀ ਸਾਫ ਦਿਸਦੀ ਸੀ। ਲਾਲ ਇੱਟਾਂ ਦੇ ਬਣੇ ਘਰਾਂ ਨੂੰ ਕੋਈ ਪਲੱਸਤਰ ਜਾਂ ਟੀਪ ਵਗੈਰਾ ਨਹੀਂ ਸੀ ਕੀਤੀ ਹੋਈ। ਗਲੀਆਂ ਕੱਚੀਆਂ ਸਨ। ਲਾਓਜੁਆਂਗਕੁਨ ਬਹੁਤ ਛੋਟਾ ਜਿਹਾ ਪਿੰਡ ਸੀ। ਸਕੂਲ ਦੀ ਇਮਾਰਤ ਤੋਂ ਬਿਨਾਂ ਸਿਰਫ ਇੱਕ ਘਰ ਦੇ ਉੱਪਰ ਚੁਬਾਰਾ ਸੀ ਬਾਕੀ ਸਾਰੇ ਇੱਕ ਹੀ ਮੰਜ਼ਲ ਦੇ ਸਨ। ਲੋਕਾਂ ਨੇ ਘਰਾਂ ਦੀਆਂ ਛੱਤਾਂ ਉੱਪਰ ਛੱਲੀਆਂ ਸੁੱਕਣੀਆਂ ਪਾਈਆਂ ਹੋਈਆਂ ਸਨ। ਸ਼ਹਿਰੀਆਂ ਦੇ ਮੁਕਾਬਲੇ ਪਿੰਡ ਦੇ ਲੋਕਾਂ ਦੀ ਆਮ ਦਿੱਖ ਤੇ ਕੱਪੜੇ ਘੱਟ ਸਾਫ ਸਨ ਤੇ ਗਰੀਬੀ ਦਾ ਪ੍ਰਭਾਵ ਪਾਉਂਦੇ ਸਨ।



ਜਦੋਂ ਸਾਡੀ ਬੱਸ ਪਿੰਡ ਵਿੱਚ ਦਾਖਲ ਹੋਈ ਤਾਂ ਸਕੂਲ ਦੇ ਅੱਗੇ ਖੁੱਲ੍ਹੀ ਜਗ੍ਹਾ ’ਚ ਬੱਚੇ ਸਾਡਾ ਸੁਆਗਤ ਕਰਨ ਲਈ ਸਿਰਾਂ ’ਤੇ

ਕਨੇਡੀਅਨ ਟੋਪੀਆਂ ਤੇ ਹੱਥਾਂ 'ਚ ਕਨੇਡੀਅਨ ਝੰਡੇ ਫੜੀ ਕਤਾਰ ਵਿੱਚ ਖੜ੍ਹੇ ਸਨ। ਇਹ ਕੱਪੜੇ, ਟੋਪੀਆਂ ਤੇ ਝੰਡੇ ਵਗੈਰਾ ਪਿਛਲੇ ਸਾਲ ਸਿਰਫ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਹੀ ਦਿੱਤੇ ਗਏ ਗਏ ਸਨ। ਜਦੋਂ ਅਸੀਂ ਬੱਸ ਵਿੱਚੋ ਉੱਤਰ ਕੇ ਕਨੇਡੀਅਨ ਝੰਡੇ ਹਿਲਾਉਂਦੇ ਬੱਚਿਆਂ ਦੇ ਪਿੱਛੇ ਪਿੱਛੇ ਸਕੂਲ ਅੰਦਰ ਦਾਖਲ ਹੋਏ ਤਾਂ ਸਕੂਲ ਦੇ ਛੋਟੇ ਜਿਹੇ ਵਿਹੜੇ ਵਿੱਚ ਬਾਕੀ ਦੇ ਸਾਰੇ ਵਿਦਿਆਰਥੀ ਕਤਾਰਾਂ ਵਿੱਚ ਖੜ੍ਹੇ ਸਨ ਤੇ ਉਨ੍ਹਾਂ ਦੇ ਪਿੱਛੇ ਪਿੰਡ ਦੇ ਲੋਕ ਜੋ ਇਹ ਸਭ ਕੁਝ ਦੇਖਣ ਵਾਸਤੇ ਆਏ ਹੋਏ ਸਨ। ਪੂਰਾ ਮੇਲੇ ਵਾਲਾ ਮਾਹੌਲ ਸੀ। ਸਾਡੇ ਨਾਲ ਬਾਹਰੋਂ ਆਏ ਹੋਏ ਸਭਿਆਚਾਰਕ ਵਿਭਾਗ ਦੇ ਅਧਿਕਾਰੀਆਂ ਵਲੋਂ ਕਨੇਡੀਅਨਾਂ ਨੂੰ ਜੀਅ ਆਇਆਂ ਨੂੰ ਆਖਿਆ ਗਿਆ। ਟੋਨੀ ਕੂਓ ਨੇ ਸਭ ਦਾ ਧੰਨਵਾਦ ਕੀਤਾ ਤੇ ਸਾਡੀ ਸਾਰਿਆਂ ਦੀ ਜਾਣ ਪਛਾਣ ਕਰਵਾਈ। ਸਕੂਲ ਦੀ ਬਾਹਰਲੀ ਕੰਧ 'ਤੇ ਇੱਕ ਪਿੱਤਲ ਦੀ ਪਲੇਟ ਲਾਈ ਹੋਈ ਸੀ ਜਿਸ ਉੱਪਰ ਸਾਡੇ ਸਾਰਿਆਂ ਦੇ ਨਾਂਅ ਲਿਖੇ ਹੋਏ ਸਨ ਜੋ ਕਨੇਡਾ ਤੋਂ ਉੱਥੇ ਆਏ ਸਨ ਤੇ ਜਿਨ੍ਹਾਂ ਨੇ ਪੈਸੇ ਨਾਲ ਮਦਦ ਕੀਤੀ ਸੀ। ਸਪੀਚਾਂ ਤੋਂ ਬਾਅਦ ਬੱਚਿਆਂ ਨੂੰ ਬਾਹਰੋਂ ਲਿਆਂਦਾ ਸਮਾਨ ਵੰਡਿਆ ਗਿਆ। ਪਰ ਇਸ ਸਭ ਕੁਝ ਹੋ ਰਹੇ ਵਧੀਆ ਵਿੱਚ ਇੱਕ ਚੀਜ ਵਿਸ਼ੇਸ਼ ਧਿਆਨ ਖਿੱਚਦੀ ਸੀ ਕਿ ਪਿੰਡ ਦੇ ਲੋਕ ਇਸ ਸਭ ਕਾਸੇ ਦਾ ਹਿੱਸਾ ਨਹੀਂ ਸਨ। ਪਿੰਡ ਦੇ ਕਿਸੇ ਬੰਦੇ ਦੀ ਨਾ ਤਾਂ ਜਾਣ ਪਛਾਣ ਕਰਵਾਈ ਗਈ ਤੇ ਨਾ ਹੀ ਚੀਜ਼ਾਂ ਵੰਡਣ ਜਾਂ ਲੈਣ ਦੇਣ ਦੇ ਕਿਸੇ ਕੰਮ ਵਿੱਚ ਦੱਸਿਆ ਪੁੱਛਿਆ ਗਿਆ। ਹਾਂ ਅਧਿਆਪਕ ਔਰਤਾਂ ਜ਼ਰੂਰ ਕੰਮ ਵਿੱਚ ਹੱਥ ਵੰਡਾ ਰਹੀਆਂ ਸਨ। ਪਿੰਡ ਦੇ ਲੋਕ ਸਿਰਫ ਤਮਾਸ਼ਬੀਨ ਸਨ। ਉਹ ਪਿੰਡਾਂ ਦੇ ਲੋਕਾਂ ਵਾਂਗ ਹੀ ਆਪਸ ਵਿੱਚ ਗੱਲਾਂ ਕਰਦੇ ਬਾਹਰੋਂ ਆਇਆਂ ਬਾਰੇ ਅੰਦਾਜੇ ਲਾ ਰਹੇ ਸਨ। ਇੱਕ ਦੂਜੇ ਨੂੰ ਚੁਟਕਲੇ ਵੀ ਸੁਣਾ ਰਹੇ ਸਨ ਤੇ ਖੁੱਲ੍ਹ ਕੇ ਹੱਸ ਵੀ ਰਹੇ ਸਨ।

ਇਸ ਪਿੰਡ ਦੇ ਸਕੂਲ ਵਿੱਚ ਪਹਿਲੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਕੋਈ 80-90 ਵਿਦਿਆਰਥੀ ਪੜ੍ਹਦੇ ਹਨ। ਸਕੂਲ ਦੀਆਂ ਦੋ ਮੰਜ਼ਲਾਂ ਹਨ। ਤਿੰਨ ਜਮਾਤਾਂ ਥੱਲੇ ਹਨ ਤੇ ਦੋ ਉੱਪਰ। ਉੱਤਲੀ ਮੰਜ਼ਲ 'ਤੇ ਤੀਜਾ ਕਮਰਾ ਅਧਿਆਪਕਾਂ ਵਾਸਤੇ ਹੈ। ਟੋਨੀ ਦੇ ਦੱਸਣ ਮੁਤਾਬਕ ਇਸ ਸਕੂਲ ਵਿੱਚ ਪਿਛਲੇ ਸਾਲ ਨਾ ਬੱਚਿਆਂ ਦੇ ਬੈਠਣ ਵਾਸਤੇ ਬੈਂਚ ਸਨ ਤੇ ਨਾ ਹੀ ਅਧਿਆਪਕਾਂ ਵਾਸਤੇ ਕੋਈ ਢੰਗ ਦੀਆਂ ਮੇਜ਼ ਕੁਰਸੀਆਂ। ਤਾਕੀਆਂ ਦਰਵਾਜੇ ਵੀ ਟੁੱਟੇ ਹੋਏ ਸਨ, ਕੰਧਾਂ ਤੇ ਕੋਈ ਪਲੱਸਤਰ ਨਹੀਂ ਸੀ ਨਾ ਹੀ ਜਮਾਤਾਂ ਵਾਸਤੇ ਕੋਈ ਬਲੈਕ ਬੋਰਡ ਸੀ। ਸਕੂਲ ਵਿੱਚ ਬਿਜਲੀ ਤਾਂ ਸੀ ਪਰ ਰੌਸ਼ਨੀ ਲਈ ਕੋਈ ਟਿਊਬ ਵਗੈਰਾ ਨਹੀਂ ਸੀ। ਪਰ ਹੁਣ ਸਭ ਕੁਝ ਬਦਲ ਚੁੱਕਾ ਸੀ। ਕੰਧਾਂ, ਬਲੈਕ ਬੋਰਡ ਚਮਕ ਰਹੇ ਸਨ ਤੇ ਛੱਤ 'ਤੇ ਟਿਊਬਾਂ ਤੇ ਹਰ ਕਮਰੇ ਵਿੱਚ ਇੱਕ ਛੋਟਾ ਜਿਹਾ ਪੱਖਾ ਵੀ ਲੱਗਾ ਹੋਇਆ ਸੀ। ਹਰ ਕਮਰੇ ਵਿੱਚ ਕਾਰਲ ਮਾਰਕਸ ਦੀ ਤਸਵੀਰ ਸੀ ਤੇ ਉਸ ਦੇ ਥੱਲੇ ਬੱਚਿਆਂ ਵਾਸਤੇ ਸੰਦੇਸ਼ ਲਿਖਿਆ ਹੋਇਆ ਸੀ ਕਿ ਉਨ੍ਹਾਂ ਨੂੰ ਮਾਰਕਸ ਵਾਂਗ ਪੜ੍ਹਨਾ ਲਿਖਣਾ ਚਾਹੀਦਾ ਹੈ। ਅਧਿਆਪਕਾਂ ਦੇ ਕਮਰੇ ਵਿੱਚ ਬੈਠਣ ਵਾਸਤੇ ਇੱਕ ਸੋਫਾ ਤੇ ਦੋ ਵੱਡੀਆਂ ਕੁਰਸੀਆਂ ਸਨ ਤੇ ਉਨ੍ਹਾਂ ਦੇ ਕੰਮ ਕਰਨ ਲਈ ਵੀ ਮੇਜ਼ ਤੇ ਕੁਰਸੀਆਂ ਸਨ। ਸਕੂਲ ਦੇ ਵਿਦਿਆਰਥੀਆਂ ਵਾਸਤੇ ਕਾਪੀਆਂ ਪੈਨਸਿਲਾਂ, ਤੇ ਹੋਰ ਲੋੜੀਂਦਾ ਸਮਾਨ ਵੀ ਕਨੇਡੀਅਨ ਜਥੇਬੰਦੀ ਵਲੋਂ ਮੁਹੱਈਆ ਕੀਤਾ ਗਿਆ ਸੀ। ਨਾਲ ਹੀ ਹਰ ਵਿਦਿਆਰਥੀ ਵਾਸਤੇ ਇੱਕ ਕਮੀਜ਼ ਤੇ ਪੈਂਟ, ਸਿਰ ਤੇ ਲੈਣ ਲਈ ਟੋਪੀ ਤੇ ਪੈਰਾਂ ਵਾਸਤੇ ਬੂਟ। ਹਰ ਵਿਦਿਆਰਥੀ ਨੂੰ ਆਪਣਾ ਸਮਾਨ ਪਾਉਣ ਵਾਸਤੇ ਇੱਕ ਛੋਟਾ ਜਿਹਾ ਪਲਾਸਟਿਕ ਦਾ ਬੈਗ ਦਿੱਤਾ ਗਿਆ। ਅਧਿਆਪਕਾਂ ਨੂੰ ਕਨੇਡਾ ਤੋਂ ਲਿਆਂਦੇ ਹੋਏ ਕੰਬਲ ਦਿੱਤੇ ਗਏ। ਅਧਿਆਪਕਾਂ ਅਤੇ ਬੱਚਿਆਂ ਨਾਲ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ ਗਈਆਂ। ਇਹ ਸਭ ਕੁਝ ਬਹੁਤ ਤੇਜ਼ੀ ਨਾਲ ਮੁਕਾਇਆ ਗਿਆ। ਚਾਲੀ ਪੰਤਾਲੀ ਮਿੰਟ ਬਾਅਦ ਅਸੀਂ ਵਾਪਸ ਜਾਣ ਲਈ ਮੁੜ ਬੱਸ ਵਿੱਚ ਬੈਠੇ ਸਾਂ।



ਇੱਕ ਵਿਸ਼ੇਸ਼ ਗੱਲ ਜਿਹਦਾ ਜ਼ਿਕਰ ਏਥੇ ਕਰਨਾ ਬਣਦਾ ਹੈ ਉਹ ਹੈ ਕਿ ਸਾਡੀ ਭੈਣ ਅੰਮ੍ਰਿਤ ਮਾਨ ਨਾਲ ਪਿੰਡ ਦੀਆਂ ਸਿਆਣੀਆਂ ਔਰਤਾਂ ਨੇ ਬਹੁਤ ਹੀ ਅਪਣੱਤ ਨਾਲ ਤਸਵੀਰਾਂ ਖਿੱਚਾਈਆਂ। ਬੋਲੀ ਦੀ ਸਮੱਸਿਆ ਦੇ ਬਾਵਜੂਦ ਪਿੰਡ ਦੀਆਂ ਦੋ ਔਰਤਾਂ ਨੇ ਅੰਮ੍ਰਿਤ ਦੇ ਹੱਥ ਫੜ ਕੇ ਗਲ਼ੀ ਵਿੱਚ ਡਾਹੀ ਹੋਈ ਆਪਣੀ ਕੁਰਸੀ 'ਤੇ ਬਿਠਾਇਆ। ਇਹ ਦ੍ਰਿਸ਼ ਮਨ ਨੂੰ ਅਜੀਬ ਕਿਸਮ ਦੀ ਖੁਸ਼ੀ ਨਾਲ ਭਰਨ ਵਾਲਾ ਤੇ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਲਿਆਉਣ ਵਾਲਾ ਸੀ। ਸ਼ੰਘਾਈ ਵਿਚਲੇ ਪਹਿਲੇ ਦਿਨ ਤੋਂ ਲੈ ਕੇ ਹੀ ਇਹ ਦਿਲਚਸਪ ਗੱਲ ਸਾਡੇ ਨਾਲ ਹਰ ਜਗ੍ਹਾ ਵਾਪਰ ਰਹੀ ਸੀ ਕਿ ਚੀਨੀ ਲੋਕ

ਅੰਮ੍ਰਿਤ ਮਾਨ ਦੇ ਪੰਜਾਬੀ ਸੂਟ ਅਤੇ ਦਰਸ਼ਨ ਮਾਨ ਦੀ ਦਸਤਾਰ ਵਲ ਮੱਲੋ ਮੱਲੀ ਖਿੱਚੇ ਜਾਂਦੇ। ਦਰਸ਼ਨ ਜੀ ਦਾ ਉੱਚਾ ਕੱਦ ਤੇ ਉਨ੍ਹਾਂ ਦਾ ਮਾਣਮੱਤੇ ਇਨਸਾਨ ਵਾਲਾ ਸਿੱਧੇ ਖੜ੍ਹੇ ਹੋਣ ਦਾ ਅੰਦਾਜ਼ ਹਰ ਜਗ੍ਹਾ ਖਿੱਚ ਦਾ ਕਾਰਨ ਬਣਦਾ। ਹਰ ਜਗ੍ਹਾ ਹੀ ਦਰਜਨਾਂ ਲੋਕ ਇਨ੍ਹਾਂ ਦੋਵਾਂ ਨਾਲ ਖੁਸ਼ੀ ਖੁਸ਼ੀ ਤਸਵੀਰਾਂ ਖਿੱਚਾਉਂਦੇ, ਇਨ੍ਹਾਂ ਨਾਲ ਹੱਸ ਹੱਸ ਕੇ ਹੱਥ ਮਿਲਾਉਂਦੇ, ਇਨ੍ਹਾਂ ਦੇ ਪਹਿਰਾਵੇ ਤੇ ਦਿੱਖ ਬਾਰੇ ਇੱਕ ਦੂਜੇ ਨੂੰ ਦੱਸ ਕੇ ਹੈਰਾਨੀ ਤੇ ਖੁਸ਼ੀ ਜ਼ਾਹਰ ਕਰਦੇ।

ਪਿੰਡ ਦੇ ਸਕੂਲ ਨੂੰ ਮਦਦ ਦੇਣ ਸਬੰਧੀ ਸਾਨੂੰ ਟੋਨੀ ਨੇ ਦੱਸਿਆ ਕਿ ਉਹਨੇ ਸਿਰਫ ਤਿੰਨ ਹਜ਼ਾਰ ਡਾਲਰ ਇਕੱਠਾ ਕੀਤਾ ਸੀ ਤੇ ਉਹਦੇ ਵਿੱਚੋਂ ਬਰਨਬੀ ਦੇ ਇੱਕ ਐਨ ਡੀ ਪੀ ਦੇ ਐਮ ਐਲ ਏ ਏਡਰੀਅਨ ਡਿਕਸ ਨੇ ਗਿਆਰਾਂ ਸੌ ਡਾਲਰ ਦਿੱਤੇ ਸਨ। ਪਰ ਉਹਦੇ ਆਪਣੇ ਹੀ ਦੱਸਣ ਮੁਤਾਬਕ ਇਸ ਸਕੂਲ ਦੀ ਬਿਲਡਿੰਗ ਦੀ ਮੁਰੰਮਤ, ਜੇ ਪੱਕੀ ਸੜਕ ਦੀ ਗੱਲ ਛੱਡ ਵੀ ਦਿੱਤੀ ਜਾਵੇ, ਅਤੇ ਹੋਰ ਕੰਮਾਂ ’ਤੇ ਖਰਚਾ ਤਿੰਨ ਹਜ਼ਾਰ ਕਨੇਡੀਅਨ ਡਾਲਰਾਂ ਨਾਲੋਂ ਕਿਤੇ ਜ਼ਿਆਦਾ ਹੋਇਆ ਸੀ। ਬਾਕੀ ਦਾ ਸਾਰਾ ਖਰਚਾ ਹੁਨਾਨ ਸੂਬੇ ਦੇ ਸਭਿਆਚਾਰਕ ਵਿਭਾਗ ਵਿਚਲੇ ਲਾਇਬ੍ਰੇਰੀ ਦੇ ਪਾਰਟੀ ਸੈਕਟਰੀ ਦੀ ਮਦਦ ਨਾਲ ਹੋਇਆ ਸੀ। ਇਹ ਬਹੁਤ ਹੀ ਬੀਬਾ ਦਿਸਦਾ ਅਧਿਕਾਰੀ ਉਸ ਦਿਨ ਵੀ ਸਾਡੇ ਨਾਲ ਸੀ। ਬਹੁਤ ਵਾਰ ਜੀਅ ਕੀਤਾ ਕਿ ਉਹਦੇ ਨਾਲ ਗੱਲਬਾਤ ਕੀਤੀ ਜਾਵੇ। ਪਰ ਉਹ ਅੰਗ੍ਰੇਜ਼ੀ ਜਾਣਦਾ ਨਹੀਂ ਸੀ ਤੇ ਸਾਡੇ ਗਾਈਡ ਕੋਲ ਏਨਾ ਵਕਤ ਨਹੀਂ ਸੀ ਹੁੰਦਾ ਕਿ ਉਹ ਸਾਡੀ ’ਕੱਲਿਆਂ ਦੀ ਗੱਲਬਾਤ ਕਰਵਾ ਸਕਦਾ। ਇਸ ਅਧਿਕਾਰੀ ਦੀ ਬੋਲ ਚਾਲ ਤੇ ਕੰਮ ਕਰਨ ਦੇ ਤੌਰ ਤਰੀਕਿਆਂ ਤੋਂ ਲਗਦਾ ਸੀ ਕਿ ਉਹ ਸਚ ਮੁਚ ਹੀ ਉਸ ਕਿਸਮ ਦਾ ਕਾਮਰੇਡ ਸੀ ਜੋ ਆਪਣੇ ਮੁਲਕ ਨੂੰ ਤੇ ਆਪਣੇ ਲੋਕਾਂ ਦੇ ਜੀਵਨ ਨੂੰ ਸੁਧਾਰਨ ਵਾਸਤੇ ਸੁਹਿਰਦਤਾ ਨਾਲ ਕੰਮ ਕਰ ਰਿਹਾ ਸੀ। ਪਰ ਨਾਲ ਹੀ ਕਈ ਕਿਸਮ ਦੀਆਂ ਸ਼ੱਕਾਂ ਵੀ ਮੰਡਲਾਉਂਦੀਆਂ ਸਨ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਪਾਰਟੀ ਦੇ ਉੱਚ ਅਧਿਕਾਰੀ ਹੋਣ ਜਾਂ ਬਿਊਰੋਕਰੇਸੀ ਦੇ ਲੋਕ, ਹਰ ਕਿਸਮ ਦੀ ਸਨਅਤ ਦਾ ਵਿਕਾਸ ਤੇ ਸੜਕਾਂ ਆਦਿ ਲੋਕ ਭਲਾਈ ਦੇ ਕੰਮ ਇਸ ਕਰਕੇ ਕਰਾਉਂਦੇ ਹਨ ਕਿ ਉਹ ਇਹਦੇ ਵਿੱਚੋਂ ਆਪਣਾ ਹਿੱਸਾ ਕੱਢ ਸਕਣ। ਪਾਰਟੀ ਦੇ ਇਸ ਸਕੱਤਰ ਬਾਰੇ ਵੀ ਕੁਝ ਇਹੋ ਜਿਹਾ ਸ਼ੱਕ ਮਨ ਵਿੱਚ ਪੈਦਾ ਹੁੰਦਾ। ਚੇਂਗਜੂ ਵਾਲੀ ਲਾਇਬ੍ਰੇਰੀ ਦੇ ਸਬੰਧ ਵਿੱਚ ਹੁਣ ਤੱਕ ਮਿਲੇ ਅਧਿਕਾਰੀਆਂ ਵਿੱਚੋਂ ਕਈਆਂ ਦੇ ਬੱਚੇ ਕਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਹਨ। ਟੋਨੀ ਦਾ ਸਬੰਧ ਵੀ ਇਨ੍ਹਾਂ ਨਾਲ ਕੁਝ ਇਹੋ ਜਿਹਾ ਹੀ ਹੈ। ਉਹ ਲਾਇਬ੍ਰੇਰੀ ਦੀਆਂ ਕਿਤਾਬਾਂ ਜਾਂ ਸਕੂਲ ਦੀ ਮਦਦ ਲਈ ਪੈਸੇ ਤਾਂ ਜ਼ਰੂਰ ਇਕੱਠੇ ਕਰਦਾ ਹੈ ਪਰ ਇਹ ਸਭ ਕੁਝ ਉਹਦਾ ਮੁੱਖ ਮਕਸਦ ਜਾਂ ਕਿੱਤਾ ਨਹੀਂ ਹੈ। ਉਹ ਆਪਣੇ ਚੀਨ ਦੇ ਇਨ੍ਹਾਂ ਟਰਿੱਪਾਂ ਵਿੱਚ ਕਈ ਕਿਸਮ ਦੇ ਵਪਾਰ ਵੀ ਕਰਦਾ ਹੈ ਤੇ ਇਹ ਸਾਰੇ ਅਧਿਕਾਰੀ ਸੰਭਵ ਹੈ ਕਿਸੇ ਨਾ ਕਿਸੇ ਤਰ੍ਹਾਂ ਉਹਦੇ ਕੰਮਾਂ ਵਿੱਚ ਭਾਈਵਾਲ ਹੋਣ। ਜਦੋਂ ਇਹ ਆਪਣੇ ਬੱਚਿਆਂ ਨੂੰ ਮਿਲਣ ਜਾਂ ਹੋਰ ਚੱਕਰਾਂ ਵਿੱਚ ਕਨੇਡਾ ਆਉਂਦੇ ਹਨ ਤਾਂ ਟੋਨੀ ਵੀ ਇਨ੍ਹਾਂ ਦੀ ਕਾਫੀ ਖਾਤਰਦਾਰੀ ਕਰਦਾ ਹੈ।

ਜੋ ਵੀ ਹੈ, ਸਾਡੇ ਲਈ ਇਸ ਪਿੰਡ ਵਿੱਚ ਜਾਣਾ ਤੇ ਪਿੰਡ ਨੂੰ ਤੇ ਲੋਕਾਂ ਨੂੰ ਇਸ ਤਰ੍ਹਾਂ ਦੇਖਣਾ ਆਪਣੇ ਆਪ ਵਿੱਚ ਇੱਕ ਵੱਡਮੁੱਲਾ ਤਜਰਬਾ ਸੀ। ਚੀਨ ਦੇ ਸਮੁੱਚੇ ਸਫਰ ਵਿੱਚੋਂ ਇਸ ਪਿੰਡ ਦੇ ਸਕੂਲ ਵਿੱਚ ਬਿਤਾਏ ਕੁਝ ਮਿੰਟਾਂ ਦੀ ਯਾਦ ਵੱਖਰੀ ਹੈ। ਇਸ ਯਾਦ ਵਿੱਚ ਸਕੂਲ ਦੀ ਕੰਧ ’ਤੇ ਲੱਗੀ ਚਮਕਦੀ ਉਹ ਪਲੇਟ ਵੀ ਸ਼ਾਮਲ ਹੈ ਜਿਸ ਉੱਪਰ ਸਾਡੇ ਨਾਂ ਲਿਖੇ ਹੋਏ ਹਨ। ਉਨ੍ਹਾਂ ਨਾਵਾਂ ਬਾਰੇ ਸੋਚਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਏਡੇ ਵੱਡੇ ਮੁਲਕ ਵਿੱਚ ਇੱਕ ਇਹੋ ਜਿਹਾ ਥਾਂ ਹੈ ਜਿਸ ਨਾਲ ਸਾਡਾ ਵੀ ਕੁਝ ਜਾਤੀ ਸਬੰਧ ਜੁੜ ਗਿਆ ਹੈ।

ਪਿੰਡ ਦਾ ਇਹ ਸਕੂਲ ਦੇਖ ਕੇ ਨਾਲ ਦੇ ਸ਼ਹਿਰ ਡੇਂਗਫੇਂਗ ਵਿੱਚ ਲੰਚ ਖਾਣ ਬਾਅਦ ਅਸੀਂ ਸ਼ਾਓਲਿਨ ਟੈਂਪਲ ਦੇਖਣ ਗਏ। ਇਹ ਟੈਂਪਲ ਸਾਰੇ ਚੀਨ ਵਿੱਚ ਸੱਭ ਤੋਂ ਵੱਧ ਮਸ਼ਹੂਰ ਟੈਂਪਲ ਮੰਨਿਆ ਜਾਂਦਾ ਹੈ। ਇਸ ਨੂੰ ਸਾਰੇ ਚੀਨ ਦੇ ਮਾਰਸ਼ਿਲ ਆਰਟ ਦਾ ਜਨਮ ਦਾਤਾ ਵੀ ਕਿਹਾ ਜਾਂਦਾ ਹੈ। ਇਹ ਗੱਲ ਦੱਸਣ ਯੋਗ ਹੈ ਕਿ ਬੁੱਧ ਧਰਮ ਵਾਂਗ ਮਾਰਸ਼ਿਲ ਆਰਟ ਵੀ ਭਾਰਤ ਵਿੱਚ ਪੈਦਾ ਹੋਇਆ ਸੀ ਪਰ ਇਹ ਪੂਰੀ ਤਰ੍ਹਾਂ ਵਿਕਸਤ ਚੀਨ ਵਿੱਚ ਆ ਕੇ ਹੀ ਹੋਇਆ। ਅਸੀਂ ਏਥੇ ਦਾਮੋ (ਬੋਧੀਧਰਮਾ) ਨਾਂ ਦੇ ਬਹੁਤ ਮਸ਼ਹੂਰ ਭਾਰਤੀ ਭਿਕਸ਼ੂ ਦਾ ਬੁੱਤ ਦੇਖਿਆ ਜਿਸ ਨੇ 517 ਈਸਵੀ ਵਿੱਚ ਇਹ ਕਲਾ ਭਾਰਤ ਤੋਂ ਚੀਨ ਦੇ ਇਸ ਮੰਦਰ ਵਿੱਚ ਲਿਆਂਦੀ ਸੀ। ਇਹ ਮੰਦਰ ਡੇਂਗਫੇਂਗ ਤੋਂ ਅੱਠ ਮੀਲ ਹੈ ਤੇ ਚੇਂਗਜੂ ਸ਼ਹਿਰ ਤੋਂ ਪੰਜਾਹ ਮੀਲ ’ਤੇ ਹੈ। ਇਹ ਟੈਂਪਲ ਦੇਖਣਾ ਆਪਣੇ ਆਪ ਵਿੱਚ ਇੱਕ ਵੱਖਰੀ ਕਿਸਮ ਦਾ ਤਜਰਬਾ ਸੀ। ਸ਼ਾਓਲਿਨ ਟੈਂਪਲ ਅਤੇ ਇਸ ਦੇ ਆਲੇ ਦੁਆਲੇ ਦਾ ਇਲਾਕਾ ਮਾਰਸ਼ਿਲ ਆਰਟ ਦੇ ਸਕੂਲਾਂ ਨਾਲ ਭਰਿਆ ਹੋਇਆ ਹੈ। ਡੇਂਗਫੇਂਗ ਸ਼ਹਿਰ ਦੇ ਆਲੇ ਦੁਆਲੇ 83 ਸਕੂਲ ਹਨ ਜਿਨ੍ਹਾਂ ਵਿੱਚ ਸਾਢੇ ਛੇ ਲੱਖ ਵਿਦਿਆਰਥੀ ਪੜ੍ਹਦੇ ਹਨ। ਇਹ ਵਿਦਿਆਰਥੀ ਆਪਣੀ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਮਾਰਸ਼ਿਲ ਆਰਟ ਜਾਂ ਕੰਗ ਫੂ ਦੀ ਸਿੱਖਿਆ ਵੀ ਲੈਂਦੇ ਹਨ। ਅਸੀਂ ਬੱਸ ਵਿੱਚ ਜਾਂਦਿਆਂ ਸੈਂਕੜੇ ਵਿਦਿਆਰਥੀਆਂ ਨੂੰ ਖੁੱਲ੍ਹੀਆਂ ਪਾਰਕਾਂ ਵਿੱਚ ਮਾਰਸ਼ਿਲ ਆਰਟ ਦਾ ਅਭਿਆਸ ਕਰਦਿਆਂ ਦੇਖਿਆ। ਇਹ ਮੰਦਰ ਦੇਖਣ ਆਏ ਸੈਲਾਨੀਆਂ ਵਾਸਤੇ ਏਥੋਂ ਦੇ ਵਿਦਿਆਰਥੀਆਂ ਵਲੋਂ ਮਾਰਸ਼ਿਲ ਆਰਟ ਦੀ ਪ੍ਰਦਰਸ਼ਨੀ ਵੀ ਕੀਤੀ ਜਾਂਦੀ ਹੈ। ਇੱਕ ਘੰਟੇ ਭਰ ਦਾ ਇਹ ਸ਼ੋਅ ਦੇਖਣ ਵਾਲੇ ਨੂੰ ਬੇਹੱਦ ਪ੍ਰਭਾਵਿਤ ਕਰਦਾ ਹੈ।

ਚੀਨ ਦੀ ਨੌਜਵਾਨ ਪੀੜ੍ਹੀ ਕਈ ਗੱਲਾਂ ਕਰਕੇ ਵਿਸ਼ੇਸ਼ ਧਿਆਨ ਖਿੱਚਦੀ ਹੈ। ਇੱਕ ਪਾਸੇ ਇਹ ਬੜੀ ਤੇਜ਼ੀ ਨਾਲ (ਖਾਸ ਕਰ ਸ਼ਹਿਰਾਂ ਵਿੱਚ) ਇੱਕੀਵੀਂ ਸਦੀ ਵਲ ਨੂੰ ਵੱਧ ਰਹੀ ਹੈ ਨਾਲ ਹੀ ਜਿਸ ਤਰ੍ਹਾਂ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ ਉਹ ਸ਼ਾਇਦ ਹੀ ਹੋਰ ਕਿਤੇ ਦੇਖਣ ਨੂੰ ਮਿਲੇ। ਉਦਾਹਰਨ ਵਜੋਂ, ਜਿਸ ਤਰ੍ਹਾਂ ਅਸੀਂ ਭਾਰਤ ਵਿੱਚ ਦੇਖਦੇ ਹਾਂ ਕਿ ਨੌਜਵਾਨ ਪੀੜੀ ਜਿਸ ਗਤੀ ਨਾਲ ਇੱਕੀਵੀਂ ਸਦੀ ਵਲ ਨੂੰ ਵੱਧ ਰਹੀ ਹੈ ਉਸ ਤੋਂ ਵੀ ਵੱਧ ਗਤੀ ਨਾਲ ਉਹ ਆਪਣੇ ਸਭਿਆਚਾਰ (ਧਰਮ ਨੂੰ ਛੱਡ ਕੇ) ਤੇ ਬੋਲੀ ਤੋਂ ਦੂਰ ਜਾ ਰਹੀ ਹੈ। ਇਸ ਕਿਸਮ ਦੀ ਗੱਲ ਚੀਨ ਵਿੱਚ ਬਿਲਕੁਲ ਨਹੀਂ ਦਿਸਦੀ। ਆਪਣੀ ਬੋਲੀ ਤੇ ਸਭਿਆਚਾਰ ਤੋਂ ਬਿਨਾਂ ਕੋਈ ਵੀ ਚੀਨੀ ਨੌਜਵਾਨ ਆਪਣੀ ਪਛਾਣ ਰੱਖਦਾ ਹੋਵੇ, ਇਹ ਗੱਲ ਸੰਭਵ ਨਹੀਂ ਜਾਪਦੀ। ਏਥੇ ਇਹ ਗੱਲ ਕਹਿਣੀ ਬਹੁਤ ਜ਼ਰੂਰੀ ਹੈ ਕਿ ਇਸ ਪਿੱਛੇ ਨਾ ਤਾਂ ਭਾਰਤੀ ਨੌਜਵਾਨਾਂ ਦਾ ਆਪਣਾ ਕੋਈ ਕਸੂਰ ਹੈ ਤੇ ਨਾ ਹੀ ਚੀਨੀ ਨੌਜਵਾਨਾਂ ਦੀ ਕੋਈ ਵਿਸ਼ੇਸ਼ ਸਿਫਤ ਹੈ। ਨੌਜਵਾਨ ਉਹ ਕੁਝ ਸਿੱਖ ਰਹੇ ਹਨ ਜੋ ਕੁਝ ਉਨ੍ਹਾਂ ਨੂੰ ਸਿਖਾਇਆ ਜਾ ਰਿਹਾ ਹੈ। ਅਸੀਂ ਪਹਿਲਾਂ ਦੋ ਪੁਰਾਣੇ ਪਿੰਡਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਹਾਈ ਸਕੂਲਾਂ ਦੇ ਵਿਦਿਆਰਥੀ ਬੈਠੇ ਉਨ੍ਹਾਂ ਇਮਾਰਤਾਂ ਦੀਆਂ ਤਸਵੀਰਾਂ ਬਣਾਉਂਦੇ ਦੇਖੇ ਸਨ। ਉਸ ਅਮਲ ਨਾਲ ਨੌਜਵਾਨਾਂ ਦੀਆਂ ਅੱਖਾਂ, ਹੱਥਾਂ ਨਾਲ ਉਨ੍ਹਾਂ ਦੇ ਅੰਦਰ ਵਸੇ ਉਨ੍ਹਾਂ ਦੇ ਪਿਛੋਕੜ ਤੋਂ ਕੋਈ ਵੀ ਬਾਹਰੀ ਸ਼ਕਤੀ ਕਦੇ ਵੀ ਉਨ੍ਹਾਂ ਨੂੰ ਤੋੜ ਨਹੀਂ ਸਕੇਗੀ। ਇਸੇ ਤਰ੍ਹਾਂ ਨੈਨਜਿੰਗ ਵਿੱਚ ਡਾਕਟਰ ਸਨ-ਯੇਤਸੇਨ ਦੇ ਮਕਬਰੇ ’ਤੇ ਹਜ਼ਾਰਾਂ ਨੌਜਵਾਨਾਂ ਦੀ ਸ਼ਿਰਕਤ ਉਨ੍ਹਾਂ ਦਾ ਆਪਣੇ ਪਿਛੋਕੜ ਨਾਲ ਤੇ ਸਿਹਤਮੰਦ ਸੋਚ ਨਾਲ ਸਦੀਵੀ ਰਿਸ਼ਤਾ ਕਾਇਮ ਕਰਦੀ ਹੈ। ਏਥੇ ਸ਼ਾਓਲਿਨ ਟੈਂਪਲ ਤੇ ਉਸ ਸ਼ਹਿਰ ਵਿੱਚ ਸਾਢੇ ਛੇ ਲੱਖ ਤੋਂ ਉੱਪਰ ਚੀਨੀ ਨੌਜਵਾਨ ਆਪਣੇ ਮਾਣਮੱਤੇ ਪਿਛੋਕੜ ਵਿਚੋਂ ਜਿਸ ਕਿਸਮ ਦੀਆਂ ਜਿਸਮਾਨੀ ਕਲਾਵਾਂ ਸਿੱਖ ਰਹੇ ਹਨ ਕੀ ਉਹ ਕਦੇ ਉਨ੍ਹਾਂ ਨੂੰ ਭੁੱਲ ਸਕਦੇ ਹਨ? ਨੌਜਵਾਨਾਂ ਵਿੱਚ ਆਪਣੀ ਜੜ੍ਹਾਂ ’ਤੇ ਖੜ੍ਹ ਕੇ ਇੱਕੀਵੀਂ ਸਦੀ ਵਲ ਨੂੰ ਵਧਣ ਦੀ ਉਦਾਹਰਨ 2008 ਦੀਆਂ ਓਲੰਪਿਕ ਖੇਡਾਂ ਹਨ ਜਿਨ੍ਹਾਂ ਵਿੱਚ ਚੀਨੀ ਨੌਜਵਾਨਾਂ ਨੇ ਸਾਰੀ ਦੁਨੀਆਂ ਅੱਗੇ ਆਪਣੀ ਇਸ ਸ਼ਕਤੀ ਦਾ ਖੁੱਲ੍ਹ ਕੇ ਵਿਖਾਵਾ ਕੀਤਾ।

## ਸੋਮਵਾਰ, 21, ਅਕਤੂਬਰ

ਚੇਂਗਜ਼ੂ ਸ਼ਹਿਰ ਤੋਂ ਅਸੀਂ ਕੇਫਿੰਗ ਨਾਂ ਦੇ ਸ਼ਹਿਰ ਵਲ ਰਵਾਨਾ ਹੋਏ। ਇਹ ਤਿੰਨ ਹਜ਼ਾਰ ਸਾਲ ਪੁਰਾਣਾ ਇਤਿਹਾਸਕ ਸ਼ਹਿਰ ਹੈ। ਇਹ ਯੈਲੋ ਰਿਵਰ ਦੇ ਦੱਖਣੀ ਤੱਟ ’ਤੇ ਉਸਰਿਆ ਸੀ ਅਤੇ ਚੀਨ ਦੀ ਪੁਰਾਤਨ ਸਭਿਅਤਾ ਦੇ ਛੇ ਮੁੱਖ ਕੇਂਦਰਾਂ ਵਿਚੋਂ ਇੱਕ ਹੈ। ਇੱਕ ਹਜ਼ਾਰ ਸਾਲ ਪਹਿਲਾਂ ਇਹ ਸੌਂਗ ਡਾਇਨਸਟੀ ਦੀ ਰਾਜਧਾਨੀ ਹੁੰਦਾ ਸੀ ਅਤੇ ਉਸ ਤੋਂ ਵੀ ਪਹਿਲਾਂ ਸਮੇਂ ਸਮੇਂ ਇਹ ਚੀਨ ਦੇ ਰਾਜ-ਘਰਾਣਿਆਂ ਦੀ ਰਾਜਧਾਨੀ ਰਿਹਾ। ਸੌਂਗ ਡਾਇਨਿਸਟੀ ਵੇਲੇ (960-1137) ਇਸ ਦੀ ਆਬਾਦੀ ਡੇਢ ਮਿਲੀਅਨ ਸੀ। ਸਾਡੇ ਗਾਈਡ ਦੇ ਦੱਸਣ ਅਨੁਸਾਰ ਉਸ ਵੇਲੇ ਸਾਰੀ ਦੁਨੀਆਂ ਵਿੱਚ ਇਸ ਸ਼ਹਿਰ ਦੀ ਵੱਧ ਆਬਾਦੀ ਸੀ।

ਅਸੀਂ ਏਥੇ ਦੁਪਹਿਰ ਨੂੰ ਪਹੁੰਚੇ ਤੇ ਇੱਕ ਬਹੁਤ ਪੁਰਾਣੀ ਤੇ ਚੀਨ ਭਰ ਵਿੱਚ ਮਸ਼ਹੂਰ ਰੈਸਟੋਰੈਂਟ ਵਿੱਚ ਲੰਚ ਕੀਤਾ। ਇਹ ਇਮਾਰਤ ਅੰਦਰੋਂ ਵੀ ਤੇ ਬਾਹਰੋਂ ਵੀ ਬੇਹੱਦ ਸੋਹਣੀ ਸੀ ਤੇ ਕੰਧਾਂ ’ਤੇ ਕਈ ਕਿਸਮ ਦੀ ਚਿੱਤਰਕਾਰੀ ਕੀਤੀ ਹੋਈ ਸੀ। ਇਸ ਥਾਂ ਦੀ ਵਿਸ਼ੇਸ਼ ਡਿੱਸ਼ ਡੰਪਲਿੰਗ ਹਨ। ਕਿਉਂਕਿ ਇਹ ਕਣਕ ਉਗਾਉਣ ਵਾਲਾ ਪ੍ਰਾਂਤ ਹੈ ਇਸ ਕਰਕੇ ਏਥੋਂ ਦੇ ਖਾਣੇ ਵਿੱਚ ਬਹੁਤੀਆਂ ਚੀਜ਼ਾਂ ਆਟੇ ਦੀਆਂ ਬਣੀਆਂ ਹੋਈਆਂ ਹੁੰਦੀਆਂ ਹਨ।

ਲੰਚ ਬਾਅਦ ਅਸੀਂ ਏਥੋਂ ਦੀ ਮਸ਼ਹੂਰ ਮਿਲੇਨੀਅਮ ਪਾਰਕ ਦੇਖਣ ਗਏ। ਪਾਰਕ ਕਾਫੀ ਖੁੱਲ੍ਹੇ ਥਾਂ ਵਿੱਚ ਹੈ ਅਤੇ ਇਸ ਵਿੱਚ ਕਈ ਝੀਲਾਂ ਤੇ ਨਹਿਰਾਂ ਬਣਾਈਆਂ ਹੋਈਆਂ ਹਨ। ਇਹ ਪਾਰਕ ਚਾਂਗ ਜ਼ੂ ਟਵਾਂਨ ਨਾਂ ਦੇ ਚਿੱਤਰਕਾਰ ਦੇ ਇੱਕ ਮਸ਼ਹੂਰ ਚਿੱਤਰ ’ਤੇ ਅਧਾਰਤ ਹੈ ਜੋ ਉਸ ਨੇ ਇੱਕ ਹਜ਼ਾਰ ਸਾਲ ਪਹਿਲਾਂ ਬਣਾਇਆ ਸੀ। ਇਸ ਪਾਰਕ ਦੇ ਅੰਦਰ ਵੜਦਿਆਂ ਹੀ ਉਸ ਦਾ ਬਹੁਤ ਵੱਡਾ ਬੁੱਤ ਲੱਗਾ ਹੋਇਆ ਦਿਸਦਾ ਹੈ। ਚਾਂਗ ਜ਼ੂ ਟਵਾਂਨ ਨੇ ਆਪਣੇ ਚਿੱਤਰ ਵਿੱਚ ਉਸ ਵੇਲੇ ਦੇ ਲੋਕਾਂ ਦੇ ਰੋਜ਼ਾਨਾ ਜੀਵਨ ਨੂੰ ਰੂਪਮਾਨ ਕੀਤਾ ਸੀ। ਇਹ ਚਿੱਤਰ ਚੀਨੀ ਲੋਕਾਂ ਦਾ ਕੌਮੀ ਖਜ਼ਾਨਾ ਮੰਨਿਆ ਜਾਂਦਾ ਹੈ। ਇਸ ਪਾਰਕ ਵਿੱਚ ਇੱਕ ਹਜ਼ਾਰ ਸਾਲ ਪਹਿਲਾਂ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ। ਹਰ ਪਾਸੇ ਉਸੇ ਕਿਸਮ ਦੇ ਖੇਲ੍ਹ ਤਮਾਸ਼ੇ ਹੋ ਰਹੇ ਹਨ ਜਿਸ ਤਰ੍ਹਾਂ ਦੇ ਇੱਕ ਹਜ਼ਾਰ ਸਾਲ ਪਹਿਲਾਂ ਹੁੰਦੇ ਹੋਣਗੇ। ਕੋਈ ਅੱਗ ਖਾਣ ਦੀ ਕਲਾ ਦਿਖਾ ਰਿਹਾ ਸੀ ਤੇ ਕਿਤੇ ਕੁੱਕੜਾਂ ਦੀ ਲੜਾਈ ਕਰਵਾਈ ਜਾ ਰਹੀ ਸੀ। ਇੱਕ ਕੁੜੀ ਪਿੱਠ ਭਾਰ ਲੰਮੀ ਪੈ ਕੇ ਆਪਣੇ ਪੈਰਾਂ ਤੇ ਇੱਕ ਬਹੁਤ ਭਾਰੀ ਮਿੱਟੀ ਦਾ ਗਮਲਾ ਨਚਾ ਟਪਾ ਰਹੀ ਸੀ ਜਿਹਨੂੰ ਪੰਜ ਛੇ ਬੰਦਿਆਂ ਨੇ ਚੁੱਕ ਕੇ ਮਸੀਂ ਉਹਦੇ ਪੈਰਾਂ ’ਤੇ ਰੱਖਿਆ ਸੀ। ਇੱਕ ਖੁੱਲੀ ਥਾਂ ਵਿੱਚ ਘੋੜ ਸਵਾਰ ਆਪਣੇ ਕਰਤੱਵ ਦਿਖਾ ਰਹੇ ਸਨ। ਏਥੇ ਇੱਕ ਉਸ ਕਿਸਮ ਦਾ ਦੋਮੰਜ਼ਲਾ ਘਰ ਵੀ ਸੀ ਜਿਸ ਕਿਸਮ ਦੇ ਘਰ ਅਸੀਂ ਛੀਡੀਅ ਅਤੇ ਹੌਂਗ-ਕੂਅ ਪਿੰਡਾਂ ਵਿੱਚ ਦੇਖੇ ਸਨ। ਏਥੇ ਕੁੜੀ ਦੇ ਵਿਆਹ ਬਾਰੇ ਚੀਨ ਦੇ ਰਵਾਇਤੀ ਢੰਗ ਬਾਰੇ ਇੱਕ ਦਿਲਚਸਪ ਡਰਾਮਾ ਹੋ ਰਿਹਾ ਸੀ। ਘਰ ਦੀ ਦੂਜੀ ਮੰਜ਼ਲ ’ਤੇ ਬਾਹਰ ਖੁੱਲ੍ਹਦੇ ਹਿੱਸੇ ਵਿੱਚ ਪਹਿਲਾਂ ਲਾਲ ਕੱਪੜਾ ਬੰਨ੍ਹਿਆ ਗਿਆ। ਉਸ ਨੂੰ ਦੇਖ ਕੇ ਵਿਆਹ ਕਰਾਉਣ ਦੇ ਸ਼ੌਕੀਨ ਘਰ ਦੇ ਆਸ ਪਾਸ ਗੇੜੇ ਕੱਢਣ ਲੱਗੇ। ਫੇਰ ਕੁੜੀ ਨੇ ਆ ਕੇ ਰੇਸ਼ਮ ਦਾ ਇੱਕ ਗੋਲ਼ਾ ਥੱਲੇ ਲੋਕਾਂ ਵਲ ਸੁੱਟਿਆ। ਚੁੱਕਣ

ਦੀ ਕੋਸ਼ਿਸ਼ ਕਰਨ ਵਾਲਿਆਂ ਵਿੱਚ ਸਾਡਾ ਮਾਰੀਓ ਮਿਟਜ਼ੇ ਵੀ ਸ਼ਾਮਲ ਸੀ। ਉਹਨੇ ਉੱਚੀ ਛਾਲ ਮਾਰ ਕੇ ਉੱਪਰੋਂ ਆਉਂਦਾ ਗੋਲ਼ਾ ਰਾਹ 'ਚ ਹੀ ਬੋਚ ਲਿਆ। ਉਨ੍ਹਾਂ ਨੂੰ ਘਰ ਅੰਦਰ ਸੱਦਿਆ ਗਿਆ। ਉਨ੍ਹਾਂ ਨੂੰ ਇੱਕ ਰਵਾਇਤੀ ਪੁਸ਼ਾਕ ਪਹਿਨਾਈ ਗਈ। ਕੁੜੀ ਦੇ ਪਿਓ ਨੇ ਕੁੜੀ ਦਾ ਹੱਥ ਜੇਤੂ ਮਰਦ, ਜਾਣੀ ਕਿ ਸਾਡੇ ਮਾਰੀਓ ਦੇ ਹੱਥ ਵਿੱਚ ਦਿੱਤਾ। ਸਾਰੇ ਡਰਾਮੇ ਨੂੰ ਦੇਖ ਰਹੇ ਲੋਕ ਖੁਸ਼ੀ ਵਿੱਚ ਤਾੜੀਆਂ ਮਾਰ ਰਹੇ ਸਨ।

ਇਸੇ ਪਾਰਕ ਵਿੱਚ ਰਾਤ ਵੇਲੇ ਇੱਕ ਸ਼ੋਅ ਵੀ ਦੇਖਣ ਦਾ ਮੌਕਾ ਮਿਲਿਆ। ਇਸ ਸ਼ੋਅ ਵਿੱਚ 700 ਲੋਕ ਹਿੱਸਾ ਲੈ ਰਹੇ ਸਨ। ਸਾਰਾ ਡਰਾਮਾ ਇੱਕ ਝੀਲ ਦੇ ਦੁਆਲੇ ਪੇਸ਼ ਕੀਤਾ ਜਾਂਦਾ ਹੈ। ਸੌਂਗ ਡਾਇਨਿਸਟੀ ਦੀਆਂ ਜੰਗਾਂ ਤੋਂ ਲੈ ਕੇ ਏਥੇ ਹੋਈਆਂ ਲੜਾਈਆਂ ਆਦਿ, ਬਾਹਰੋਂ ਆਉਣ ਵਾਲੇ ਲੋਕਾਂ ਦੇ ਪ੍ਰਭਾਵ, ਕੰਮ ਕਰਨ ਵਾਲੇ ਲੋਕਾਂ ਦੀਆਂ ਕਹਾਣੀਆਂ, ਸਥਾਨਕ ਪਿਆਰ ਕਹਾਣੀਆਂ, ਕਿੰਨਾ ਕੁਝ ਹੀ ਇਸ ਡਰਾਮੇ ਵਿੱਚ ਹੈਰਾਨ ਕਰਨ ਵਾਲੇ ਕਲਾਤਮਿਕ ਤਰੀਕੇ ਨਾਲ ਦਿਖਾਇਆ ਗਿਆ ਸੀ। ਪਾਣੀ, ਰੰਗ, ਰੌਸ਼ਨੀ ਤੇ ਆਵਾਜ਼ ਦੇ ਰਲੇਂਵੇਂ ਨਾਲ ਸਭ ਕੁਝ ਸਿਰ ਘੁਮਾਊ ਤੇਜ਼ੀ ਨਾਲ ਵਾਪਰਦਾ ਹੈ। ਕਦੇ ਕਿਸੇ ਪਾਸਿਓਂ ਤੇਜ਼ ਦੌੜਦੇ ਘੋੜਿਆਂ 'ਤੇ ਚੜ੍ਹੇ ਸਵਾਰ ਝੰਡੇ ਲਹਿਰਾਉਂਦੇ ਲੰਘ ਜਾਂਦੇ ਹਨ ਤੇ ਕਦੇ ਮਸਤ ਚਾਲੇ ਊਠ ਤੁਰੇ ਜਾ ਰਹੇ ਦਿਸਦੇ ਹਨ। ਫੌਜਾਂ ਇੱਕ ਪਾਸਿਓਂ ਦੂਜੇ ਪਾਸੇ ਨੂੰ ਸਿਰਤੋੜ ਭੱਜੀਆਂ ਜਾ ਰਹੀਆਂ ਹਨ ਤੇ ਕਦੇ ਪਾਣੀ ਵਿੱਚ ਕਿਸ਼ਤੀਆਂ ਲੜਾਈ ਕਰ ਰਹੀਆਂ ਹਨ ਤੇ ਕਦੇ ਪਿਆਰ 'ਚ ਰੰਗੇ ਜੋੜਿਆਂ ਨੂੰ ਇੱਧਰ ਉੱਧਰ ਘੁਮਾ ਰਹੀਆਂ ਹਨ। ਆਸੇ ਪਾਸੇ ਦੀਆਂ ਇਮਾਰਤਾਂ ਵਿੱਚੋਂ ਰੌਸ਼ਨੀਆਂ ਪਾਈਆਂ ਜਾ ਰਹੀਆਂ ਹਨ। ਕਦੇ ਸਭ ਕੁਝ ਚਿੱਟਾ ਹੁੰਦਾ ਹੈ ਕਦੇ ਨੀਲਾ, ਕਦੇ ਲਾਲ ਤੇ ਕਦੇ ਪੀਲਾ। ਪਾਣੀ ਵਿੱਚ ਬੰਬ ਚਲਾਏ ਜਾ ਰਹੇ ਹਨ। ਅਸੀਂ ਚੀਨੀ ਭਾਸ਼ਾ ਦਾ ਇੱਕ ਵੀ ਸ਼ਬਦ ਨਾ ਸਮਝਣ ਦੇ ਬਾਵਜੂਦ ਕਿੰਨਾ ਕੁਛ ਲੈ ਕੇ ਤੇ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਮੁੜੇ ਉਸ ਰਾਤ।

ਸ਼ੋਅ ਵੇਖਣ ਜਾਣ ਤੋਂ ਪਹਿਲਾਂ ਜਿਸ ਰੈਸਟੋਰੈਂਟ ਵਿੱਚ ਅਸੀਂ ਰਾਤ ਦਾ ਖਾਣਾ ਖਾਧਾ ਉਹ ਵੀ ਕਮਾਲ ਦੀ ਚੀਜ਼ ਸੀ। ਇਸ ਇਮਾਰਤ ਦੀ ਉੱਪਰਲੀ ਮੰਜ਼ 'ਤੇ ਜਾਣ ਲਈ ਚੌੜੀਆਂ ਪੌੜੀਆਂ ਸਨ ਤੇ ਉਨ੍ਹਾਂ ਉੱਪਰ ਲੱਗੀ ਗੂਹੜੇ ਲਾਲ ਰੰਗ ਦੀ ਲੱਕੜ ਬੇਹੱਦ ਅਮੀਰੀ ਦਾ ਪ੍ਰਭਾਵ ਪਾਉਂਦੀ ਸੀ। ਪੌੜੀਆਂ ਦੇ ਦੋਵੇਂ ਪਾਸੇ ਲੱਕੜ ਦੇ ਹਾਥੀਆਂ ਦੇ ਵੱਡੇ ਵੱਡੇ ਬੁੱਤ ਸਨ। ਸਾਡੇ ਕੋਲ ਸਮੇਂ ਦੀ ਘਾਟ ਕਾਰਨ ਅਸੀਂ ਏਥੇ ਬਹੁਤਾ ਚਿਰ ਨਾ ਠਹਿਰ ਸਕੇ ਪਰ ਇਸ ਥਾਂ ਦੀ ਦਿੱਖ ਦੀ ਸ਼ਾਪ ਸਾਡੇ ਮਨਾਂ ਵਿੱਚ ਘਰ ਕਰ ਗਈ।

ਅਸੀਂ ਦਸ ਕੁ ਵਜੇ ਸ਼ੋਅ ਦੇਖ ਕੇ ਵਾਪਿਸ ਆਪਣੇ ਹੋਟਲ ਪਹੁੰਚੇ। ਸਾਡੇ ਗਾਈਡ ਨੇ ਸਾਨੂੰ ਪਹਿਲਾਂ ਹੀ ਦੱਸਿਆ ਹੋਇਆ ਸੀ ਕਿ ਇਸ ਹੋਟਲ ਦੇ ਬਾਹਰ ਵਾਲੀ ਸੜਕ 'ਤੇ ਰਾਤ ਵੇਲੇ ਰੇਹੜੀਆਂ ਦੀ ਇੱਕ ਬਹੁਤ ਵੱਡੀ ਤੇ ਮਸ਼ਹੂਰ ਮਾਰਕਿਟ ਲੱਗਦੀ ਹੈ ਜਿਹੜੀ ਸਾਰੀ ਰਾਤ ਰਹਿੰਦੀ ਹੈ। ਇਸ ਬਾਰੇ ਸਾਨੂੰ ਪਹਿਲਾਂ ਟੋਨੀ ਨੇ ਵੀ ਦੱਸਿਆ ਸੀ ਕਿ ਨਾਲਦਿਆਂ ਸ਼ਹਿਰਾਂ ਤੋਂ ਲੋਕੀਂ ਇਸ ਨਾਈਟ ਮਾਰਕਿਟ ਵਿੱਚ ਖਾਣਿਆਂ ਦਾ ਆਨੰਦ ਮਾਨਣ ਲਈ ਉਚੇਚੇ ਆਉਂਦੇ ਹਨ। ਏਥੇ ਅਨੇਕਾਂ ਕਿਸਮਾਂ ਦੇ ਮੀਟ ਤੇ ਵੱਖਰੀਆਂ ਵੱਖਰੀਆਂ ਕਿਸਮਾਂ ਦੇ ਖਾਣੇ ਤੁਹਾਡੇ ਸਾਹਮਣੇ ਤਿਆਰ ਕੀਤੇ ਜਾਂਦੇ ਹਨ। ਕੁਝ ਰੇਹੜੀਆਂ 'ਤੇ ਸ਼ਰਾਬ, ਬੀਅਰ ਤੇ ਸਿਗਰਟਾਂ ਵੀ ਵਿਕ ਰਹੀਆਂ ਸਨ। ਕੋਈ ਬਹੁਤੀ ਪੁਲੀਸ ਜਾਂ ਸਕਿਉਰਿਟੀ ਵਗੈਰਾ ਵੀ ਨਜ਼ਰ ਨਹੀਂ ਸੀ ਆ ਰਹੀ ਫੇਰ ਵੀ ਕਿਸੇ ਕਿਸਮ ਦਾ ਕੋਈ ਖੱਪਖਾਨਾ ਜਾਂ ਗੁੰਡਾ ਗਰਦੀ ਵਰਗੀ ਕੋਈ ਗੱਲ ਨਹੀਂ ਸੀ। ਲੋਕ ਇੱਧਰ ਉੱਧਰ ਘੁੰਮ ਫਿਰ ਰਹੇ ਸਨ ਤੇ ਖਾ ਪੀ ਰਹੇ ਸਨ। ਮੈਂ ਤੇ ਅਜਮੇਰ ਨੇ ਵੀ ਇਸ ਮਾਰਕਿਟ ਦਾ ਕਾਫੀ ਲੰਮਾ ਚੱਕਰ ਕੱਟਿਆ। ਇੱਕ ਰੇਹੜੀ ਤੋਂ ਅਸੀਂ ਗੰਨੇ ਦੀ ਤਾਜ਼ਾ ਰਸ ਪੀਤੀ ਅਤੇ ਇੱਕ ਹੋਰ ਰੇਹੜੀ ਤੋਂ ਬੇਰ ਲੈ ਕੇ ਖਾਧੇ। ਅਸੀਂ ਪੌਣੇ ਕੁ ਬਾਰਾਂ ਤੱਕ ਇਥੇ ਘੁੰਮਦੇ ਰਹੇ ਤੇ ਇੱਕ ਪੱਲ ਲਈ ਵੀ ਕਿਸੇ ਕਿਸਮ ਦਾ ਡਰ ਜਾਂ ਤੌਖਲਾ ਸਾਨੂੰ ਮਹਿਸੂਸ ਨਾ ਹੋਇਆ।

## ਮੰਗਲਵਾਰ, 22, ਅਕਤੂਬਰ

ਚੀਨ ਦੇ ਪੁਰਾਣੇ ਸ਼ਹਿਰ ਕੇਫਿੰਗ ਤੋਂ ਅਸੀਂ ਇੱਕ ਹੋਰ ਇਤਿਹਾਸਕ ਸ਼ਹਿਰ ਸ਼ਾਂਗਚੂਅ ਪਹੁੰਚੇ। ਏਥੇ ਅਸੀਂ ਇੱਕ ਸਰਕਾਰੀ ਹੋਟਲ ਵਿੱਚ ਠਹਿਰੇ ਜੋ ਸ਼ਹਿਰ ਦੇ ਨਵੇਂ ਹਿੱਸੇ ਵਿੱਚ ਸੀ। ਪਹਿਲਾਂ ਮਿੱਥੇ ਪ੍ਰੋਗਰਾਮ ਤੋਂ ਥੋੜ੍ਹਾ ਜਿਹਾ ਉਲਟ ਸਾਨੂੰ ਆਉਂਦਿਆਂ ਨੂੰ ਹੀ ਹੋਟਲ ਦੇ ਕਮਰੇ ਦੇ ਦਿੱਤੇ ਗਏ। ਬਰਨਬੀ ਵਾਲੀ ਜਥੇਬੰਦੀ ਵਲੋਂ ਇਸ ਸ਼ਹਿਰ ਦੀ ਲਾਇਬ੍ਰੇਰੀ ਨੂੰ ਵੀ ਕਿਤਾਬਾਂ ਭੇਂਟ ਕਰਨੀਆਂ ਸਨ। ਇਸ ਵਾਸਤੇ ਹੋਟਲ ਦੇ ਬਾਹਰ ਸਾਡੇ ਸਵਾਗਤ ਵਜੋਂ ਇੱਕ ਵੱਡਾ ਲਾਲ ਰੰਗ ਦਾ ਬੈਨਰ ਲਾਇਆ ਗਿਆ ਸੀ ਤੇ ਉੱਥੇ ਹੀ ਫੰਕਸ਼ਨ ਰੱਖਿਆ ਗਿਆ ਸੀ। ਬਾਹਰੋਂ ਆਏ ਸਾਰਿਆਂ ਦੇ ਸਵਾਗਤੀ ਫੁੱਲ ਲਾਏ ਗਏ। ਫੁੱਲ ਲਾ ਕੇ ਅਸੀਂ ਪੰਜਾਬੀ ਵਿਆਹ ਵਿਚਲੇ ਨੇੜਲੇ ਰਿਸ਼ਤੇਦਾਰਾਂ ਵਾਂਗ ਸਜੇ ਦਿਸ ਰਹੇ ਸਾਂ। ਸਾਨੂੰ ਜੀਅ ਆਇਆਂ ਕਹਿਣ ਸ਼ਹਿਰ ਦੀ ਡਿਪਟੀ ਮੇਅਰ ਆਈ ਸੀ। ਉਹ ਚਾਲੀ ਕੁ ਸਾਲ ਦੀ ਬਹੁਤ ਹੀ ਖੂਬਸੂਰਤ ਔਰਤ ਸੀ ਤੇ ਲਾਲ ਰੰਗ ਦੇ ਬਲਾਊਜ਼ ਤੇ ਸਕੱਰਟ ਵਿੱਚ ਖੂਬ ਫਬ ਰਹੀ ਸੀ। ਸਾਰਾ ਮਾਹੌਲ ਵਿਆਹ ਤੋਂ ਪਹਿਲਾਂ ਮਿਲਣੀ ਵਰਗਾ ਸੀ। ਡਿਪਟੀ ਮੇਅਰ ਤੇ ਹੋਰ ਅਧਿਕਾਰੀਆਂ ਨੇ ਸਾਨੂੰ ਜੀਅ ਆਇਆਂ ਆਖਿਆ। ਸਾਡੇ ਗਾਈਡ ਸੂਇਨ ਤੇ ਟੋਨੀ ਕੁਓ ਨੇ ਉਨ੍ਹਾਂ ਦੇ ਭਾਸ਼ਨਾਂ ਦਾ ਸੰਖੇਪ ਅਨੁਵਾਦ ਕੀਤਾ। ਫੰਕਸ਼ਨ ਸਮੇਂ

ਸਾਨੂੰ ਸਾਰਿਆਂ ਨੂੰ ਹੋਟਲ ਦੇ ਵਰਾਂਡੇ ਵਿੱਚ ਖੜ੍ਹਾਇਆ ਗਿਆ ਸੀ ਤੇ ਸ੍ਰੋਤਿਆਂ ਨੂੰ ਸਾਹਮਣੇ। ਸ੍ਰੋਤਿਆਂ ਦੀ ਗਿਣਤੀ ਪੈਂਤੀ ਚਾਲੀ ਦੇ ਕਰੀਬ ਸੀ ਤੇ ਉਹ ਸਾਰੇ ਤਿੰਨ ਕਤਾਰਾਂ ਵਿੱਚ ਸਾਵਧਾਨ ਹੋਏ ਖੜ੍ਹੇ ਸਨ ਤੇ ਸਮੇਂ ਸਮੇਂ ਤਾੜੀਆਂ ਮਾਰਦੇ ਸਨ। ਸ੍ਰੋਤੇ ਸਾਰੇ ਹੀ ਸਰਕਾਰੀ ਮੁਲਾਜ਼ਮ ਸਨ ਤੇ ਇਸ ਫੰਕਸ਼ਨ ਵਾਸਤੇ ਵਿਸ਼ੇਸ਼ ਤੌਰ ਤੇ ਸੱਦੇ ਗਏ ਸਨ। ਬਾਹਰ ਸੜਕ ਤੋਂ ਲੰਘਦੇ ਕੁਝ ਪੈਦਲ ਤੇ ਸਾਈਕਲ ਸਵਾਰ ਲੋਕ ਉਤਸੁਕਤਾ ਨਾਲ ਸਾਡੇ ਵੱਲ ਦੇਖ ਲੈਂਦੇ ਸਨ ਪਰ ਕੋਈ ਵੀ ਹੋਟਲ ਦੇ ਅੰਦਰ ਵਲ ਨਹੀਂ ਸੀ ਆਇਆ।

ਫੰਕਸ਼ਨ ਤੋਂ ਬਾਅਦ ਲੰਚ ਦਾ ਪ੍ਰਬੰਧ ਵੀ ਉਸੇ ਹੋਟਲ ਵਿੱਚ ਹੀ ਸੀ। ਲੰਚ ਵਾਸਤੇ ਪਹਿਲਾਂ ਇੱਕ ਅਠਾਰਾਂ ਸੀਟਾਂ ਵਾਲੇ ਗੋਲ ਮੇਜ਼ ਵਾਲਾ ਕਮਰਾ ਚੁਣਿਆ ਗਿਆ ਪਰ ਬੰਦੇ ਕੁਝ ਜ਼ਿਆਦਾ ਨਿਕਲੇ। ਫੇਰ ਉਸ ਤੋਂ ਇੱਕ ਵੱਡੇ ਕਮਰੇ ਵਿੱਚ ਗਏ। ਇਸ ਮੇਜ਼ ਉੱਪਰ ਤੀਹ ਬੰਦੇ ਬੈਠ ਸਕਦੇ ਸਨ। ਗੋਲ ਮੇਜ਼ ਦੇ ਦਰਮਿਆਨ ਬਿਜਲੀ ਨਾਲ ਚੱਲਣ ਵਾਲਾ ਸ਼ੀਸ਼ੇ ਦਾ ਛੋਟਾ ਮੇਜ਼ ਸੀ ਜੋ ਲਗਾਤਾਰ ਧੀਮੀ ਚਾਲੇ ਚੱਲਦਾ ਤੇ ਵੱਖਰੀ ਵੱਖਰੀ ਡਿੱਸ਼ ਖਾਣ ਵਾਲੇ ਦੇ ਅੱਗਿਓਂ ਦੀ ਲੰਘਦੀ। ਖਾਣਾ ਖਾਣ ਤੋਂ ਪਹਿਲਾਂ ਸ਼ਹਿਰ ਦੇ ਆਏ ਹੋਏ ਅਧਿਕਾਰੀ ਕੁਝ ਕੁਝ ਘਬਰਾਏ ਜਿਹੇ ਲਗਦੇ ਸਨ। ਫੇਰ ਉਹ ਕੁਝ ਮਿੰਟਾਂ ਲਈ ਇੱਕ ਵੱਖਰੇ ਕਮਰੇ ਵਿੱਚ ਗਏ। ਵਾਪਿਸ ਆ ਕੇ ਉਨ੍ਹਾਂ ਮੁਆਫੀ ਮੰਗਦਿਆਂ ਦੱਸਿਆ ਕਿ ਉਹ ਲੰਚ ਨਾਲ ਕਿਸੇ ਕਿਸਮ ਦੀ ਸ਼ਰਾਬ ਜਾਂ ਬੀਅਰ ਪੇਸ਼ ਨਹੀਂ ਕਰ ਸਕਣਗੇ। ਕਾਰਨ ਇਹ ਸੀ ਕਿ ਸ਼ਹਿਰ ਦੀ ਕਾਊਂਸਲ ਨੇ ਕੁਝ ਹੀ ਸਮਾਂ ਪਹਿਲਾਂ ਇੱਕ ਨਿਯਮ ਬਣਾਇਆ ਸੀ ਕਿ ਕੋਈ ਵੀ ਸਰਕਾਰੀ ਅਧਿਕਾਰੀ ਕੰਮ ਦੇ ਦਿਨਾਂ ਦੌਰਾਨ ਲੰਚ ਸਮੇਂ ਨਸ਼ਾ ਨਹੀਂ ਪੀਵੇਗਾ। ਇਹ ਨਿਯਮ ਇਸ ਲਈ ਲਾਗੂ ਕਰਨਾ ਪਿਆ ਸੀ ਕਿਉਂਕਿ ਬਹੁਤੇ ਸਰਕਾਰੀ ਅਧਿਕਾਰੀ ਲੰਚ ਤੋਂ ਬਾਅਦ ਕੰਮ ਕਰਨ ਜੋਗੇ ਨਹੀਂ ਸੀ ਰਹਿੰਦੇ।

ਇਸ ਸ਼ਹਿਰ ਦਾ ਪੁਰਾਣਾ ਹਿੱਸਾ ਉਸ ਕੰਧ ਦੇ ਅੰਦਰਲੇ ਪਾਸੇ ਹੈ ਜੋ 1511 ਵਿੱਚ ਉਸਾਰੀ ਗਈ ਸੀ। ਏਥੇ ਕੋਈ ਵੀ ਨਵੀਂ ਇਮਾਰਤ ਨਹੀਂ ਬਣਨ ਦਿੱਤੀ ਜਾਂਦੀ। ਪੁਰਾਣੇ ਬਾਜ਼ਾਰ ਬਿਲਕੁਲ ਉਸੇ ਤਰ੍ਹਾਂ ਹੀ ਹਨ ਜਿਸ ਤਰ੍ਹਾਂ ਸਦੀਆਂ ਪਹਿਲਾਂ ਹੋਣਗੇ ਅਤੇ ਜਿੰਦਾਂ ਭਾਰਤ ਦੇ ਬਹੁਤੇ ਸ਼ਹਿਰਾਂ ਵਿੱਚ ਅੱਜ ਵੀ ਹੁੰਦੇ ਹਨ। ਏਥੇ ਅਮੀਰ ਅਤੇ ਮਸ਼ਹੂਰ ਲੋਕਾਂ ਦੇ ਬਹੁਤ ਸਾਰੇ ਪੁਰਾਣੇ ਘਰ ਨੁਮਾਇਸ਼ ਵਜੋਂ ਰੱਖੇ ਹੋਏ ਹਨ। ਜਿਸ ਲਾਇਬ੍ਰੇਰੀ ਵਾਸਤੇ ਏਥੇ ਕਿਤਾਬਾਂ ਦੇਣੀਆਂ ਸਨ ਉਹ ਵੀ ਇਸ ਹਿੱਸੇ ਵਿੱਚ ਹੀ ਸੀ।

### ਬੁੱਧਵਾਰ, 23, ਅਕਤੂਬਰ

ਸਵੇਰੇ ਇਸ ਹੋਟਲ ਤੋਂ ਸਾਡੀ ਵਿਦਾਇਗੀ ਵੇਲੇ ਉਹ ਸਾਰੇ ਚੀਨੀ ਦੋਸਤ ਇਕੱਤਰ ਹੋਏ ਜੋ ਪਿਛਲੇ ਕੁਝ ਦਿਨਾਂ ਤੋਂ ਸਾਡੇ ਨਾਲ ਸਨ। ਇਨ੍ਹਾਂ ਵਿੱਚ ਜੋਅ, ਪੀਟਰ ਤੇ ਕੈਬਿਨ ਤੋਂ ਬਿਨਾਂ ਲਾਇਬ੍ਰੇਰੀ ਦੇ ਅਧਿਕਾਰੀ ਜੋ ਪਿਛਲੇ ਕੁਝ ਦਿਨਾਂ ਤੋਂ ਸਾਡੇ ਨਾਲ ਸਨ। ਇਸ ਸ਼ਹਿਰ ਸ਼ਾਂਗਚੂਅ ਦੇ ਇੱਕ ਦੋ ਅਧਿਕਾਰੀ ਵੀ ਆਏ ਹੋਏ ਸਨ। ਸਾਡੇ ਨਾਲ ਕਈ ਦਿਨ ਰਹੇ ਗਾਈਡ ਸੂਇਨ ਨੇ ਵੀ ਏਥੋਂ ਹੀ ਵਾਪਿਸ ਚਲੇ ਜਾਣਾ ਸੀ। ਹੋਟਲ ਦੀ ਪਾਰਕਿੰਗ ਲਾਟ ਵਿੱਚ ਅਸੀਂ ਇੱਕ ਦੂਜੇ ਨਾਲ ਹੱਥ ਮਿਲਾਉਂਦੇ, ਮੁਸਕਰਾਉਂਦੇ ਬੋਲੀ ਦੀ ਵੱਡੀ ਕੰਧ ਦੇ ਬਾਵਜੂਦ ਇੱਕ ਦੂਜੇ ਨਾਲ ਕੋਈ ਸਦੀਵੀ ਰਿਸ਼ਤਾ ਕਾਇਮ ਕਰਨ ਦੀ ਕੋਸ਼ਸ਼ ਕਰ ਰਹੇ ਸਾਂ। ਅਸੀਂ ਸਾਰਿਆਂ ਨੇ ਇੱਕ ਦੂਜੇ ਨਾਲ ਤਸਵੀਰਾਂ ਖਿਚਾਈਆਂ।

ਸਾਡੇ ਨਾਲ ਡਰਾਈਵਰ ਪਹਿਲਾਂ ਵਾਲਾ ਹੀ ਰਹਿਣਾ ਸੀ ਤੇ ਅਗਲੇ ਸ਼ਹਿਰ ਕੂਫੂ ਤੋਂ ਸਾਡੇ ਨਾਲ ਨਵਾਂ ਗਾਈਡ ਰਲ਼ਣਾ ਸੀ। ਹੋਟਲ ’ਚੋਂ ਨਿਕਲਣ ਬਾਅਦ ਵੱਡੀ ਬੱਸ ਵਿੱਚ ਅਸੀਂ ਸੱਤ ਜਣੇ ਸਾਂ: ਦਰਸ਼ਨ, ਅੰਮ੍ਰਿਤ, ਅਜਮੇਰ, ਜੌਐਨ, ਮਾਰੀਓ, ਡੈਬਰਾ ਤੇ ਮੈਂ। ਜੌਐਨ, ਮਾਰੀਓ ਤੇ ਡੈਬਰਾ ਸ਼ਹਿਰ ਤੋਂ ਨਿਕਲਦਿਆਂ ਹੀ ਬੱਸ ਦੇ ਪਿਛਲੇ ਹਿੱਸੇ ਵਿੱਚ ਸੌਂ ਗਏ। ਅਸੀਂ ਚਾਰ ਜਣੇ ਬੱਸ ਦੇ ਅੱਗੇ ਬੈਠੇ ਸਾਂ। ਧੁੱਪ ਬਹੁਤ ਸੋਹਣੀ ਚਮਕ ਰਹੀ ਸੀ। ਸਾਡਾ ਡਰਾਈਵਰ ਅੰਗ੍ਰੇਜ਼ੀ ਬਿਲਕੁਲ ਨਹੀਂ ਸੀ ਜਾਣਦਾ। ਬੱਸ ਵਿੱਚ ਚੁੱਪ ਪਸਰੀ ਹੋਈ ਸੀ।



ਅਸੀਂ ਹੁਣ ਸ਼ਾਂਨਡਾਂਗ ਸੂਬੇ ਵਿੱਚ ਸਫਰ ਕਰ ਰਹੇ ਸਾਂ। ਇਹ ਸਾਰਾ ਕਿਸਾਨੀ ਇਲਾਕਾ ਸੀ ਤੇ ਸੜਕ ਕੰਢਲੇ ਪਿੰਡਾਂ ਵਿਚੋਂ ਕਿਸਾਨਾਂ ਦੀ ਗਰੀਬੀ ਸ਼ਰੇਆਮ ਦਿਸ ਰਹੀ ਸੀ। ਇਹ

ਪਿੰਡ ਜਿਆਂਗਸੂ ਸੂਬੇ ਦੇ ਪਿੰਡਾਂ ਨਾਲੋਂ, ਜੋ ਅਸੀਂ ਸ਼ੰਘਾਈ ਤੋ ਸੂਜੋਅ ਜਾਂਦਿਆਂ ਦੇਖੇ ਸਨ, ਬਿਲਕੁਲ ਵੱਖਰੇ ਸਨ। ਇਨ੍ਹਾਂ ਪਿੰਡਾਂ ਦੀ ਦਿੱਖ ਭਾਰਤ ਦੇ ਪਿੰਡਾਂ ਵਰਗੀ ਸੀ। ਸੜਕ ਦੇ ਦੋਵੀਂ ਪਾਸੀਂ ਲਗਾਤਾਰ ਛੋਟੇ ਛੋਟੇ ਪਿੰਡ ਲੰਘ ਰਹੇ ਸਨ। ਲੋਕਾਂ ਦੇ ਲਾਲ ਇੱਟਾਂ ਦੇ ਨਿੱਕੇ ਨਿੱਕੇ ਦੋ ਦੋ ਤਿੰਨ ਤਿੰਨ ਕਮਰਿਆਂ ਦੇ ਅਣਟੀਪੇ ਘਰ ਸਨ। ਘਰਾਂ ਅੱਗੇ ਕਪਾਹ, ਕਪਾਹ ਦੀਆਂ ਛਿਟੀਆਂ, ਮੱਕੀ, ਮੂੰਗਫਲੀ ਆਦਿ ਸੁਕਾਉਣ ਲਈ ਰੱਖੀਆਂ ਹੋਈਆਂ ਸਨ। ਵਿੱਚ ਵਿੱਚ ਛੋਟੀਆਂ ਛੋਟੀਆਂ ਦੁਕਾਨਾਂ ਤੇ ਕਾਰੋਬਾਰ ਵੀ ਸਨ। ਸੜਕ ਕੰਢੇ ਕਈ ਥਾਵੀਂ ਛੱਪੜੀਆਂ ਵਿੱਚ ਪਾਣੀ ਖੜ੍ਹਾ ਸੀ ਜਿਸ ’ਤੇ ਹਰਿਆਈ ਜੰਮੀ ਹੋਈ ਸੀ। ਇੱਕ ਦੋ ਥਾਵੀਂ ਸੜਕ ਕਿਨਾਰੇ ਕਿਸਾਨ-ਮੰਡੀਆਂ ਵੀ ਲੱਗੀਆਂ ਹੋਈਆਂ ਦਿਸੀਆਂ, ਜਿੱਥੇ ਫਲ, ਸਬਜ਼ੀਆਂ, ਖਾਣ ਪੀਣ ਦੀਆਂ ਰੇਹੜੀਆਂ ਅਤੇ ਕੱਪੜੇ ਆਦਿ ਦੀਆਂ ਆਰਜ਼ੀ ਦੁਕਾਨਾਂ ਸਨ। ਸੜਕ ਕਿਨਾਰੇ ਸੱਜਰੀ ਬੀਜੀ ਹੋਈ ਜਾਂ ਬੀਜੀ ਜਾ ਰਹੀ ਕਣਕ ਦੇ ਖੇਤ ਸਨ। ਜੰਮਦੀ ਕਣਕ ਨੂੰ ਕੋਰੇ ਤੋਂ ਬਚਾਉਣ ਲਈ ਇਸ ਉੱਤੇ ਪਲਾਸਟਿਕ ਵਿਸ਼ਾਈ ਹੋਈ ਸੀ। ਉੱਗਦੇ ਦਾਣਿਆਂ ਦੇ ਵਧਣ ਲਈ ਪਲਾਸਟਿਕ ਵਿੱਚ ਗਲ਼ੀਆਂ ਕਰਨੀਆਂ ਪੈਂਦੀਆਂ ਹਨ। ਇਹ ਕੰਮ ਹੱਥ ਨਾਲ ਕੀਤਾ ਜਾ ਰਿਹਾ ਸੀ। ਇਸ ਦੋ ਤਿੰਨ ਘੰਟੇ ਦੇ ਸਫਰ ਦੌਰਾਨ ਅਸੀਂ ਹਜ਼ਾਰਾਂ ਕਿਸਾਨ ਝੁਕ ਕੇ ਇਸ ਪਲਾਸਟਿਕ ਵਿੱਚ ਗਲ਼ੀਆਂ ਕੱਢਦੇ ਦੇਖੇ। ਕਈ ਥਾਵੀਂ ਔਰਤਾਂ ਅਜੇ ਕਪਾਹ ਵੀ ਚੁਗ ਰਹੀਆਂ ਸਨ। ਕਣਕ ਤੋਂ ਪਹਿਲਾਂ ਏਥੇ ਝੋਨਾ ਬੀਜਿਆ ਹੋਇਆ ਸੀ। ਉੱਤਰ ਵੱਲ ਨੂੰ ਜਾਂਦਿਆਂ ਕਈ ਥਾਵੀਂ ਅਸੀਂ ਦੇਖਿਆ ਕਿ ਝੋਨੇ ਦੀ ਫਸਲ ਅਜੇ ਖੜ੍ਹੀ ਸੀ ਤੇ ਵੱਢੀ ਜਾ ਰਹੀ ਸੀ। ਕਿਸਾਨ ਹੱਥਾਂ ਨਾਲ ਹੀ ਇਹ ਫਸਲ ਵੱਢ ਰਹੇ ਸਨ। ਏਥੇ ਕਿਤੇ ਕਿਤੇ ਟਰੈਕਟਰ ਵੀ ਦੇਖੇ ਤੇ ਕਈ ਥਾਵੀਂ ਬੰਦੇ ਆਪ ਵੀ ਅੱਗੇ ਲੱਗ ਕੇ ਹਲ਼ ਖਿੱਚਦੇ ਦੇਖੇ। ਇੱਕ ਜਗ੍ਹਾ ਚਾਰ ਜਣੇ ਹਲ਼ ਖਿੱਚ ਰਹੇ ਸਨ ਤੇ ਇੱਕ ਜਣਾ ਹਲ਼ ਦੇ ਪਿੱਛੇ ਸੀ। ਪਸ਼ੂਆਂ ਦੀ ਬਹੁਤੀ ਵਰਤੋਂ ਨਜ਼ਰ ਨਹੀਂ ਸੀ ਆ ਰਹੀ।

ਅਗਲੇ ਸ਼ਹਿਰ ਕੂਫੂ ਵਿੱਚ ਸਾਡੇ ਨਾਲ ਨਵਾਂ ਗਾਈਡ ਰਲ਼ਿਆ ਜਿਹਦਾ ਨਾਂ ਬਰੂਸ ਸੀ। ਉਹ ਅੰਗ੍ਰੇਜ਼ੀ ਏਨੀ ਜ਼ਿਆਦਾ ਨਹੀਂ ਸੀ ਜਾਣਦਾ ਪਰ ਸਾਡੇ ਹਰ ਸਵਾਲ ਤੇ ਮੰਗ ਨੂੰ ਹੱਲ ਕਰਨ ਲਈ ਪੂਰੀ ਇਮਾਨਦਾਰੀ ਨਾਲ ਕੋਸ਼ਸ਼ ਕਰਦਾ। ਇਸ ਸ਼ਹਿਰ ਦੀ ਮਸ਼ਹੂਰੀ ਚੀਨੀ ਦਾਰਸ਼ਨਿਕ ਤੇ ਅਧਿਆਤਮਿਕ ਆਗੂ ਕੰਨਫਿਊਸ਼ੀਅਸ ਦੇ ਜਨਮ ਸਥਾਨ ਵਜੋਂ ਹੈ। ਪਹਿਲਾਂ ਅਸੀਂ ਉਹਦੇ ਜਨਮ ਸਥਾਨ ’ਤੇ ਬਣਿਆਂ ਟੈਂਪਲ ਦੇਖਣ ਗਏ। ਇਹ ਟੈਂਪਲ ਪਿਛਲੇ ਤਿੰਨ ਹਜ਼ਾਰ ਦੇ ਸਮੇਂ ਦੌਰਾਨ ਕਈ ਵਾਰ ਢਾਹਿਆ ਅਤੇ ਬਣਾਇਆ ਗਿਆ ਹੈ। ਇਹ ਕਾਫੀ ਵੱਡੇ ਰਕਬੇ ਵਿੱਚ ਫੈਲਿਆ ਹੋਇਆ ਹੈ। ਇਸ ਪਿੱਛੋਂ ਅਸੀਂ ਉਸ ਦੀ ਕਬਰ ’ਤੇ ਗਏ। ਇਸ ਕਬਰਸਤਾਨ ਦਾ ਰਕਬਾ ਕਾਫੀ ਵੱਡਾ ਹੈ ਅਤੇ ਏਥੇ ਕੰਨਫਿਊਸ਼ੀਅਸ ਦੇ ਪਰਵਾਰ ਦੇ ਜੀਆਂ ਦੀਆਂ ਅਤੇ ਹੋਰ ਮਹੱਤਵਪੂਰਨ ਲੋਕਾਂ ਦੀਆਂ ਕਬਰਾਂ ਹਨ। ਇੱਕ ਹੋਰ ਜਗ੍ਹਾ ਦੇਖੀ ਜਿੱਥੇ ਚੀਨ ਦੇ ਕਈ ਪੁਰਾਣੇ ਸ਼ਹਿਨਸ਼ਾਹ ਰਹਿੰਦੇ ਰਹੇ ਸਨ। ਰਾਤ ਨੂੰ ਕੰਨਫਿਊਸ਼ੀਅਸ ਬਾਰੇ ਇੱਕ ਸ਼ੋਅ ਵੀ ਦੇਖਿਆ। ਏਥੇ ਦਿਨ ਵੇਲੇ ਹਵਾ ਵਗਦੀ ਸੀ ਜਿਸ ਕਰਕੇ ਠੰਡ ਲੱਗਦੀ ਰਹੀ ਉਂਜ ਧੁੱਪ ਬਹੁਤ ਸੋਹਣੀ ਸੀ। ਸ਼ੋਅ ਇੱਕ ਖੁੱਲੇ ਥੀਏਟਰ ਵਿੱਚ ਸੀ ਤੇ ਸ਼ੋਅ ਦੇਖਦਿਆਂ ਵੀ ਬਹੁਤ ਜ਼ਿਆਦਾ ਠੰਡ ਲੱਗ ਰਹੀ ਸੀ।

### ਵੀਰਵਾਰ, 24, ਅਕਤੂਬਰ

ਇਸ ਦਿਨ ਵੀ ਸਵੇਰੇ ਕਾਫੀ ਸੋਹਣੀ ਧੁੱਪ ਨਿਕਲੀ ਸੀ। ਪਰ ਹੁਣ ਕਿਉਂਕਿ ਅਸੀਂ ਚੀਨ ਦੇ ਉੱਤਰੀ ਇਲਾਕੇ ਵਿੱਚ ਸਾਂ ਇਸ ਲਈ ਠੰਡ ਵੱਧ ਸੀ। ਅੱਜ ਸਾਡਾ ਇਸ ਗਰੁੱਪ ਨਾਲ ਅਖੀਰਲਾ ਦਿਨ ਸੀ। ਅਸੀਂ ਚੌਂਹ ਜਣਿਆਂ ਨੇ ਸ਼ਾਮ ਨੂੰ ਜੀਨਾਨ ਨਾਂ ਦੇ ਸ਼ਹਿਰ ਤੋਂ ਫਲਾਈਟ ਲੈ ਕੇ ਬੀਜਿੰਗ ਨੂੰ ਜਾਣਾ ਸੀ ਤੇ ਮਾਰੀਓ, ਡੈਬਰਾ ਤੇ ਜੋਐਨ ਨੇ ਗੱਡੀ ਰਾਹੀਂ ਮੁੜ ਕੇ ਸ਼ੰਘਾਈ ਨੂੰ ਵਾਪਿਸ ਜਾਣਾ ਸੀ।

ਹੋਟਲ ਤੋਂ ਨਿਕਲ ਕੇ ਅਸੀਂ ਤੈਸ਼ਾਨ ਨਾਂ ਦੇ ਪਹਾੜ ’ਤੇ ਗਏ। ਇਸ ਪਹਾੜ ਨੂੰ ਵਰਲਡ ਹੈਰੀਟੇਜ ਸਾਈਟ ਮੰਨਿਆ ਗਿਆ ਹੈ। ਇਹ ਚੀਨ ਦੇ ਚਾਰ ਮਸ਼ਹੂਰ ਪਹਾੜਾਂ ਵਿੱਚੋਂ ਇੱਕ ਹੈ। ਇੱਕ ਯੈਲੋ ਨਾਂ ਦੇ ਪਹਾੜ ’ਤੇ ਅਸੀਂ ਪਹਿਲਾਂ ਜਾ ਚੁੱਕੇ ਸਾਂ। ਤੈਸ਼ਾਨ ਪਹਾੜ ’ਤੇ ਵੀ ਅਸੀਂ ਕੇਬਲ ਕਾਰ ਰਾਹੀਂ ਉੱਪਰ ਗਏ। ਜਿੱਥੇ ਕੇਬਲ ਕਾਰ ਖਤਮ ਹੁੰਦੀ ਸੀ ਉੱਥੋਂ ਅੱਗੇ ਕੁਝ ਫਾਸਲਾ ਤੁਰ ਕੇ ਤਹਿ ਕਰਨਾ ਪੈਣਾ ਸੀ। ਇਸ ਜਗ੍ਹਾ ਕੁਝ ਰੈਸਟੋਰੈਂਟ ਤੇ ਹੋਰ ਸੁਵਨੀਅਰ ਆਦਿ ਦੀਆਂ ਦੁਕਾਨਾਂ ਸਨ। ਇਨ੍ਹਾਂ ਦੁਕਾਨਾਂ ਵਾਲੀ ਜਗ੍ਹਾ ਤੋਂ ਹੋਰ ਅੱਗੇ ਉੱਤੇ ਜਾ ਕੇ ਕੁਝ ਹੋਰ ਦੇਖਣਯੋਗ ਚੀਜ਼ਾਂ ਸਨ। ਮੈਂ ਤੇ ਅਜਮੇਰ ਇਨ੍ਹਾਂ ਉੱਪਰਲੀਆਂ ਥਾਵਾਂ ਤੱਕ ਗਏ। ਉੱਥੇ ਉੱਚੇ ਉੱਚੇ ਪੱਥਰਾਂ ਉੱਪਰ ਪੁਰਾਣੇ ਸ਼ਹਿਨਸ਼ਾਹਾਂ ਵਲੋਂ ਸਮੇਂ ਸਮੇਂ ਇਬਾਰਤਾਂ ਲਿਖਵਾਈਆਂ ਹੋਈਆਂ ਸਨ। ਇਸ ਪਹਾੜ ਨਾਲ ਚੀਨ ਦੇ ਪਿਛਲੇ ਦੋ ਹਜ਼ਾਰ ਸਾਲਾਂ ਦਾ ਧਾਰਮਿਕ ਤੇ ਕਲਾਤਮਿਕ ਇਤਿਹਾਸ ਜੁੜਿਆ ਹੋਇਆ ਹੈ। ਆਪਣੀ ਸੁੰਦਰਤਾ ਕਾਰਨ ਤੈਸ਼ਾਨ ਪਹਾੜ ਹਮੇਸ਼ਾ ਚੀਨੀ ਕਲਾਕਾਰਾਂ ਤੇ ਬੁੱਧੀਜੀਵੀਆਂ ਲਈ ਪ੍ਰੇਰਨਾ ਸ੍ਰੋਤ ਰਿਹਾ ਹੈ।

ਪਹਾੜ ਤੋਂ ਆ ਕੇ ਅਸੀਂ ਜੀਨਾਨ ਸ਼ਹਿਰ ਵਿੱਚ ਕੁਝ ਸ਼ਾਪਿੰਗ ਕੀਤੀ। ਇਹ ਕਾਫੀ ਵੱਡਾ ਸ਼ਹਿਰ ਹੈ ਜਿਸ ਦੀ ਆਬਾਦੀ ਸੱਤ ਮਿਲੀਅਨ ਤੋਂ ਉੱਪਰ ਹੈ। ਏਥੇ ਡਾਊਨਟਾਊਨ ਵਿੱਚ ਵਾਲ ਮਾਰਟ ਵਾਲਿਆਂ ਦਾ ਵੱਡਾ ਸਟੋਰ ਹੈ। ਵਾਲ ਮਾਰਟ ਅਮਰੀਕਾ

ਵਾਲਿਆਂ ਦੀ ਮਸ਼ਹੂਰ ਸਟੋਰ ਚੇਨ ਹੈ। ਦੁਨੀਆਂ ਵਿੱਚ ਗਿਣਤੀ ਪੱਖੋਂ ਸਭ ਤੋਂ ਵੱਧ ਲੋਕ ਇਸ ਕਾਰਪੋਰੇਸ਼ਨ ਲਈ ਕੰਮ ਕਰਦੇ ਹਨ। ਇਹ ਕਾਰਪੋਰੇਸ਼ਨ ਕਨੇਡਾ ਅਮਰੀਕਾ ਵਿੱਚ ਇਸ ਗੱਲੋਂ ਜਾਣੀ ਜਾਂਦੀ ਹੈ ਜਾਂ ਬਦਨਾਮ ਹੈ ਕਿ ਇਹਨੇ ਕਿਤੇ ਵੀ ਕਾਮਿਆਂ ਨੂੰ ਯੂਨੀਅਨ ਨਹੀਂ ਬਣਾਉਣ ਦਿੱਤੀ ਅਤੇ ਸਭ ਤੋਂ ਵੱਧ ਸ਼ੋਸ਼ਣ ਕਰਨ ਵਿੱਚ ਕਾਮਯਾਬ ਹੈ। ਕੁਝ ਦੇਰ ਪਹਿਲਾਂ ਕਨੇਡਾ ਦੇ ਕਿਉਬਿਕ ਸੂਬੇ ਵਿੱਚ ਵਾਲਮਾਰਟ ਦੇ ਇੱਕ ਸਟੋਰ ਦੇ ਕਾਮਿਆਂ ਨੇ ਜਥੇਬੰਦ ਹੋਣ ਦੀ ਕੋਸ਼ਸ਼ ਕੀਤੀ ਸੀ ਅਤੇ ਜਦੋਂ ਉਹ ਕਾਮਯਾਬੀ ਦੇ ਨੇੜੇ ਪਹੁੰਚੇ ਤਾਂ ਮਾਲਕਾਂ ਵਲੋਂ ਉਹ ਸਟੋਰ ਬੰਦ ਕਰ ਦਿੱਤਾ ਗਿਆ। ਚੀਨ ਦੇ ਹਰ ਛੋਟੇ ਮੋਟੇ ਸ਼ਹਿਰ ਵਿੱਚ ਇਹ ਸਟੋਰ ਮਿਲਦਾ ਹੈ ਤੇ ਵੱਡੇ ਸ਼ਹਿਰਾਂ ਵਿੱਚ ਕਈ ਕਈ ਸਟੋਰ ਹਨ। ਇਹ ਗੱਲ ਮੰਨੀ ਜਾਂਦੀ ਹੈ ਕਿ ਚੀਨ ਦੇ ਮੌਜੂਦਾ ਆਰਥਿਕ ਵਿਕਾਸ ਵਿੱਚ ਇਸ ਕਾਰਪੋਰੇਸ਼ਨ ਦਾ ਹੱਥ ਹੈ ਅਤੇ ਇਸ ਕਾਰਪੋਰੇਸ਼ਨ ਨੂੰ ਏਨਾ ਤਾਕਤਵਰ ਬਣਾਉਣ ਵਿਚ ਚੀਨ ਦਾ ਯੋਗਦਾਨ ਹੈ।

ਸ਼ਾਮ ਦਾ ਖਾਣਾ ਖਾਣ ਬਾਅਦ ਅਸੀਂ ਆਪਣੇ ਤਿੰਨਾਂ ਸਾਥੀਆਂ ਮਾਰੀਓ, ਡੈਬਰਾ ਤੇ ਜੋਐਨ ਨੂੰ ਅਲਵਿਦਾ ਆਖਿਆ। ਉਹ ਤਿੰਨੋਂ ਜੀਨਾਨ ਦੇ ਸਟੇਸ਼ਨ ਨੂੰ ਰਵਾਨਾ ਹੋਏ ਅਤੇ ਅਸੀਂ ਏਅਰਪੋਰਟ ਵਲ।

**ਸ਼ੁਕਰਵਾਰ, 25, ਅਕਤੂਬਰ**



ਰਾਤ ਅਸੀਂ ਕੋਈ ਸਾਢੇ ਕੁ ਗਿਆਰਾਂ ਵਜੇ ਬੀਜਿੰਗ ਆਪਣੇ ਹੋਟਲ ਵਿੱਚ ਪਹੁੰਚੇ। ਸਾਡੇ ਇਸ ਟਰਿੱਪ ਦਾ ਬੀਜਿੰਗ ਵਾਲਾ ਹਿੱਸਾ ਬਾਕੀ ਦੇ ਟਰਿੱਪ ਤੋਂ ਵੱਖਰਾ ਸੀ ਤੇ ਇਸ ਦਾ ਸਾਰਾ ਪ੍ਰਬੰਧ ਦਰਸ਼ਨ ਸਿੰਘ ਮਾਨ ਹੋਰੀਂ ਕੀਤਾ ਸੀ। ਸਾਡੀ ਗਾਈਡ ਜਿਸ ਨੇ ਸਾਡਾ ਹੋਟਲ ਤੇ ਬਾਕੀ ਦਾ ਟਰਿੱਪ ਆਰਗੇਨਾਈਜ਼ ਕੀਤਾ ਸੀ ਉਹ ਸਾਨੂੰ ਲੈਣ ਏਅਰਪੋਰਟ 'ਤੇ ਪਹੁੰਚੀ ਹੋਈ ਸੀ। ਮਿੱਥੇ ਪ੍ਰੋਗਰਾਮ ਅਨੁਸਾਰ ਅਸੀਂ ਸਵੇਰੇ ਖਾਣ ਪੀਣ ਤੋਂ ਵਿਹਲੇ ਹੋ ਕੇ ਬੀਜਿੰਗ ਦੀ ਹੀ ਨਹੀਂ ਸਾਰੇ ਚੀਨ ਦੀ ਮਸ਼ਹੂਰ ਜਗ੍ਹਾ ਫੌਰਬਿਡਨ ਸਿਟੀ ਦੇਖਣ ਗਏ। ਚੀਨ ਦੇ ਸ਼ਹਿਨਸ਼ਾਹਾਂ ਦਾ ਇਹ ਮਹੱਲ ਪੰਦਰਵੀਂ ਸਦੀ ਦੇ ਸ਼ੁਰੂ ਵਿੱਚ ਬਣਾਇਆ ਗਿਆ ਸੀ ਤੇ ਇਸ ਨੂੰ ਉਸਾਰਨ ਵਿੱਚ ਚੌਦਾਂ ਸਾਲ (1406 –1420) ਲੱਗੇ ਸਨ। ਇਹ ਜਗ੍ਹਾ 180 ਏਕੜਾਂ ਵਿੱਚ ਫੈਲੀ ਹੋਈ ਹੈ ਤੇ ਇਸ ਵਿੱਚ 9000 ਤੋਂ ਵੱਧ ਕਮਰੇ ਹਨ ਅਤੇ ਇਸ ਦੇ ਇਰਦ ਗਿਰਦ ਵੱਡੀ ਦੀਵਾਰ ਬਣੀ ਹੋਈ ਹੈ। ਇਸ ਵਿੱਚ ਪਹਿਲਾਂ ਮਿੰਗ ਤੇ ਫੇਰ ਕਿੰਗ ਡਾਇਨਿਸਟੀ ਦੇ ਸ਼ਹਿਨਸ਼ਾਹ ਰਹਿੰਦੇ ਸਨ। ਇਨ੍ਹਾਂ ਸ਼ਹਿਨਸ਼ਾਹਾਂ ਦੀਆਂ ਕਈ ਕਈ ਹਜ਼ਾਰ ਰਖੇਲਾਂ (ਕਾਨਕੁਬਾਈਨ) ਹੁੰਦੀਆਂ ਸਨ।

ਜਦੋਂ ਅਸੀਂ ਫੋਰਬਿਡਨ ਸਿਟੀ ਦੇਖਣ ਲਈ ਉੱਥੇ ਪਹੁੰਚੇ ਤਾਂ ਦੇਖਿਆ ਕਿ ਸੈਲਾਨੀਆਂ ਦੀ ਬਹੁਤ ਵੱਡੀ ਭੀੜ ਸੀ। ਹਰ ਪਾਸੇ ਲੋਕ ਹੀ ਲੋਕ ਸਨ। ਏਥੇ ਨੁਮਾਇਸ਼ ਵਾਲੇ ਬਹੁਤੇ ਕਮਰੇ ਬੰਦ ਕੀਤੇ ਹੋਏ ਹਨ ਅਤੇ ਸ਼ੀਸ਼ੇ ਦੀਆਂ ਤਾਕੀਆਂ ਰਾਹੀਂ ਹੀ ਅੰਦਰ ਝਾਕ ਕੇ ਦੇਖਣਾ ਪੈਂਦਾ ਹੈ। ਲੋਕ ਜ਼ਿਆਦਾ ਹੋਣ ਕਾਰਨ ਤਾਕੀਆਂ ਦੁਆਲੇ ਬਹੁਤ ਭੀੜ ਸੀ ਅਤੇ ਤਾਕੀ ਦੇ ਕੋਲ ਪਹੁੰਚਣ ਨੂੰ ਕਾਫੀ ਵਕਤ ਲੱਗਦਾ ਸੀ। ਰਾਜੇ ਦੇ ਸੌਣ ਵਾਲਾ ਮੁੱਖ ਕਮਰਾ ਦੋਮੰਜ਼ਲਾ ਹੈ। ਉੱਪਰਲੀ ਮੰਜ਼ਲ 'ਤੇ ਜਿੱਥੇ ਉਹ ਸੌਂਦਾ ਸੀ ਉਸ ਨੂੰ ਕੋਈ ਤਾਕੀ ਵਗੈਰਾ ਨਹੀਂ ਹੈ। ਅੰਦਰੋਂ ਹੀ ਪੌੜੀਆਂ ਉੱਪਰ ਨੂੰ ਜਾਂਦੀਆਂ ਹਨ। ਸੌਣ ਵਾਲੇ ਕਮਰੇ ਵਿੱਚ 81 ਮੰਜੇ ਡਿੱਠੇ ਹੋਏ ਹੁੰਦੇ ਸਨ। ਅੱਸੀਆਂ ਉੱਪਰ ਪਈਆਂ ਔਰਤਾਂ ਨਾਲ ਰਾਜੇ ਵਰਗੀ ਪੁਸ਼ਾਕ ਵਿੱਚ ਕੋਈ ਹੋਰ ਮਰਦ ਪਿਆ ਹੁੰਦਾ ਸੀ। ਇਹ ਸਭ ਕੁਝ ਇਸ ਡਰੋਂ ਹੁੰਦਾ ਸੀ ਕਿ ਦੁਸ਼ਮਣ ਰਾਜੇ ਨੂੰ ਮਾਰ ਨਾ ਦੇਣ। ਜਦੋਂ ਉਹ ਦਰਬਾਰ ਵਿੱਚ ਬੈਠਦਾ ਸੀ ਤਾਂ ਉਹਦੇ ਆਸੇ ਪਾਸੇ ਸ਼ੀਸ਼ੇ ਇਸ ਤਰ੍ਹਾਂ ਰੱਖੇ ਹੁੰਦੇ ਸਨ ਕਿ ਉਹਨੂੰ ਆਪਣੇ ਆਲੇ ਦੁਆਲੇ ਹਰ ਦਿਸ਼ਾ ਦਾ ਗਿਆਨ ਰਹੇ ਅਤੇ ਕੋਈ ਅਚਾਨਕ ਉਸ 'ਤੇ ਵਾਰ ਨਾ ਕਰ ਜਾਵੇ। ਮਹੱਲ ਦੀ ਬਾਹਰਲੀ ਕੰਧ ਤੱਕ ਪਹੁੰਚ ਕੇ ਜੇ ਕੋਈ ਉਹਨੂੰ ਹੱਥ ਵੀ ਲਾ ਦੇਵੇ ਤਾਂ ਉਹਦੇ ਹੱਥ ਕੱਟ ਦਿੱਤੇ ਜਾਂਦੇ ਸਨ ਜਾਂ ਜਾਨੋ ਮਾਰ ਦਿਤਾ ਜਾਂਦਾ ਸੀ। ਜੇ ਕੋਈ ਪੀਲ਼ਾ ਰੰਗ ਵਰਤ ਲਵੇ, ਜਿਸ ਨੂੰ ਸ਼ਕਤੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ, ਉਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਰਾਜਾ ਇਹ ਸਭ ਕੁਝ ਉਹਨੂੰ ਪ੍ਰਮਾਤਮਾ ਵਲੋਂ ਸੌਂਪੀ ਸ਼ਕਤੀ ਦੇ ਆਧਾਰ 'ਤੇ ਕਰਦਾ ਸੀ। ਫੋਰਬਿਡਨ ਸਿਟੀ ਵਿੱਚ ਫਿਰਦਿਆਂ ਤੇ ਜਾਣਕਾਰੀ ਹਾਸਲ ਕਰਦਿਆਂ ਰਾਜੇ ਦੀ ਸ਼ਕਤੀ ਦਾ ਜੋ ਅਕਸ ਮਿਲਦਾ ਹੈ ਉਹ ਬੇਹੱਦ ਡਰਾਉਣਾ ਹੈ।

ਫੌਰਬਿਡਨ ਸਿਟੀ ਦੇਖਣ ਬਾਅਦ ਅਸੀਂ ਲੰਚ ਕਰਕੇ ਬੀਜਿੰਗ ਦਾ ਪੁਰਾਣਾ ਇਲਾਕਾ - ਓਲਡ ਟਾਊਨ - ਦੇਖਣ ਗਏ। ਉਨ੍ਹਾਂ ਨੇ ਸਾਨੂੰ ਰਿਕਸ਼ਿਆਂ ਵਿੱਚ ਬਿਠਾ ਕੇ ਇਸ ਇਲਾਕੇ ਦਾ ਚੱਕਰ ਲੁਆਇਆ। ਫੇਰ ਸਾਨੂੰ ਇੱਕ ਘਰ ਵਿੱਚ ਲੈ ਕੇ ਗਏ ਜਿੱਥੇ ਘਰ ਦੀ ਸੁਆਣੀ ਨੇ ਸਾਡੇ ਲਈ ਚਾਹ ਬਣਾਈ ਤੇ ਸਾਡੇ ਨਾਲ ਬੈਠ ਕੇ ਪੀਤੀ ਤੇ ਆਪਣੇ ਬਾਰੇ ਕੁਝ ਰਟੀਆਂ ਹੋਈਆਂ ਗੱਲਾਂ ਦੱਸੀਆਂ। ਜਦੋਂ ਅਸੀਂ ਅਜੇ ਬੈਠੇ ਹੀ ਸਾਂ ਤਾਂ ਸੈਲਾਨੀਆਂ ਦਾ ਅਗਲਾ ਗਰੁੱਪ ਜਿਹਦੇ ਵਿੱਚ ਯੁਰਪੀਅਨ ਸਨ, ਉਹ ਆ ਗਿਆ। ਸਭ ਕੁਝ ਬੜਾ ਬਨਾਉਟੀ ਬਨਾਉਟੀ ਜਿਹਾ ਲੱਗ ਰਿਹਾ ਸੀ।

ਸਾਡੀ ਅਗਲੀ ਮੰਜ਼ਲ ਇੱਕ ਸ਼ਾਪਿੰਗ ਸੈਂਟਰ ਸੀ। ਚਾਰ ਕੁ ਮੰਜ਼ਲੇ ਇਸ ਮਾਲ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਛੋਟੀਆਂ ਛੋਟੀਆਂ ਦੁਕਾਨਾਂ ਸਨ। ਇਹ ਥਾਂ 'ਬਾਰਗੇਨਿੰਗ' ਲਈ ਮਸ਼ਹੂਰ ਹੈ। ਇਸ ਖੇਡ ਬਾਰੇ ਹਰ ਕਿਸੇ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਦੱਸੀ ਕੀਮਤ ਅਸਲੀ ਨਾਲੋਂ ਕਈ ਗੁਣਾਂ ਵੱਧ ਹੈ। ਚਾਪ ਸਟਿੱਕਾਂ (ਖਾਣਾ ਖਾਣ ਲਈ ਵਰਤੀਆਂ ਜਾਂਦੀਆਂ ਲੱਕੜੀ ਦੀਆਂ ਤੀਲੀਆਂ) ਦਾ ਰੰਗ-ਬਰੰਗਾ ਬੰਡਲ ਮੈਨੂੰ ਵਧੀਆ ਲੱਗਾ। ਕੀਮਤ ਪੁੱਛਣ 'ਤੇ ਦੁਕਾਨਦਾਰ ਔਰਤ ਨੇ ਉਹਦੀ ਕੀਤਮ 350 ਚੀਨੀ ਯੁਆਨ ਦੱਸੀ। ਮੈਂ ਉਹਨੂੰ ਸੌ ਯੁਆਨ ਤੱਕ ਲੈ ਆਇਆ। ਪਰ ਪੈਸੇ ਦੇਣ ਤੋਂ ਪਹਿਲਾਂ ਸੋਚਿਆ ਕਿ ਦਰਸ਼ਨ ਨੂੰ ਪੁੱਛਾਂ ਕਿਉਂਕਿ ਸਾਡੇ ਵਿੱਚੋ ਉਸ ਨੂੰ ਇਨ੍ਹਾਂ ਗੱਲਾਂ ਦਾ ਵੱਧ ਤਜਰਬਾ ਸੀ। ਦਰਸ਼ਨ ਨੇ ਉਹ ਬੰਡਲ ਮੈਨੂੰ ਵੀਹਾਂ ਦਾ ਲੈ ਦਿੱਤਾ। ਬਾਹਰੋਂ ਆਏ ਸੈਲਾਨੀਆਂ ਵਾਸਤੇ ਇਹ ਬੜੀ ਦਿਲਚਸਪ ਖੇਡ ਹੈ। ਇੱਥੇ ਕੰਮ ਕਰਨ ਵਾਲੀਆਂ ਜ਼ਿਆਦਾ ਨੌਜਵਾਨ ਕੁੜੀਆਂ ਹਨ ਜੋ ਅੰਗ੍ਰੇਜ਼ੀ ਦੇ ਨਾਲ ਨਾਲ ਰੂਸੀ, ਜਰਮਨ ਤੇ ਫਰਾਂਸੀਸੀ ਆਦਿ ਭਾਸ਼ਾਵਾਂ ਵੀ ਥੋੜ੍ਹੀਆਂ ਬਹੁਤੀਆਂ ਬੋਲ ਲੈਂਦੀਆਂ ਹਨ। ਗਾਹਕ ਨਾਲ ਗੱਲ ਕਰਨ ਦਾ ਉਨ੍ਹਾਂ ਦਾ ਇਸ ਕਿਸਮ ਦਾ ਜਾਦੂਮਈ ਲਹਿਜਾ ਹੈ ਕਿ ਆਪਣੀ ਸੀਮਤ ਅੰਗਰੇਜ਼ੀ ਦੇ ਬਾਵਜੂਦ ਉਹ ਮਿੰਟਾਂ ਸਕਿੰਟਾਂ ਵਿੱਚ ਤੁਹਾਨੂੰ ਇਸ ਤਰ੍ਹਾਂ ਮਹਿਸੂਸ ਕਰਵਾ ਦਿੰਦੀਆਂ ਹਨ ਕਿ ਜਿਵੇਂ ਤੁਸੀਂ ਇੱਕ ਦੂਜੇ ਨੂੰ ਸਦਾ ਤੋਂ ਹੀ ਜਾਣਦੇ ਹੋਵੋ। ਇਸ ਸ਼ਾਪਿੰਗ ਸੈਂਟਰ ਦੀ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਤੇ ਯਾਦ ਰੱਖਣ ਵਾਲੀ ਸ਼ਾਇਦ ਇਹ ਹੀ ਗੱਲ ਸੀ।



ਸ਼ਾਮ ਨੂੰ ਅਸੀਂ ਹੋਟਲ ਦੇ ਨੇੜੇ ਜਿਹੇ ਇੱਕ ਰੈਸਟੋਰੇਂਟ ਭਾਲ ਲਈ ਜਿਹੜੀ ਭਾਰਤੀ ਪਿਛੋਕੜ ਦੇ ਵਿਅਕਤੀ ਵਲੋਂ ਚਲਾਈ ਜਾ ਰਹੀ ਸੀ। ਏਥੇ ਸਿੰਘਾਪੁਰੀ, ਮਲੇਸ਼ੀਅਨ ਤੇ ਇੰਡੋਨੇਸ਼ੀਅਨ ਖਾਣਿਆਂ ਦੇ ਨਾਲ ਨਾਲ ਭਾਰਤੀ ਖਾਣੇ ਵੀ ਮਿਲਦੇ ਸਨ। ਉਂਜ ਤਾਂ ਚੀਨ ਦੇ ਸਾਰੇ ਟਰਿੱਪ ਦੌਰਾਨ ਖਾਣੇ ਸਬੰਧੀ ਘੱਟੋ ਘੱਟ ਮੈਨੂੰ ਤਾਂ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਨਹੀਂ ਸੀ ਕਿਉਂਕਿ ਮੈਂ ਤੇ ਮੇਰਾ ਸਾਰਾ ਪਰਵਾਰ ਚੀਨੀ, ਜਪਾਨੀ, ਮੈਕਸੀਕਨ ਆਦਿ ਖਾਣੇ ਖਾਣ ਦੇ ਸ਼ੌਕੀਨ ਹਾਂ। ਪਰ ਦਿਨਾਂ ਬਾਅਦ ਭਾਰਤੀ ਮਸਾਲਿਆਂ ਵਾਲਾ ਖਾਣਾ ਖਾ ਕੇ ਅਜੀਬ ਜਿਹਾ ਆਨੰਦ ਆਇਆ। ਖਾਣਾ ਵੀ ਸੁਆਦ ਸੀ ਪਰ ਜਿਹੜੀ ਚੀਜ਼ ਸਾਨੂੰ ਜ਼ਿਆਦਾ ਵਧੀਆ ਲੱਗੀ ਉਹ ਸੀ ਕਿ ਲਾਂਗਰੀ ਨੇ ਸਾਡੇ ਲਈ ਪੰਜਾਬੀ ਚਾਹ ਬਣਾ ਕੇ ਸਾਡੇ ਕੋਲ ਆ ਕੇ ਬੜੇ ਹੀ ਨਾਟਕੀ ਅੰਦਾਜ਼ ਵਿੱਚ ਫੈਂਟ ਕੇ ਸਾਨੂੰ ਦਿੱਤੀ।



ਬੀਜਿੰਗ ਵਿਚਲੇ ਇਸ ਪਹਿਲੇ ਦਿਨ ਸਾਡੇ ਉੱਤੇ ਇਸ ਸ਼ਹਿਰ ਦੀ ਸਫਾਈ ਦਾ, ਸੜਕਾਂ ਦੀ ਚੌੜਾਈ ਦਾ ਤੇ ਹਰ ਪਾਸੇ ਨਵੀਂਆਂ ਇਮਾਰਤਾਂ ਦਾ ਜਾਦੂਮਈ ਪ੍ਰਭਾਵ ਪਿਆ। ਇਸ ਦਾ ਇੱਕ ਕਾਰਨ ਇਹ ਸੀ ਕਿ ਅਸੀਂ ਉੱਥੇ 2008 ਦੀਆਂ ਓਲੰਪਿਕ ਖੇਡਾਂ ਤੋਂ ਕੁਝ ਹੀ ਹਫਤੇ ਬਾਅਦ ਗਏ ਸੀ। ਬੀਜਿੰਗ ਨੂੰ ਦੁਨੀਆਂ ਭਰ ਦੇ ਲੋਕਾਂ ਅੱਗੇ ਬਣਾ ਸੰਵਾਰ ਕੇ ਵਧੀਆ ਢੰਗ ਨਾਲ ਪੇਸ਼ ਕਰਨ ਲਈ ਚੀਨ ਦੀ ਸਰਕਾਰ ਨੇ ਤੇ ਲੋਕਾਂ ਨੇ ਕੋਈ ਕਸਰ ਨਹੀਂ ਸੀ ਛੱਡੀ।

## ਸ਼ਨਿਚਰਵਾਰ, 26, ਅਕਤੂਬਰ

ਅੱਜ ਸਾਡੇ ਏਜੰਡੇ 'ਤੇ ਚੀਨ ਦੀ ਮਹਾਨ ਦੀਵਾਰ - ਗਰੇਟ ਵਾਲ - ਦੇਖਣਾ ਸੀ। ਦੁਨੀਆਂ ਭਰ ਵਿੱਚ ਪ੍ਰਸਿੱਧ ਚੀਨ ਦੀ ਇਹ ਦੀਵਾਰ ਪੂਰਬ ਤੋਂ ਪੱਛਮ ਵੱਲ 6700 ਕਿਲੋਮੀਟਰ ਲੰਬੀ ਹੈ। ਆਪਣੀ ਰਾਖੀ ਲਈ ਚੀਨੀ ਰਾਜਿਆਂ ਨੇ ਇਹ ਤਿੰਨ ਹਜ਼ਾਰ ਸਾਲ ਪਹਿਲਾਂ ਬਣਾਉਣੀ ਸ਼ੁਰੂ ਕੀਤੀ ਸੀ ਤੇ ਅਜੋਕੀ ਕੰਧ ਮਿੰਗ ਡਾਇਨਿਸਟੀ ਨੇ ਚੌਧਵੀਂ ਪੰਦਰਵੀਂ ਸਦੀ ਵਿੱਚ ਬਣਾਈ ਸੀ। ਇਹ ਬੀਜਿੰਗ ਦੇ ਕੋਲ ਦੀ ਵੀ ਦੋ ਪਾਸਿਆਂ ਤੋਂ ਲੰਘਦੀ ਹੈ। ਬਾਹਰਲੇ ਸੈਲਾਨੀ ਜ਼ਿਆਦਾ ਕਰਕੇ ਬਾਡਾਲਿੰਗ ਨਾਂ ਦੇ ਸਥਾਨ 'ਤੇ ਇਸ ਨੂੰ ਦੇਖਣ ਜਾਂਦੇ ਹਨ। ਇਹ ਥਾਂ ਬੀਜਿੰਗ ਸ਼ਹਿਰ ਦੇ ਕੇਂਦਰ ਤੋਂ ਸੱਤਰ ਪਝੱਤਰ ਕਿਲੋਮੀਟਰ ਦੂਰ ਹੈ। ਇਸ ਕੰਧ ਨੂੰ ਤਸਵੀਰਾਂ ਫਿਲਮਾਂ ਆਦਿ ਵਿੱਚ ਹਜ਼ਾਰਾਂ ਵਾਰ ਦੇਖਣ ਦੇ ਬਾਵਜੂਦ ਉੱਥੇ ਜਾਣਾ ਤੇ ਇਸ ਉੱਪਰ ਚੜ੍ਹਨਾ ਉੱਤਰਨਾ ਆਪਣੇ ਆਪ ਵਿੱਚ ਕਦੇ ਨਾ ਭੁਲਾਇਆ ਜਾ ਸਕਣ ਵਾਲਾ ਤਜਰਬਾ ਹੈ। ਇਸ ਉੱਪਰ ਖੜ੍ਹ ਕੇ ਜਦੋਂ ਤੁਸੀਂ ਆਲਾ ਦੁਆਲਾ ਦੇਖਦੇ ਹੋ ਤਾਂ ਉਸ ਪਲ ਜਿੱਥੇ ਚੀਨੀ ਰਾਜਿਆਂ ਦੀ ਦੂਰ ਅੰਦੇਸ਼ੀ ਤੇ ਹੈਰਾਨ ਹੁੰਦੇ ਹੋ ਉੱਥੇ ਇਹ ਸਵਾਲ ਵੀ ਪਿੱਛਾ ਕਰਦੇ ਹਨ ਕਿ ਇਸ ਨੂੰ ਉਸਾਰਨ ਵਿੱਚ ਖਬਰੇ ਕਿੰਨੇ ਮਜ਼ਦੂਰਾਂ ਦੇ ਪੂਰੇ ਦੇ ਪੂਰੇ ਜੀਵਨ ਲੱਗੇ ਹੋਣਗੇ ਤੇ ਕਿੰਨੇ ਲੋਕ ਇਸ ਉੱਪਰ ਇੱਟਾਂ ਪੱਥਰ ਢੋਂਦੇ ਮੌਤ ਦੇ ਮੂੰਹ 'ਚ ਡਿੱਗੇ ਹੋਣਗੇ।

ਚੀਨ ਦੀਆਂ ਹੋਰ ਦੇਖਣ ਵਾਲੀਆਂ ਥਾਵਾਂ ਵਾਂਗ ਏਥੇ ਵੀ ਬੇਹੱਦ ਭੀੜ ਸੀ। ਦੀਵਾਰ ਦੇ ਉੱਪਰ ਚੜ੍ਹਾਈ ਵੱਲ ਨੂੰ ਜਾਣਾ ਉਂਜ ਹੀ ਔਖਾ ਹੈ ਪਰ ਭੀੜ ਵਿੱਚ ਤਾਂ ਇਹ ਹੋਰ ਵੀ ਔਖਾ ਲਗਦਾ ਸੀ। ਫੇਰ ਵੀ ਅਸੀਂ ਕੋਸ਼ਸ਼ ਕਰਕੇ ਕੁਝ ਦੂਰੀ ਤੱਕ ਗਏ। ਪਰ ਸਮੱਸਿਆ ਇਹ ਬਣਦੀ ਹੈ ਕਿ ਕਦੋਂ ਰੁਕਿਆ ਤੇ ਕਦੋਂ ਵਾਪਿਸ ਮੁੜਆ ਜਾਵੇ। ਜਦੋਂ ਤੁਸੀਂ ਇੱਕ ਹਿੱਸਾ ਚੜ੍ਹ ਲੈਂਦੇ ਹੋ ਤਾਂ ਉਥੋਂ ਤੁਹਾਨੂੰ ਅਗਲਾ ਹਿੱਸਾ ਦਿਸਣ ਲੱਗ ਪੈਂਦਾ ਹੈ ਤੇ ਜੀਅ ਕਰਦਾ ਹੈ ਕਿ ਹੋਰ ਅੱਗੇ ਜਾਈਏ। ਸਮੇਂ ਦੀ ਘਾਟ ਕਾਰਨ ਵਾਪਿਸ ਤਾਂ ਮੁੜਨਾ ਹੀ ਹੁੰਦਾ ਹੈ ਪਰ ਮਨ 'ਚ ਇਹ ਗੱਲ ਖੜਕਦੀ ਰਹਿੰਦੀ ਹੈ ਕਿ ਹੋਰ ਅੱਗੇ ਜਾਇਆ ਜਾਣਾ ਚਾਹੀਦਾ ਸੀ। ਪਰ ਇੱਕ ਅਜੀਬ ਕਿਸਮ ਦੀ ਤਸੱਲੀ ਵੀ ਹੁੰਦੀ ਹੈ ਕਿ ਮੈਂ ਵੀ ਚੀਨ ਦੀ ਮਹਾਨ ਦੀਵਾਰ 'ਤੇ ਚੜ੍ਹ ਚੁੱਕਾ ਹਾਂ।

## ਐਤਵਾਰ, 27, ਅਕਤੂਬਰ

ਅੱਜ ਸਾਡਾ ਚੌਹਾਂ ਦਾ ਇਕੱਠਿਆ ਦਾ ਚੀਨ ਵਿੱਚ ਅਖੀਰਲਾ ਦਿਨ ਸੀ। ਦਰਸ਼ਨ, ਅੰਮ੍ਰਿਤ ਤੇ ਅਜਮੇਰ ਹੋਰਾਂ ਸ਼ਾਮ ਨੂੰ ਇੰਡੀਆ ਨੂੰ ਚਲੇ ਜਾਣਾ ਸੀ। ਸਵੇਰੇ ਪਹਿਲਾਂ ਅਸੀਂ ਬੀਜਿੰਗ ਦੀ ਇੱਕ ਹੋਰ ਮਸ਼ਹੂਰ ਜਗ੍ਹਾ ਟੈਂਪਲ ਆਫ ਹੈਵਨ ਦੇਖਿਆ ਅਤੇ ਫੇਰ ਮਸ਼ਹੂਰ ਤੀਆਨਾਮਿੰਨ ਸਕੁਏਅਰ। ਅਸੀਂ ਕਿਉਂਕਿ ਚੀਨ ਵਿੱਚ ਕਾਫੀ ਟੈਂਪਲ ਦੇਖ ਚੁੱਕੇ ਸਾਂ ਇਸ ਕਰਕੇ ਬੀਜਿੰਗ ਦਾ ਇਹ ਟੈਂਪਲ ਦੇਖਣ ਨੂੰ ਮਨ ਬਹੁਤਾ ਕਾਹਲਾ ਨਹੀਂ ਸੀ ਪਰ ਉੱਥੇ ਜਾ ਕੇ ਮਹਿਸੂਸ ਕੀਤਾ ਕਿ ਇਸ ਨੂੰ ਨਾ ਦੇਖਣਾ ਇੱਕ ਵੱਡੀ ਭੁੱਲ ਹੋਣੀ ਸੀ। ਫੌਰਬਿਡਨ ਸਿਟੀ ਵਾਂਗ ਇਹ ਟੈਂਪਲ ਵੀ ਬਹੁਤ ਵੱਡੇ ਰਕਬੇ ਵਿੱਚ ਫੈਲਿਆ ਹੋਇਆ ਹੈ। ਇਸ ਵਿਲੱਖਣ ਇਮਾਰਤ ਦੀ ਉਸਾਰੀ ਵੀ ਪੰਦਰਵੀਂ ਸਦੀ ਦੇ ਸ਼ੁਰੂ ਵਿੱਚ ਹੀ ਹੋਈ। ਪਰ ਇਹ ਜਗ੍ਹਾ ਤਿੰਨ ਹਜ਼ਾਰ ਸਾਲ ਤੋਂ ਵੀ ਵੱਧ ਸਮੇਂ ਤੋਂ ਚੀਨੀ ਰਾਜਿਆਂ ਵਲੋਂ ਬਸੰਤ ਦੇ ਮੌਸਮ ਵਿੱਚ ਚੰਗੀ ਫਸਲ ਲਈ ਅਰਦਾਸ ਕਰਨ ਲਈ ਵਰਤੀ ਜਾਂਦੀ ਰਹੀ ਹੈ। ਪਹਿਲਾਂ ਇਸ ਨੂੰ ਟੈਂਪਲ ਆਫ ਹੈਵਨ ਐਂਡ ਅਰਥ ਕਿਹਾ ਜਾਂਦਾ ਸੀ। ਇਸ ਇਮਾਰਤ ਦੀ ਬਣਤਰ, ਬਣਾਉਣ ਦਾ ਸਥਾਨ ਅਤੇ ਇਸ ਨਾਲ ਸਬੰਧਤ ਸਭ ਕੁਝ ਦਾ ਅਧਾਰ ਗੁੰਝਲਦਾਰ ਚਿੰਨਾਂ ਅਤੇ ਵਿਸ਼ਵਾਸਾਂ 'ਤੇ ਟਿਕਿਆ ਹੋਇਆ ਹੈ। ਪੁਰਾਤਨ ਸਮੇਂ ਦੌਰਾਨ ਚੀਨੀ ਵਿਸ਼ਵਾਸ ਕਰਦੇ ਸਨ ਕਿ ਸੁਰਗ ਦੀ ਸ਼ਕਲ ਗੋਲ਼ ਹੈ ਅਤੇ ਧਰਤੀ ਦੀ ਚੌਰਸ। ਮੁੱਖ ਟੈਂਪਲ ਦੀ ਇਮਾਰਤ ਗੋਲ਼ ਹੈ ਅਤੇ ਨਿਰੋਲ ਲੱਕੜੀ ਦੀ ਬਣੀ ਹੋਈ ਹੈ। ਇਸ ਵਿੱਚ ਕਿਤੇ ਵੀ ਕੋਈ ਮੇਖ ਜਾਂ ਕੋਈ ਹੋਰ ਧਾਤ ਨਹੀਂ ਵਰਤੀ ਗਈ। ਟੈਂਪਲ ਦੇ ਨਾਲ ਲਗਦੇ ਦੋ ਅਜਾਇਬ ਘਰ ਹਨ। ਇੱਕ ਵਿੱਚ ਇਸ ਥਾਂ ਦਾ ਇਤਿਹਾਸ ਮਿਥਿਹਾਸ ਹੈ ਤੇ ਦੂਜੇ ਵਿੱਚ ਇਸ ਇਮਾਰਤ ਦੀ ਉਸਾਰੀ ਦਾ ਇਤਿਹਾਸ ਹੈ। ਚੀਨ ਦਾ ਰਾਜਾ ਬਸੰਤ ਰੁੱਤ ਵਿੱਚ ਏਥੇ ਆ ਕੇ ਦੇਵਲੋਕ ਅੱਗੇ ਅਰਦਾਸ ਕਰਦਾ ਸੀ ਤੇ ਜਾਨਵਰਾਂ ਦੀ ਬਲ਼ੀ ਦਿੰਦਾ ਸੀ। ਜਦੋਂ ਰਾਜੇ ਨੇ ਇਸ ਜਗ੍ਹਾ ਆਉਣਾ ਹੁੰਦਾ ਤਾਂ ਲੋਕਾਂ ਵਾਸਤੇ ਇਹ ਇੱਕ ਬਹੁਤ ਵੱਡੀ ਗੱਲ ਹੁੰਦੀ ਸੀ ਤੇ ਉਹ ਵੱਡੀ ਗਿਣਤੀ ਵਿੱਚ ਰਾਜੇ ਨੂੰ ਦੇਖਣ ਵਾਸਤੇ ਜੁੜਦੇ ਸਨ। ਅਰਦਾਸ ਤੋਂ ਬਾਅਦ ਰਾਜਾ ਇਸ ਇਮਾਰਤ ਤੋਂ ਕੁਝ ਦੂਰੀ 'ਤੇ ਬਣੀ ਇੱਕ ਹੋਰ ਜਗ੍ਹਾ 'ਤੇ ਜਾਂਦਾ ਸੀ। ਏਥੇ ਇੱਕ ਗੋਲ਼ ਥੜ੍ਹਾ ਬਣਿਆ ਹੋਇਆ ਹੈ ਅਤੇ ਉਸ ਦੇ ਦੁਆਲੇ ਗੋਲ ਕੰਧ ਹੈ ਜੋ ਸੁਰਗ ਜਾਂ ਦੇਵਲੋਕ ਦਾ ਸੰਕੇਤ ਹੈ। ਗੋਲ਼ ਕੰਧ ਤੋਂ ਕੁਝ ਦੂਰੀ 'ਤੇ ਇੱਕ ਚੌਰਸ ਕੰਧ ਹੈ ਜੋ ਧਰਤੀ ਦਾ ਸੰਕੇਤ ਹੈ। ਰਾਜਾ ਆ ਕੇ ਗੋਲ਼ ਥੜ੍ਹੇ ਦੇ ਵਿਚਕਾਰ ਬਣੇ ਇੱਕ ਛੋਟੇ ਦਾਇਰੇ ਵਿੱਚ ਖੜ੍ਹਦਾ ਸੀ ਤੇ ਆਪੋ ਆਪਣੇ ਅਹੁਦੇ ਅਨੁਸਾਰ ਬਾਕੀ ਦੇ ਲੋਕ ਉਸ ਦੇ ਦੁਆਲੇ ਬਣੇ ਦਾਇਰਿਆਂ ਵਿੱਚ ਖੜ੍ਹਦੇ ਸਨ। ਉੱਥੇ ਖੜ੍ਹਾ ਰਾਜਾ ਇਹ ਮਹਿਸੂਸ ਕਰਦਾ ਸੀ ਕਿ ਉਹ ਸੁਰਗ ਤੇ ਧਰਤੀ ਦੇ ਐਨ ਵਿਚਾਲੇ ਖੜ੍ਹਾ ਹੈ। ਉਹ ਸੋਚਦਾ ਸੀ ਕਿ ਉਹ ਕੇਂਦਰ ਬਿੰਦੂ ਹੈ ਤੇ ਬਾਕੀ ਸਭ ਕੁਝ ਦੇਵਲੋਕ, ਧਰਤੀ ਉਸ ਦੇ ਆਲੇ ਦੁਆਲੇ ਹੈ। ਚੀਨੀ ਲੋਕਾਂ ਦਾ



ਇਹ ਵਿਸ਼ਵਾਸ ਉਨ੍ਹਾਂ ਨੂੰ ਬਾਕੀ ਦੁਨੀਆਂ ਦੇ ਲੋਕਾਂ ਤੋਂ ਵੱਖਰਿਆਉਂਦਾ ਹੈ। ਉਹ ਹੁਣ ਵੀ ਮਹਿਸੂਸ ਕਰਦੇ ਹਨ ਕਿ ਉਹ ਦੁਨੀਆਂ ਦਾ ਅਸਲੀ ਕੇਂਦਰ ਹਨ ਤੇ ਬਾਕੀ ਹਰ ਕੋਈ ਬਾਹਰਲੇ ਦਾਇਰਿਆ ਵਿੱਚ ਵਸਦਾ ਹੈ।

ਦੂਜੀਆਂ ਥਾਵਾਂ ਵਾਂਗ ਏਥੇ ਵੀ ਭੀੜ ਸੀ। ਪਰ ਇਸ ਭੀੜ ਵਿੱਚ ਕੁਝ ਵੱਖਰਾਪਨ ਸੀ। ਟੈਂਪਲ ਤੱਕ ਜਾਣ ਤੋਂ ਪਹਿਲਾਂ ਬਣੀਆਂ ਇਮਾਰਤਾਂ ਵਿੱਚ ਇੱਕ ਕਾਫੀ ਲੰਮਾ ਵਰਾਂਡਾ ਹੈ। ਇਸ ਵਰਾਂਡੇ ਵਿੱਚ ਸੈਂਕੜੇ ਵੱਡੀ ਉਮਰ ਦੇ ਚੀਨੀ ਮਰਦ ਔਰਤਾਂ ਛੋਟੇ ਛੋਟੇ ਗਰੁੱਪਾਂ ਵਿੱਚ ਕਈ ਕਿਸਮ ਦੀਆਂ ਸਰਗਰਮੀਆਂ ਵਿੱਚ ਰੁੱਝੇ ਹੋਏ ਸਨ। ਕਿਸੇ ਗਰੁੱਪ ਵਿੱਚ ਤਾਸ਼ ਖੇਡੀ ਜਾ ਰਹੀ ਸੀ, ਕਿਸੇ ਵਿੱਚ ਮਾਹਜੰਗ। ਕਿਤੇ ਕਿਸੇ ਵਿਸ਼ੇ ’ਤੇ ਭੱਖਵੀਂ ਬਹਿਸ ਹੋ ਰਹੀ ਲਗਦੀ ਸੀ। ਕਿਸੇ ਗਰੁੱਪ ਵਾਲੇ ਰਲ਼ ਕੇ ਸੰਗੀਤ ਵਜਾ ਰਹੇ ਸਨ ਤੇ ਕਿਸੇ ’ਚ ਰਲ਼ ਕੇ ਗਾ ਰਹੇ ਸਨ ਜਾਂ ਬੈਠ ਕੇ ਗਾਉਣ ਵਾਲੇ ਨੂੰ ਸੁਣ ਰਹੇ ਸਨ। ਵਰਾਂਡੇ ਦੇ ਨਾਲ ਲਗਦੀ ਪਾਰਕ ਵਰਗੀ ਜਗ੍ਹਾ ਵਿੱਚ ਲੋਕ ਵਜਦੇ ਸੰਗੀਤ ਦੀ ਤਾਲ ’ਤੇ ਨੱਚ ਰਹੇ ਸਨ। ਇਹ ਅਜੀਬ ਤੇ ਮਨ ਨੂੰ ਭਾਉਣ ਵਾਲਾ ਦ੍ਰਿਸ਼ ਸੀ। ਅੰਮ੍ਰਿਤ ਭੈਣ ਜੀ ਨੇ ਇਹ ਦ੍ਰਿਸ਼ ਦੇਖ ਕੇ ਆਖਿਆ: “ਅਸਲ ਵਿੱਚ ਇਹ ਹੀ ਸੁਰਗ ਹੈ ਜਿਸ ਦੇ ਆਪਾਂ ਹੁਣੇ ਦਰਸ਼ਨ ਕੀਤੇ ਹਨ”। ਉਨ੍ਹਾਂ ਦੀ ਆਖੀ ਇਹ ਗੱਲ ਸੱਚਮੁੱਚ ਉਸ ਥਾਂ ’ਤੇ ਪੂਰੀ ਢੁੱਕਦੀ ਸੀ।

ਬਾਅਦ ਦੁਪਹਿਰ ਅਸੀਂ ਤੀਆਨਾਮਿੱਨ ਸਕੁਏਅਰ ਦੇਖਣ ਗਏ। ਇਹ ਬੜਾ ਖੁੱਲ੍ਹਾ ਥਾਂ ਹੈ ਅਤੇ ਇਸ ਦਾ ਉੱਤਰ ਵਾਲਾ ਪਾਸਾ ਫੌਰਬਿਡਨ ਸਿਟੀ ਦੇ ਬਾਹਰਲੇ ਗੇਟ ਨਾਲ ਲਗਦਾ ਹੈ। ਇਸ ਜਗ੍ਹਾ ਦੀਆਂ ਤਸਵੀਰਾਂ ਵਿੱਚ ਅਕਸਰ ਇਹ ਪਾਸਾ ਦਿਖਾਇਆ ਹੁੰਦਾ ਹੈ ਜਿੱਥੇ ਮਾਓ ਦੀ ਵੱਡੀ ਤਸਵੀਰ ਲੱਗੀ ਦਿਸਦੀ ਹੈ। ਸਕੁਏਅਰ ਦੇ ਦੱਖਣ ਵਾਲੇ ਪਾਸੇ ਮਾਓ-ਜ਼ੇ-ਤੁੰਗ ਮੈਮੋਰੀਅਲ ਹਾਲ ਹੈ। ਪੱਛਮ ਵਾਲੇ ਪਾਸੇ ਗਰੇਟ ਹਾਲ ਆਫ ਦਾ ਪਿਉਪਲ ਹੈ ਜਿਸ ਵਿੱਚ ਚੀਨ ਦੀ ਨੈਸ਼ਨਲ ਪਿਉਪਲ'ਜ਼ ਕਾਂਗਰਸ ਦੀਆਂ ਮੀਟਿੰਗਾਂ ਹੁੰਦੀਆਂ ਹਨ। ਪੂਰਬ ਵਲ ਦੇ ਪਾਸੇ ਚੀਨ ਦਾ ਇਤਿਹਾਸਕ ਤੇ ਇਨਕਲਾਬੀ ਅਜਾਇਬ ਘਰ ਹੈ। ਜਿਸ ਦਿਨ ਅਸੀਂ ਉੱਥੇ ਗਏ, ਉਸ ਦਿਨ ਅਜਾਇਬ ਘਰ ਹੋਰ ਉਸਾਰੀ ਲਈ ਜਾਂ ਕੁਝ ਨਵਾਂ ਬਣਾਉਣ ਲਈ ਬੰਦ ਕੀਤਾ ਹੋਇਆ ਸੀ। ਮਾਓ ਯਾਦਗਾਰੀ ਹਾਲ ਵੀ ਉਸ ਦਿਨ ਬੰਦ ਸੀ। ਇਸ ਖੁੱਲੇ ਥਾਂ ਦੇ ਤਿੰਨ ਪਾਸੇ ਸੜਕ ਲਗਦੀ ਹੈ ਅਤੇ ਚੌਥੇ ਪਾਸੇ ਮਾਓ ਦਾ ਯਾਦਗਾਰੀ ਹਾਲ। ਇਹ ਜਗ੍ਹਾ ਦੁਨੀਆਂ ਵਿੱਚ ਮਸ਼ਹੂਰ ਜਾਂ ਬਦਨਾਮ 1989 ’ਚ ਹੋਈ ਸੀ ਜਦੋਂ ਚੀਨ ਦੀ ਸਰਕਾਰ ਵਿਰੁੱਧ ਵਿਖਾਵਾਕਾਰੀਆਂ ਉੱਪਰ ਸਖਤੀ ਵਰਤੀ ਗਈ ਸੀ। ਟੈਂਕ ਅੱਗੇ ਖੜ੍ਹੇ ਚੀਨੀ ਨੌਜਵਾਨ ਦੀ ਤਸਵੀਰ ਹੁਣ ਵੀ ਕਦੇ ਕਦੇ ਪੱਛਮੀ ਮੀਡੀਏ ਵਿੱਚ ਦੇਖੀ ਜਾ ਸਕਦੀ ਹੈ। ਤੀਆਨਾਮਿੱਨ ਸਕੁਏਅਰ ਤੋਂ ਬਾਅਦ ਅਸੀਂ ਇੱਕ ਵਾਰ ਮੁੜ ਉਸੇ ਸ਼ਾਪਿੰਗ ਸੈਂਟਰ ਵਿੱਚ ਕੁਝ ਸਮਾਂ ਬਿਤਾਇਆ। ਅਜਮੇਰ, ਦਰਸ਼ਨ ਤੇ ਅੰਮ੍ਰਿਤ ਏਥੋਂ ਹੀ ਸਿੱਧੇ ਏਅਰਪੋਰਟ ਨੂੰ ਚਲੇ ਗਏ।

### ਸੋਮਵਾਰ, 28, ਅਕਤੂਬਰ



ਅੱਜ ਮੇਰੀ ਚੀਨ ਤੋਂ ਵਾਪਸੀ ਸੀ। ਮੇਰੀ ਫਲਾਈਟ ਦਾ ਸਮਾਂ ਸਾਢੇ ਤਿੰਨ ਵਜੇ ਸੀ ਤੇ ਮੈਂ ਸਾਢੇ ਗਿਆਰਾਂ ਵਜੇ ਹੋਟਲ ਤੋਂ ਏਅਰਪੋਰਟ ਨੂੰ ਚੱਲ ਪਿਆ। ਪਿਛਲੇ ਸਤਾਰ੍ਹਾਂ ਦਿਨਾਂ ਦੌਰਾਨ ਮੈਂ ਚੀਨ ਦੇ ਚਾਰ ਸੂਬਿਆਂ - ਜਿਆਂਗਸੂ, ਅਨਹੂਈ, ਹੁਨਾਨ ਤੇ ਸ਼ੈਨਡਾਂਗ - ਵਿੱਚ ਘੁੰਮਿਆਂ; ਦਰਜਨ ਤੋਂ ਉੱਤੇ ਸ਼ਹਿਰਾਂ - ਸ਼ੰਘਾਈ, ਸੂਜੋਅ, ਹੈਂਗਜੋਅ, ਨੈਨਜਿੰਗ, ਕੈਫਿੰਗ, ਸ਼ਾਂਗਕਿਊ, ਕੂਫੂ ਤੇ ਬੀਜਿੰਗ - ਵਿੱਚ ਸਮਾਂ ਗੁਜ਼ਾਰਿਆ। ਕਾਰ, ਵੈਨ, ਬੱਸ, ਗੱਡੀ ਤੇ ਹਵਾਈ ਜਹਾਜ਼ ਰਾਹੀਂ ਸਫਰ ਕੀਤਾ। ਅਕਸਰ ਵਧੀਆ ਤੇ ਦਿਲਚਸਪ ਥਾਵਾਂ ’ਤੇ ਦੁਪਹਿਰ ਤੇ ਰਾਤ ਦੇ ਖਾਣੇ ਖਾਧੇ। ਹੁਣ ਮੈਂ ਸੋਚ ਰਿਹਾ ਸਾਂ ਕਿ ਚੀਨ ਦੀਆਂ

ਉਹ ਕਿਹੜੀਆਂ ਚੀਜ਼ਾਂ ਹਨ ਜਿਨ੍ਹਾਂ ਨੇ ਮੇਰੇ ’ਤੇ ਪ੍ਰਭਾਵ ਪਾਇਆ ਹੈ? ਜਿਸ ਤਰ੍ਹਾਂ ਭਾਰਤ ਵਿੱਚ ਇਹ ਸਵਾਲ ਨਿੱਤ ਪੁੱਛਿਆ ਜਾਂਦਾ ਹੈ ਕਿ ਕੀ ਸਾਡੀ ਆਜ਼ਾਦੀ ਉਹੀ ਹੈ ਜਿਸ ਦਾ ਸੁਪਨਾ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਨੇ ਲਿਆ ਸੀ? ਤੇ ਇਸ ਦਾ ਜਵਾਬ ਅਕਸਰ ਨਾਂਹ ਵਿੱਚ ਹੁੰਦਾ ਹੈ। ਚੀਨ ਸਬੰਧੀ ਇਸ ਕਿਸਮ ਦੇ ਸਵਾਲ ਦਾ ਜਵਾਬ ਭਾਰਤ ਵਾਂਗ ਸਾਫ ਨਹੀਂ ਹੈ। ਚੀਨ ਇੱਕ ਵਿਸ਼ਾਲ ਦੇਸ਼ ਹੈ ਤੇ ਇਸ ਵੇਲੇ ਇਸ ਦੀ ਅਬਾਦੀ ਦੁਨੀਆਂ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਹੈ। ਪਿਛਲੇ ਕੁਝ ਸਮੇਂ ਦੌਰਾਨ ਇਸ ਮੁਲਕ ਨੇ ਹੈਰਾਨ ਕਰਨ ਵਾਲੀ ਗਤੀ ਨਾਲ ਆਰਥਿਕ ਪੱਖੋਂ ਵਿਕਾਸ ਕੀਤਾ ਹੈ ਅਤੇ ਆਸ ਕੀਤੀ ਜਾ ਰਹੀ ਹੈ ਕਿ ਦੁਨੀਆਂ ਦੀ ਅਗਲੀ ਵੱਡੀ ਤਾਕਤ ਚੀਨ ਹੀ ਹੋਵੇਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੀਨ ਦੇ ਲੋਕ ਜ਼ਾਹਰਾ ਤੌਰ ’ਤੇ ਆਜ਼ਾਦ, ਸਿਹਤਮੰਦ ਤੇ ਖੁਸ਼ ਨਜ਼ਰ ਆਉਂਦੇ ਹਨ। ਪਰ ਥੋੜ੍ਹਾ ਜਿਹਾ ਡੂੰਘੀ ਨਜ਼ਰ ਨਾਲ ਦੇਖਿਆਂ ਕੁਝ ਗੱਲਾਂ ਤੰਗ ਕਰਨ ਲੱਗਦੀਆਂ ਹਨ। ਪੇਂਡੂ ਇਲਾਕਾ ਜਿੱਥੇ ਬਹੁ ਗਿਣਤੀ ਲੋਕ ਰਹਿੰਦੇ ਹਨ, ਅਜੇ ਵੀ ਗਰੀਬ ਹੈ ਅਤੇ ਉੱਥੇ ਜੀਵਨ ਦੀਆਂ ਅਧੁਨਿਕ ਸੁਵਿਧਾਵਾਂ ਅਜੇ ਨਹੀਂ ਪਹੁੰਚੀਆਂ। ਪਿੰਡਾਂ ’ਚੋਂ ਨੌਕਰੀ ਦੀ ਭਾਲ ’ਚ ਵੱਡੇ ਸ਼ਹਿਰਾਂ ਵਲ ਆਉਂਦੇ ਨੌਜਵਾਨਾਂ ਦਾ ਰੱਜ ਕੇ ਸ਼ੋਸ਼ਨ ਹੁੰਦਾ ਹੈ ਜਿਸ ਤੋਂ ਸਰਕਾਰ ਤੇ ਵਿਦੇਸ਼ੀ ਕੰਪਨੀਆਂ ਲੋਹੜੇ ਦਾ ਮੁਨਾਫਾ ਕਮਾ ਰਹੀਆਂ ਹਨ। ਲੋਕਾਂ ਨੂੰ ਆਪਣੀਆਂ ਮੁੱਢਲੀਆਂ ਲੋੜਾਂ – ਸਿਰ ’ਤੇ ਛੱਤ, ਸਿਹਤ ਤੇ ਵਿਦਿਆ – ਬਾਰੇ ਉਸੇ ਕਿਸਮ ਦਾ ਫਿਕਰ ਹੈ ਜਿਸ ਕਿਸਮ ਦਾ ਪੂੰਜੀਵਾਦੀ ਮੁਲਕਾਂ ਵਿੱਚ ਹੈ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਲੋਕ ਉਹ ਸਭ ਕੁਝ ਕਰਦੇ ਹਨ ਅਤੇ ਆਪਣਾ ਸਰੀਰ ਵੇਚਣ ਤੱਕ ਨੂੰ ਤਿਆਰ ਹਨ ਜੋ ਭਾਰਤ ਵਰਗੇ ਦੇਸ ਦੇ ਲੋਕ ਕਰਦੇ ਹਨ ਜਿੱਥੇ ਇਨਕਲਾਬ ਨਹੀਂ ਸੀ ਆਇਆ। ਨਾਲ ਹੀ ਜਿੱਥੇ ਦੂਜੇ ਮੁਲਕਾਂ ਵਿੱਚ ਮਜ਼ਦੂਰਾਂ ਜਾਂ ਗਰੀਬਾਂ ਨੂੰ ਆਪਣੀ ਹਾਲਤ ਸੁਧਾਰਨ ਲਈ ਆਵਾਜ਼ ਉਠਾਉਣ ਅਤੇ ਜਥੇਬੰਦ ਹੋਣ ਦਾ ਅਧਿਕਾਰ ਹੈ, ਚੀਨ ਵਿੱਚ ਹਾਸਿਲ ਨਹੀਂ। ਭਾਵੇਂ ਆਪਣੇ ਦੇਸ ਦੇ ਭਲੇ ਲਈ ਹੀ ਸਹੀ, ਪਰ ਸਰਕਾਰ ਜੋ ਮਰਜ਼ੀ ਹੋਵੇ ਕਰ ਸਕਦੀ ਹੈ ਅਤੇ ਕਰਦੀ ਹੈ। ਕੋਈ ਜਗ੍ਹਾ ਵਿਦੇਸ਼ੀ ਕੰਪਨੀਆਂ ਲਈ ਸੇਫ ਜ਼ੋਨ ਬਣਾਉਣੀ ਹੋਵੇ, ਕਿਸੇ ਜਗ੍ਹਾ ਸੜਕ ਜਾਂ ਏਅਰਪੋਰਟ ਬਣਾਉਣ ਲਈ ਲੋਕਾਂ ਦੇ ਘਰਾਂ ਨੂੰ ਢਾਹੁਣਾ ਹੋਵੇ, ਅਜਿਹੇ ਕੰਮਾਂ ਲਈ ਸਰਕਾਰ ਆਪਣੀ ਮਨ ਮਰਜ਼ੀ ਨਾਲ ਇਹ ਸਭ ਕੁਝ ਕਰ ਲੈਂਦੀ ਹੈ ਤੇ ਪ੍ਰਭਾਵਿਤ ਹੋਏ ਲੋਕਾਂ ਕੋਲ ਵਿਰੋਧ ਵਿੱਚ ਆਵਾਜ਼ ਉਠਾਉਣ ਦਾ ਹੱਕ ਨਹੀਂ ਹੈ। ਇਹ ਗੱਲ ਸੁਣਨ ਵਿੱਚ ਆਈ ਸੀ ਕਿ ਓਲੰਪਿਕ ਖੇਡਾਂ ਦੀ ਤਿਆਰੀ ਸਮੇਂ ਚੀਨ ਦੀ ਸਰਕਾਰ ਨੇ ਅੰਦਰੂਨੀ ਸਕਿਊਰਿਟੀ ’ਤੇ 42 ਬਿਲੀਅਨ ਡਾਲਰ ਖਰਚ ਕੀਤੇ ਜਿਨ੍ਹਾਂ ਵਿੱਚ ਉਹ ਸ਼ਹਿਰ ਜਾਂ ਇਲਾਕੇ ਵੀ ਸ਼ਾਮਲ ਸਨ ਜਿਨ੍ਹਾਂ ਦਾ ਓਲੰਪਿਕ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ। ਇਹ ਸੋਚਿਆ ਜਾ ਰਿਹਾ ਹੈ ਕਿ ਚੀਨ ਦੀ ਸਰਕਾਰ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਅਜਿਹਾ ਸਮਾਂ ਆ ਸਕਦਾ ਹੈ ਜਦੋਂ ਲੋਕ ਸਰਕਾਰ ਦੀਆਂ ਆਪਹੁਦਰੀਆਂ ਵਿਰੁੱਧ ਆਵਾਜ਼ ਉਠਾਉਣ ਲੱਗ ਪੈਣ। ਸਕਿਊਰਿਟੀ ’ਤੇ ਇਹ ਖਰਚ ਅਜਿਹੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਲਗਦਾ ਹੈ। ***

---

# ਵਤਨ ਦੇ ਪਾਠਕਾਂ ਦੇ ਨਾਂ

ਜੇ ਤੁਸੀਂ ਅਜੇ ਵਤਨ ਦਾ ਚੰਦਾ ਨਹੀਂ ਦਿੱਤਾ ਤਾਂ ਚੰਦਾ ਭੇਜ ਕੇ ਇਸ ਦੇ ਰੈਗੂਲਰ ਪਾਠਕ ਬਣੋ। ਜੇ ਤੁਸੀਂ ਕਿਸੇ ਅਜਿਹੇ ਦੋਸਤ/ਮਿੱਤਰ ਨੂੰ ਜਾਣਦੇ ਹੋ ਜਿਸ ਦੀ ਵਤਨ ਪੜ੍ਹਨ ਵਿੱਚ ਦਿਲਚਸਪੀ ਹੋ ਸਕਦੀ ਹੈ ਤਾਂ ਉਸ ਨੂੰ ਇਸ ਦਾ ਚੰਦਾ ਭੇਜਣ ਲਈ ਪ੍ਰੇਰੋ। ਵਤਨ ਦਾ ਸਾਲਾਨਾ ਚੰਦਾ 25 ਡਾਲਰ ਹੈ (ਸਿਰਫ ਉੱਤਰੀ ਅਮਰੀਕਾ ਲਈ)।

ਇਸ ਦੇ ਨਾਲ ਹੀ ਅਸੀਂ ਵਤਨ ਬਾਰੇ ਤੁਹਾਡੇ ਸੁਝਾਅ ਜਾਣਨਾ ਚਾਹਾਂਗੇ। ਇਸ ਵਿੱਚ ਛਪੀਆਂ ਰਚਨਾਵਾਂ ਬਾਰੇ ਤੁਸੀਂ ਸਾਨੂੰ ਆਪਣੇ ਵਿਚਾਰ ਜ਼ਰੂਰ ਭੇਜੋ ਤਾਂ ਕਿ ਵਤਨ ਪਾਠਕਾਂ ਅਤੇ ਲੇਖਕਾਂ ਵਿਚਕਾਰ ਵਿਚਾਰਾਂ ਦੇ ਅਦਾਨ ਪ੍ਰਦਾਨ ਦਾ ਮੰਚ ਬਣ ਸਕੇ। ਤੁਸੀਂ ਵਤਨ ਲਈ ਆਪਣੇ ਵਿਚਾਰ ਚਿੱਠੀ ਪੱਤਰ ਰਾਹੀਂ ਜਾਂ ਈਮੇਲ ਰਾਹੀਂ ਭੇਜ ਸਕਦੇ ਹੋ। ਚਿੱਠੀ ਲਿਖਣ ਦਾ ਪਤਾ ਹੈ: 13286-55 A Ave., Surrey, BC, Canada, V3X 3B3. ਈਮੇਲ ਇਹਨਾਂ ਪਤਿਆਂ ਉੱਤੇ ਭੇਜੀ ਜਾ ਸਕਦੀ ਹੈ:

**shundal@sfu.ca** **sadhu.binning@gmail.com** **hsekha@hotmail.com**

**ਹਿੰਦੀ ਨਾਵਲ ਦਾ ਅਨੁਵਾਦ - ਕਿਸ਼ਤ 8**

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਅੱਠਵੀਂ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

### 22

ਸਾਰਾ ਦਿਨ ਕਾਲੀ ਘਰ ਵਿੱਚ ਮੰਜੇ ਉੱਤੇ ਪਿਆ ਰਿਹਾ। ਗਿਆਨੋ ਨੇ ਦਿਨ ਵਿੱਚ ਕਈ ਚੱਕਰ ਲਾਏ ਤਾਂ ਕਿ ਖੁਦ ਕਾਲੀ ਦਾ ਹਾਲ ਪੁੱਛ ਸਕੇ, ਪਰ ਉਹ ਜਦੋਂ ਵੀ ਆਉਂਦੀ ਮੁਹੱਲੇ ਦਾ ਕੋਈ ਨਾ ਕੋਈ ਮਰਦ ਜਾਂ ਔਰਤ ਉਹਦੇ ਕੋਲ ਬੈਠਾ ਹੁੰਦਾ। ਕਾਲੀ ਤਾਂ ਹਾਲ ਪੁੱਛਣ ਵਾਲਿਆਂ ਨੂੰ ਕੋਈ ਜਵਾਬ ਨਾ ਦਿੰਦਾ ਪਰ ਚਾਚੀ ਸੱਟ ਦਾ ਪੂਰਾ ਵੇਰਵਾ ਦੇ ਪਰਮਾਤਮਾ ਅੱਗੇ ਅਰਦਾਸ ਕਰਦੀ ਕਿ ਚੌਧਰੀ ਹਰਦੇਵ ਦੀ ਵਧੀਕੀ ਦਾ ਬਦਲਾ ਉਸ ਕੋਲੋਂ ਉਹ ਆਪ ਲਵੇ।

ਸਾਰਾ ਦਿਨ ਹਾਲ ਪੁੱਛਣ ਵਾਲਿਆਂ ਦੀ ਭੀੜ ਲੱਗੀ ਰਹਿਣ ਕਾਰਨ ਕਾਲੀ ਦਾ ਮਨ ਉਦਾਸ ਨਹੀਂ ਹੋਇਆ ਪਰ ਤਰਕਾਲਾਂ ਨੂੰ ਘਰ ਲੰਮੇ ਪਿਆਂ ਉਹਦਾ ਦਿਲ ਘਬਰਾਉਣ ਲੱਗਾ। ਉਹਦਾ ਦਿਲ ਬਾਹਰ ਖੇਤਾਂ ਵਿੱਚ ਖੁੱਲ੍ਹੀ ਹਵਾ ਵਿੱਚ ਜਾਣ ਨੂੰ ਕੀਤਾ। ਉਹ ਕੁਝ ਚਿਰ ਚਾਚੀ ਤੋਂ ਡਰਦਾ ਮੰਜੇ ਉੱਤੇ ਪਿਆ ਰਿਹਾ ਪਰ ਜੀਤੂ ਦੇ ਆਉਣ 'ਤੇ ਉਹ ਉੱਠ ਖੜ੍ਹਾ ਹੋਇਆ।

ਕਾਲੀ ਨੇ ਜੀਤੂ ਦੇ ਕੰਨ ਵਿੱਚ ਕੁਝ ਕਿਹਾ ਅਤੇ ਉਹਨੇ ਖੂੰਜੇ ਵਿੱਚ ਪਈ ਲਾਠੀ ਚੁੱਕ ਕੇ ਉਹਦੇ ਹੱਥ ਫੜਾ ਦਿੱਤੀ। ਚਾਚੀ ਉਹਨੂੰ ਬਾਹਰ ਜਾਣ ਲਈ ਤਿਆਰ ਦੇਖ ਹੈਰਾਨੀ ਨਾਲ ਬੋਲੀ, "ਤੂੰ ਕਿੱਥੇ ਚੱਲਿਆਂ? ਤੁਰਨ ਨਾਲ ਸੁੱਡਾ ਪੈ ਗਿਆ ਤਾਂ ਗੱਲ ਦਿਨਾਂ 'ਤੇ ਜਾ ਪਊ। ਮੰਜੇ 'ਤੇ ਪੈ। ਮੈਂ ਰੋੜਾ ਗਰਮ ਕਰ ਦਿੰਦੀ ਆਂ, ਉਹਦੇ ਨਾਲ ਸੱਟ ਨੂੰ ਸੇਕ ਦੇ।"

"ਚਾਚੀ, ਲਾਲੂ ਭਲਵਾਨ ਨੇ ਕਿਹਾ ਸੀ ਕਿ ਤਕਾਲਾਂ ਨੂੰ ਥੋੜ੍ਹਾ ਬਹੁਤ ਘੁੰਮੀਂ ਫਿਰੀਂ, ਨਹੀਂ ਤਾਂ ਤਕਲੀਫ ਵਧ ਜਾਊ," ਕਾਲੀ ਨੇ ਕਿਹਾ। ਜੀਤੂ ਨੇ ਵੀ ਉਹਦੀ ਹਾਂ ਵਿੱਚ ਹਾਂ ਰਲਾਈ ਤਾਂ ਚਾਚੀ ਚੁੱਪ ਹੋ ਗਈ ਅਤੇ ਉਹ ਦੋਨੋਂ ਗਲੀ ਵਿੱਚ ਆ ਗਏ।

ਕਾਲੀ ਲੰਗ ਮਾਰਦਾ ਸੋਟੀ ਦੇ ਆਸਰੇ ਤੁਰ ਰਿਹਾ ਸੀ। ਉਹ ਮੰਗੂ ਦੇ ਘਰ ਅੱਗੇ ਪਹੁੰਚਿਆ ਤਾਂ ਸਾਹਮਣੇ ਗਿਆਨੋ ਖੜ੍ਹੀ ਸੀ। ਉਹ ਬਹੁਤ ਧਿਆਨ ਨਾਲ ਕਾਲੀ ਵਲ ਦੇਖਣ ਲੱਗੀ ਜਿਵੇਂ ਉਹਦੇ ਅੰਗ ਅੰਗ ਦਾ ਨਿਰੀਖਣ ਕਰ ਰਹੀ ਹੋਵੇ। ਕਾਲੀ ਨੇ ਵੀ ਉਹਦੀ ਵਲ ਨਜ਼ਰ ਭਰ ਕੇ ਦੇਖਿਆ ਪਰ ਜੀਤੂ ਨੂੰ ਮੁਸਕਰਾਉਂਦਾ ਦੇਖ ਉਹਨੇ ਨੀਵੀਂ ਪਾ ਲਈ। ਗਿਆਨੋ ਨੇ ਮਨ ਹੀ ਮਨ ਵਿੱਚ ਸੋਚਿਆ ਕਿ ਕਾਲੀ ਦੇ ਸੱਚੀਂ ਹੀ ਬਹੁਤ ਸੱਟ ਲੱਗੀ ਹੈ। ਮੰਗੂ ਝੂਠ ਨਹੀਂ ਸੀ ਬੋਲਦਾ ਕਿ ਉਹਦੇ ਚੂਲੇ ਅਤੇ ਮੋਢੇ ਦੀ ਹੱਡੀ ਤਿੜਕ ਗਈ ਹੈ।

ਪਿੰਡ ਤੋਂ ਬਾਹਰ ਜਾ ਕੇ ਉਹ ਚੋਅ ਦੇ ਬੰਨ ਉੱਤੇ ਚਲੇ ਗਏ। ਉੱਥੋਂ ਉਹ ਕੰਧਾਲੇ ਨੂੰ ਜਾਣ ਵਾਲੀ ਡੰਡੀ ਉੱਤਰ ਗਏ ਅਤੇ ਚੋਅ ਦੇ ਪਾਰ ਟਾਹਲੀਆਂ ਦੇ ਦਰਖਤਾਂ ਦੇ ਝੁੰਡ ਵਿੱਚ ਜਾ ਬੈਠੇ। ਜਦੋਂ ਹਨ੍ਹੇਰਾ ਹੋ ਗਿਆ ਤਾਂ ਪਿੰਡ ਵਲ ਤੁਰ ਪਏ। ਚੋਅ ਪਾਰ ਕਰਨ ਬਾਅਦ ਉਹਨਾਂ ਨੂੰ ਕੁਝ ਅਵਾਜ਼ਾਂ ਸੁਣੀਆਂ। ਦੂਰ ਹੋਣ ਕਰਕੇ ਉਹਨਾਂ ਤੋਂ ਅਵਾਜ਼ਾਂ ਪਹਿਚਾਣ ਨਹੀਂ ਸੀ ਹੋ ਰਹੀਆਂ। ਅਵਾਜ਼ਾਂ ਸੁਣ ਕੇ ਜੀਤੂ ਦੀ ਜਗਿਆਸਾ ਜਾਗ ਪਈ ਅਤੇ ਉਹ ਉਹਨਾਂ ਅਵਾਜ਼ਾਂ ਤੱਕ ਪਹੁੰਚਣ ਲਈ ਤੇਜ਼-ਤੇਜ਼ ਪੈਰ ਪੁੱਟਣ ਲੱਗਾ ਅਤੇ ਕਾਲੀ ਨੂੰ ਪਿੱਛੇ ਛੱਡ ਗਿਆ।

ਚੋਅ ਦੇ ਬੰਨ ਉੱਤੇ ਦਿਲਸੁੱਖ, ਬਲਵੰਤ ਅਤੇ ਮੰਗੂ ਜਾ ਰਹੇ ਸਨ ਅਤੇ ਤਿੰਨਾਂ ਨੇ ਸ਼ਰਾਬ ਪੀਤੀ ਹੋਈ ਸੀ। ਉਹ ਲੜਖੜਾਉਂਦੇ ਅਤੇ ਇਕ ਦੂਜੇ ਵਿੱਚ ਵਜਦੇ ਹੌਲੀ ਹੌਲੀ ਅੱਗੇ ਵਧ ਰਹੇ ਸਨ। ਜੀਤੂ ਉਹਨਾਂ ਦੇ ਕੋਲ ਪਹੁੰਚਿਆ ਤਾਂ ਦਿਲਸੁੱਖ ਲਲਕਾਰ ਕੇ ਬੋਲਿਆ:

"ਕਿਹੜਾ ਆਂ ਉਏ ਤੂੰ?"

"ਚੌਧਰੀ, ਮੈ ਆਂ... ਜੀਤੂ।"

"ਸੁਣਾ ਚਮਾਰਾ, ਤੂੰ ਅੱਧੀ ਰਾਤ ਨੂੰ ਇਥੇ ਕਿੱਦਾਂ ਘੁੰਮਦਾਂ? ਕੀ ਕਿਸੇ ਮਸੂਕ ਦੀ ਭਾਲ 'ਚ ਆਇਆ ਸੀ?"

ਜੀਤੂ ਵਲੋਂ ਜੁਆਬ ਦੇਣ ਤੋਂ ਪਹਿਲਾਂ ਹੀ ਮੰਗੂ ਬੋਲ ਪਿਆ:

"ਅੱਜਕੱਲ੍ਹ ਇਹ ਚਮ੍ਹਾਰਲੀ ਦਾ ਛੋਟਾ ਪੰਚ ਆ। ਵੱਡਾ ਪੰਚ ਕਾਲੀ ਆ।"

"ਫਿਰ ਤਾਂ ਨਿੱਕੂ ਦੀ ਛੋਕਰੀ ਇਹਦੇ ਵੀ ਵੱਸ 'ਚ ਹੋਊ।" ਦਿਲਸੁੱਖ ਹਸਦਾ ਹੋਇਆ ਬੋਲਿਆ।

"ਚੌਧਰੀ ਉਹ ਤਾਂ ਆਪਣੀ ਯਰਾਨੇਦਾਰ ਆ। ਇਹਦੇ ਮੂੰਹ 'ਤੇ ਤਾਂ ਉਹ ਥੁੱਕਦੀ ਵੀ ਨਹੀਂ।" ਮੰਗੂ ਨੇ ਹੰਕਾਰ ਭਰੀ ਅਵਾਜ਼ ਵਿੱਚ ਕਿਹਾ।

"ਉਏ ਮੰਗੂ, ਤੇਰਾ ਕੀ ਮੁਕਾਬਲਾ, ਤੂੰ ਤਾਂ ਚਮ੍ਹਾਰਲੀ ਦਾ ਰਾਂਝਾ। ਪੱਠੇ ਨੇ ਉਹਨੂੰ ਪੂਰੀ ਤਰ੍ਹਾਂ ਜਵਾਨ ਵੀ ਨਹੀਂ ਹੋਣ ਦਿੱਤਾ। ਪਹਿਲਾਂ ਹੀ ਉਹਦੇ ਉੱਤੇ ਕਾਠੀ ਪਾ ਲਈ।"

ਬਲਵੰਤ ਨੇ ਮੰਗੂ ਨੂੰ ਥਾਪੀ ਦਿੰਦਿਆਂ ਕਿਹਾ ਅਤੇ ਫਿਰ ਉਹ ਦਿਲਸੁੱਖ ਦਾ ਮੋਢਾ ਫੜਦਾ ਹੋਇਆ ਬੋਲਿਆ:

"ਦਿਲਸੁਖ, ਜਿਹੜੀ ਕੁੜੀ ਚਾਚੇ ਮੁਨਸ਼ੀ ਦੀ ਹਵੇਲੀ 'ਚ ਕੰਮ ਕਰਦੀ ਆ ਨਾ, ਉਹ ਇਕਦਮ ਪੱਠੀ ਆ। ਬਿਲਕੁਲ ਜੰਗਲੀ ਮੋਰਨੀ ਵਰਗੀ। ਰੰਗ ਤਾਂ ਪੱਕਾ ਪਰ ਨੈਣ-ਨਕਸ਼ ਬਹੁਤ ਸੋਹਣੇ ਆ। ਜਦੋਂ ਉਹ ਸਿਰ 'ਤੇ ਟੋਕਰਾ ਚੁੱਕੀ ਤੁਰਦੀ ਆ ਨਾ ਤਾਂ ਉਹਦੀਆਂ ਕੱਚੇ ਖਰਬੂਜ਼ੇ ਵਰਗੀਆਂ ਛਾਤੀਆਂ ਕੌਲੀ 'ਚ ਪਏ ਪਾਣੀ ਵਾਂਗ ਹਿਲਕੋਰੇ ਖਾਂਦੀਆਂ। ਇਕ ਵਾਰ ਹੱਥ ਫਿਰ ਜਾਏ ਤਾਂ ਜਵਾਨ ਸਰੋਂ ਦੇ ਫੁੱਲਾਂ ਵਾਂਗੂ ਖਿੜ ਉੱਠੇ।"

"ਮੰਗੂ ਕੌਣ ਆਂ ਉਏ ਉਹ? ਕਿਹਦੀ ਕੁੜੀ ਆ?"

ਦਿਲਸੁੱਖ ਨੇ ਬੇਚੈਨੀ ਨਾਲ ਪੁੱਛਿਆ। ਮੰਗੂ ਨੇ ਕੋਈ ਜੁਆਬ ਨਾ ਦਿੱਤਾ ਤਾਂ ਉਹ ਉਹਦੇ ਮੋਢੇ ਨੂੰ ਝੰਜੋੜਦਾ ਬੋਲਿਆ:

"ਸਾਲਿਆ ਬੋਲਦਾ ਕਿਉਂ ਨਹੀਂ! ਤੂੰ ਤਾਂ ਏਦਾਂ ਚੁੱਪ ਹੋ ਗਿਆ, ਜਿਵੇਂ ਤੇਰੀ ਸਕੀ ਭੈਣ ਲੱਗਦੀ ਹੋਵੇ।"

"ਭੈਣ ਹੀ ਲਗਦੀ ਆ ਚੌਧਰੀ।"

ਮੰਗੂ ਨੇ ਆਪਣੀ ਝਿਜ਼ਕ ਹਟਾਉਂਦਿਆਂ ਕਿਹਾ। ਬਲਵੰਤ ਖਿੜਖਿੜਾ ਕੇ ਹੱਸ ਪਿਆ ਅਤੇ ਉਹਨੂੰ ਧੱਕਾ ਮਾਰਦਾ ਹੋਇਆ ਬੋਲਿਆ:

"ਸਾਲਿਆ, ਤੇਰੀ ਸ਼ਕਲ ਤਾਂ ਨਜ਼ਰਬੱਟੂ ਵਰਗੀ ਹੈ।"

ਉਹਨਾਂ ਦੀਆਂ ਗੱਲਾਂ ਸੁਣ ਕੇ ਕਾਲੀ ਦੇ ਦਿਮਾਗ ਵਿੱਚ ਤੂਫਾਨ ਜਿਹਾ ਉੱਠਣ ਲੱਗਾ। ਉਹਦਾ ਜੀਅ ਕੀਤਾ ਕਿ ਬਲਵੰਤ ਅਤੇ ਦਿਲਸੁੱਖ ਨੂੰ ਪੀਹ ਸੁੱਟੇ। ਉਹ ਚੌਧਰੀ ਹਨ ਤਾਂ ਉਹਨਾਂ ਦਾ ਮਤਲਬ ਇਹ ਤਾਂ ਨਹੀਂ ਕਿ ਉਹ ਦੂਜਿਆਂ ਦੀਆਂ ਨਹੁੰਆਂ-ਧੀਆਂ ਬਾਰੇ ਏਨੀਆਂ ਬੇਸ਼ਰਮ ਗੱਲਾਂ ਕਰਨ। ਉਹਨੂੰ ਮੰਗੂ ਉੱਤੇ ਬਹੁਤ ਗੁੱਸਾ ਆ ਰਿਹਾ ਸੀ ਕਿ ਉਹ ਏਨਾ ਬੇਗੈਰਤ ਹੋ ਗਿਆ ਹੈ ਕਿ ਆਪਣੀ ਭੈਣ ਬਾਰੇ ਏਨੀਆਂ ਬੁਰੀਆਂ ਬੁਰੀਆਂ ਗੱਲਾਂ ਸੁਣ ਕੇ ਹੀ-ਹੀ ਹੱਸ ਰਿਹਾ।

ਕਾਲੀ ਉਹਨਾਂ ਦੇ ਬਰਾਬਰ ਪਹੁੰਚਿਆ ਤਾਂ ਦਿਲਸੁੱਖ ਨੇ ਪੁੱਛਿਆ:

"ਕੌਣ ਆਂ?"

"ਮੈਂ ਹਾਂ।" ਕਾਲੀ ਨੇ ਲਾਠੀ ਖੜਕਾਉਂਦਿਆਂ ਕਿਹਾ।

"ਉਏ ਕਾਲੀ, ਕੀ ਤੂੰ ਅਜੇ ਜਿਉਂਦਾਂ? ਮੈਂ ਤਾਂ ਸੁਣਿਆ ਸੀ ਕਿ ਹਰਦੇਵ ਨੇ ਤੇਰੀਆਂ ਹੱਡੀਆਂ ਦਾ ਸੁਰਮਾ ਬਣਾ ਦਿੱਤਾ। ਚਮਾਰਾ, ਕੀ ਗੁੜ ਵੱਟੇ ਜਾਨ ਲਈ ਆ, ਜੋ ਇਕ ਹੀ ਵਾਰੀ ਹੱਡੀਆਂ ਤੁੜਵਾ ਲਈਆਂ।" ਬਲਵੰਤ ਨੇ ਹੱਸਦਿਆਂ ਕਿਹਾ।

"ਤੈਨੂੰ ਆਪਣੇ ਜ਼ੋਰ 'ਤੇ ਘਮੰਡ ਹੈ ਤਾਂ ਤੂੰ ਵੀ ਦੋ ਹੱਥ ਕਰ ਕੇ ਦੇਖ ਲੈ।" ਕਾਲੀ ਨੇ ਲਾਠੀ ਸੁੱਟ ਦਿੱਤੀ ਅਤੇ ਬਾਹਾਂ ਉੱਤੇ ਹੱਥ ਫੇਰਨ ਲੱਗਾ।

"ਬੱਲੇ ਉਏ ਸੂਰਮਿਆਂ! ਕੀ ਦੂਜੀ ਲੱਤ ਤੁੜਵਾਉਣ ਦਾ ਵੀ ਇਰਾਦਾ।?" ਬਲਵੰਤ ਨੇ ਕਾਲੀ ਵਲ ਵਧਦਿਆਂ ਕਿਹਾ।

"ਬਸ-ਬਸ...." ਕਹਿੰਦਿਆਂ ਜੀਤੂ ਨੇ ਬਲਵੰਤ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਬਲਵੰਤ ਉਹਨੂੰ ਧੱਕਾ ਦੇ ਕੇ ਕਾਲੀ ਵਲ ਵਧਿਆ ਪਰ ਦਿਲਸੁੱਖ ਨੇ ਫੜ ਲਿਆ।

"ਇਸ ਵੇਲੇ ਨਹੀਂ। ਤੁਹਾਡਾ ਘੋਲ ਕੱਲ੍ਹ ਦੇਖਾਂਗੇ। ... ਏਨੀਆਂ ਚੰਗੀਆਂ ਗੱਲਾਂ ਕਰ ਰਹੇ ਸਾਂ, ਵਿੱਚ ਲੜਾਈ ਝਗੜਾ ਸ਼ੁਰੂ ਕਰ ਦਿੱਤਾ।"

"ਚੌਧਰੀ, ਕੁਆਰੀਆਂ ਕੁੜੀਆਂ ਬਾਰੇ ਏਦਾਂ ਦੀਆਂ ਗੱਲਾਂ ਕਰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ?" ਕਾਲੀ ਨੇ ਗੁੱਸੇ ਭਰੀ ਅਵਾਜ਼ ਵਿੱਚ ਕਿਹਾ।

"ਤੈਨੂੰ ਸ਼ਰਮ ਆਉਂਦੀ ਆ ਤਾਂ ਤੂ ਚਲਾ ਜਾ। ਜਿਹਦੀ ਭੈਣ ਆ, ਉਹ ਚੁੱਪ ਆ ਪਰ ਤੇਰੇ ਢਿੱਡ 'ਚ ਖਾਹ ਮਖਾਹ ਮਰੋੜ ਉੱਠਦੇ ਆ। ਕਿਉਂ ਮੰਗੂ?" ਦਿਲਸੁੱਖ ਨੇ ਕਿਹਾ। ਮੰਗੂ ਨੇ ਕੋਈ ਜਵਾਬ ਨਾ ਦਿੱਤਾ ਤਾਂ ਕਾਲੀ ਨੂੰ ਸੱਚਮੁੱਚ ਸ਼ਰਮ ਮਹਿਸੂਸ ਹੋਣ ਲੱਗੀ ਅਤੇ ਸੱਟ ਦੇ ਬਾਵਜੂਦ ਉਹ ਤੇਜ਼ ਤੇਜ਼ ਕਦਮ ਚੁੱਕਦਾ ਉਹਨਾਂ ਤੋਂ ਅੱਗੇ ਨਿਕਲ ਗਿਆ।

"ਸਾਲੇ ਨੇ ਸਾਰਾ ਮਜ਼ਾ ਖਰਾਬ ਕਰ ਦਿੱਤਾ।" ਅਤੇ ਫਿਰ ਉਹ ਮੰਗੂ ਵਲ ਮੁੜਦਾ ਹੋਇਆ ਬੋਲਿਆ:

"ਇਹਦੀ ਵੀ ਪ੍ਰੀਤੋ ਦੀ ਛੋਕਰੀ ਨਾਲ ਯਾਰੀ ਹੈ ਜਾਂ ਨਹੀਂ। ਇਹਨਾਂ ਦਾ ਤਾਂ ਉਹਨਾਂ ਨਾਲ ਬਨੇਰਾ ਸਾਂਝਾ।"

"ਸਾਡੀ ਮਸ਼ੂਕ ਏਦਾਂ ਦੀ ਨਹੀਂ ਕਿ ਹਰ ਐਰੇ-ਗੈਰੇ ਦੇ ਕਾਬੂ ਆ ਜਾਏ। ਉਹ ਤਾਂ ਇਹਦੀ ਵਲ ਅੱਖ ਚੁੱਕ ਕੇ ਵੀ ਨਹੀਂ ਦੇਖਦੀ।" ਮੰਗੂ ਨੇ ਖੁਸ਼ੀ ਭਰੀ ਅਵਾਜ਼ ਵਿੱਚ ਕਿਹਾ।

"ਜਾ ਉਏ ਮੰਗੂ ਏਨਾ ਝੂਠ ਨਾ ਬੋਲ। ਉਹ ਤਾਂ ਰਾਮ ਗਊ ਆ। ਪੱਠੇ ਦਿਖਾ ਕੇ ਉਹਨੂੰ ਜਿਹੜਾ ਮਰਜ਼ੀ ਚੋ ਲਵੇ।"

ਇਹ ਸੁਣ ਕੇ ਕਾਲੀ ਇਕ ਵਾਰ ਫਿਰ ਰੁਕ ਗਿਆ ਤਾਂ ਕਿ ਉਹਨਾਂ ਨੂੰ ਕੋਈ ਜਵਾਬ ਦੇਵੇ। ਪਰ ਫਿਰ ਇਹ ਸੋਚਦਾ ਹੋਇਆ ਅੱਗੇ ਵਧ ਗਿਆ ਕਿ ਜਦੋਂ ਮੁਹੱਲੇ ਦੇ ਲੋਕ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਤਾਂ ਦੂਸਰਿਆਂ ਦਾ ਮੂੰਹ ਕਿਵੇਂ ਬੰਦ ਕੀਤਾ ਜਾ ਸਕਦਾ।

ਕਾਲੀ ਘਰ ਪਹੁੰਚਿਆ ਤਾਂ ਚਾਚੀ ਮੰਜੇ ਉੱਤੇ ਲੰਮੀ ਪਈ ਸੀ। ਉਹਦੇ ਕੋਲ ਕੋਈ ਬੈਠਾ ਸੀ। ਕਾਲੀ ਉਹਨੂੰ ਹਨ੍ਹੇਰੇ ਵਿੱਚ ਪਛਾਣ ਨਾ ਸਕਿਆ ਅਤੇ ਨੇੜੇ ਆ ਕੇ ਉਹਨੂੰ ਦੇਖਦਾ ਹੋਇਆ ਬੋਲਿਆ:

"ਚਾਚੀ।"

"ਆ ਗਿਆ ਕਾਕਾ! ਮੇਰਾ ਤਾਂ ਫਿਕਰ ਨਾਲ ਦਿਲ ਡੁੱਬ ਰਿਹਾ ਸੀ। ਕੋਈ ਚੰਗੀ ਗੱਲ ਮਨ 'ਚ ਆਉਂਦੀ ਹੀ ਨਹੀਂ ਸੀ।"

ਚਾਚੀ ਪਰਮਾਤਮਾ ਨੂੰ ਯਾਦ ਕਰਦੀ ਹੋਈ ਉੱਠ ਪਈ। ਕਾਲੀ ਉਹਦੇ ਸਾਹਮਣੇ ਦੂਸਰੀ ਮੰਜੀ ਉੱਤੇ ਬਹਿਣ ਲੱਗਾ ਤਾਂ ਗਿਆਨੋ ਉੱਠ ਕੇ ਖੜ੍ਹੀ ਹੋ ਗਈ।

"ਗਿਆਨੋ ਪੁੱਤ, ਤੂੰ ਕਿਉਂ ਖੜੀ ਹੋ ਗਈ?" ਫਿਰ ਉਹ ਕਾਲੀ ਨੂੰ ਕਹਿਣ ਲੱਗੀ:

"ਵਿਚਾਰੀ ਦਿਨ ਡੁੱਬਣ ਤੋਂ ਬਾਅਦ ਦਸ ਚੱਕਰ ਲਾ ਚੁੱਕੀ ਆ। ਇਹ ਕੁੜੀ ਨਾ ਹੁੰਦੀ ਤਾਂ ਮੈਂ ਤਾਂ ਹੌਲ ਨਾਲ ਹੀ ਮਰ ਜਾਂਦੀ।"

ਕਾਲੀ ਨੇ ਗਿਆਨੋ ਵਲ ਦੇਖਿਆ ਤਾਂ ਉਹਨੂੰ ਬਲਵੰਤ ਅਤੇ ਦਿਲਸੁੱਖ ਦੀਆਂ ਸਾਰੀਆਂ ਗੱਲਾਂ ਯਾਦ ਆ ਗਈਆਂ। ਉਹ ਦੂਸਰੇ ਮੰਜੇ ਉੱਤੇ ਲੰਮਾ ਪੈਂਦਾ ਬੋਲਿਆ:

"ਚਾਚੀ ਤੂੰ ਹਨ੍ਹੇਰਾ ਕਿਉਂ ਕਰ ਰੱਖਿਆ?"

"ਕਾਕਾ, ਜਦੋਂ ਤੂੰ ਇੱਥੇ ਨਹੀਂ ਹੁੰਦਾ ਤਾਂ ਮੇਰੇ ਲਈ ਤਾਂ ਦਿਨ ਵਿੱਚ ਵੀ ਹਨ੍ਹੇਰਾ ਹੀ ਰਹਿੰਦਾ।" ਚਾਚੀ ਦੀਵਾ ਜਗਾਉਣ ਲਈ ਉੱਠੀ ਤਾਂ ਕਾਲੀ ਨੇ ਗਿਆਨੋ ਨੂੰ ਬਹੁਤ ਹੀ ਧੀਮੀ ਅਵਾਜ਼ ਵਿੱਚ ਕਿਹਾ:

"ਤੂੰ ਘਰ ਚਲੇ ਜਾ, ਮੰਗੂ ਆ ਰਿਹਾ। ਉਹਨੇ ਸ਼ਰਾਬ ਪੀਤੀ ਹੋਈ ਆ।"

ਗਿਆਨੋ ਨੇ ਉਹਦੀ ਗੱਲ ਅਣਸੁਣੀ ਕਰਦਿਆਂ ਕਿਹਾ:

"ਕੀ ਬਹੁਤ ਸੱਟ ਲੱਗੀ ਆ?"

"ਨਹੀਂ।" ਉਹਨੇ ਗੁੱਸੇ ਭਰੀ ਅਵਾਜ਼ ਵਿੱਚ ਗਿਆਨੋ ਨੂੰ ਕਿਹਾ:

"ਚਲੀ ਜਾ ਨਾ, ਨਹੀਂ ਤਾਂ ਮੰਗੂ ਕੁੱਟੂਗਾ।"

ਗਿਆਨੋ ਨੂੰ ਕਾਲੀ ਦੇ ਲਹਿਜੇ ਤੋਂ ਸ਼ੱਕ ਹੋ ਗਿਆ ਕਿ ਉਹਦੇ ਬਹੁਤ ਸੱਟ ਲੱਗੀ ਹੈ। ਕਾਲੀ ਨੇ ਉਹਨੂੰ ਬਾਹੋਂ ਫੜ ਕੇ ਦਰਵਾਜ਼ੇ ਵਲ ਧਕਦਿਆਂ ਕਿਹਾ:

"ਚਲੀ ਜਾ। ਮੰਗੂ ਨੂੰ ਪਤਾ ਲੱਗ ਗਿਆ ਤਾਂ ਉਹ ਤੇਰੀ ਹੱਡੀ-ਪਸਲੀ ਇਕ ਕਰ ਦਊ।"

"ਨਹੀਂ ਜਾਂਦੀ। ਕੁੱਟੂਗਾ ਤਾਂ ਮੈਨੂੰ, ਤੈਨੂੰ ਕੀ?"

ਗਿਆਨੋ ਮੁਸਕਰਾਈ ਤਾਂ ਕਾਲੀ ਨੂੰ ਹਨ੍ਹੇਰੇ ਵਿੱਚ ਵੀ ਉਹਦੇ ਚਿੱਟੇ ਦੰਦ ਦਿਖਾਈ ਦਿੱਤੇ। ਚਾਚੀ ਨੇ ਦੀਵਾ ਜਗਾਇਆ ਤਾਂ ਉਹਦੀ ਹਲਕੀ ਰੌਸ਼ਨੀ ਵਿੱਚ ਕਾਲੀ ਨੂੰ ਗਿਆਨੋ ਬਹੁਤ ਸੋਹਣੀ ਲੱਗੀ ਅਤੇ ਉਹ ਮਨ ਹੀ ਮਨ ਵਿੱਚ ਸੋਚਣ ਲੱਗਾ ਕਿ ਦਿਲਸੁੱਖ ਅਤੇ ਬਲਵੰਤ ਜੋ ਕੁਝ ਕਹਿ ਰਹੇ ਸਨ ਉਹ ਬਿਲਕੁਲ ਠੀਕ ਸੀ।

ਗਿਆਨੋ ਨੂੰ ਗਲੀ ਵਿੱਚ ਆ ਕੇ ਅਹਿਸਾਸ ਹੋਇਆ ਕਿ ਸੱਚੀਂ ਹੀ ਬਹੁਤ ਦੇਰ ਹੋ ਚੁੱਕੀ ਹੈ। ਉਹ ਦੱਬੇ ਪੈਰੀਂ ਘਰ ਪਹੁੰਚੀ ਤਾਂ ਜੱਸੋ ਦੀਵੇ ਦੀ ਮੱਧਮ ਰੌਸ਼ਨੀ ਵਿੱਚ ਥੰਮੀ ਦੇ ਸਹਾਰੇ ਬੈਠੀ ਊਂਘ ਰਹੀ ਸੀ। ਆਪਣੀ ਮਾਂ ਨੂੰ ਇਸ ਤਰ੍ਹਾਂ ਢਾਸਨਾ ਲਾਈ ਬੈਠੀ ਦੇਖ ਗਿਆਨੋ ਦਾ ਮਨ ਹਮਦਰਦੀ ਨਾਲ ਭਰ ਗਿਆ ਅਤੇ ਉਹ ਬਹੁਤ ਹੀ ਪਿਆਰ ਭਰੀ ਅਵਾਜ਼ ਵਿੱਚ ਬੋਲੀ:

"ਮਾਂ।"

"ਆ ਗਈ ਤੂੰ ਸਿਰਮੁੰਨੀਏ!" ਜੱਸੋ ਨੇ ਅੱਖਾਂ ਖੋਲ੍ਹਦਿਆਂ ਕਿਹਾ, "ਕਿੱਥੇ ਮਰ ਗਈ ਸੀ ਤੂੰ? ਅਵਾਜ਼ਾਂ ਮਾਰ ਮਾਰ ਮੇਰਾ ਗਲ ਬੈਠ ਗਿਆ।"

ਗਿਆਨੋ ਨੇ ਆਪਣੀ ਮਾਂ ਦੀ ਗੱਲ ਅਣਸੁਣੀ ਕਰਦਿਆਂ ਕਿਹਾ:

"ਮਾਂ, ਕਾਲੀ ਦੇ ਬਹੁਤ ਸੱਟ ਲੱਗੀ ਹੈ। ਹੁਣ ਉਹ ਦੀਨੇ ਘੁਮਿਆਰ ਦੇ ਬੁੱਢੇ ਗਧੇ ਵਾਂਗ ਲੰਗੜਾ ਕੇ ਤੁਰਦਾ।"

"ਚੌਧਰੀਆਂ ਨਾਲ ਮੱਥਾ ਲਾਉਂਦਾ, ਸੱਟ ਨਾ ਲੱਗੂ ਤਾਂ ਹੋਰ ਕੀ ਹੋਊ।"

ਆਪਣੀ ਮਾਂ ਦੀ ਗੱਲ ਸੁਣ ਕੇ ਗਿਆਨੋ ਨੂੰ ਵਿਸ਼ਵਾਸ ਹੋ ਗਿਆ ਕਿ ਕਾਲੀ ਦੇ ਸੱਚੀਂ ਹੀ ਜ਼ਿਆਦਾ ਸੱਟ ਲੱਗੀ ਹੈ। ਇਹ ਸੋਚ ਕੇ ਉਹ ਪਰੇਸ਼ਾਨ ਹੋ ਗਈ। ਉਹ ਮੰਜੇ ਉੱਤੇ ਬੈਠੀ ਪਾਸੇ ਬਦਲਦੀ ਰਹੀ। ਪਿੰਡ ਵਿੱਚ ਪਹਿਰਾ ਸ਼ੁਰੂ ਹੋ ਗਿਆ। "ਨੱਥਾ ਸਿਹਾਂ ... ਜਾਗ ਬਈ ! ... ਬਖਤਾਵਰ ਸਿਹਾਂ ਜਾਗ ਬਈ !... ਸ਼ਾਹ ਜੀ ... ਹੋਸ਼ਿਆਰ ਬਈ ! ... " ਇਹ ਅਵਾਜ਼ਾਂ ਘੁੱਪ ਰਾਤ ਦੀ ਸ਼ਾਂਤੀ ਨੂੰ ਕੁਝ ਪਲਾਂ ਲਈ ਭੰਗ ਕਰ ਦਿੰਦੀਆਂ ਪਰ ਬਾਅਦ ਵਿੱਚ ਰਾਤ ਫਿਰ ਟਿਕ ਜਾਂਦੀ। ਗਿਆਨੋ ਸੋਚ ਰਹੀ ਸੀ ਕਿ ਕਾਲੀ ਦੇ ਜ਼ਿਆਦਾ ਸੱਟ ਲੱਗੀ ਹੈ, ਤਾਂ ਹੀ ਤਾਂ ਉਹ ਏਨਾ ਚਿੜਚਿੜਾ ਹੋ ਗਿਆ ਹੈ। ਫਿਰ ਉਹਨੂੰ ਮਹਿਸੂਸ ਹੋਇਆ ਕਿ ਰਾਤ ਟਿਕ ਗਈ ਹੈ। ਕੁੱਤੇ ਵੀ ਭੌਂਕ ਭੌਂਕ ਕੇ ਸੌਂ ਗਏ ਹਨ। ਸਿਰਫ ਰਾਤ ਦੀ ਸਾਂ ਸਾਂ ਅਤੇ ਮਾਂ ਦੇ ਘੁਰਾੜਿਆਂ ਦੀ ਅਵਾਜ਼ ਆ ਰਹੀ ਸੀ। ਗਿਆਨੋ ਨੇ ਪਾਸਾ ਬਦਲ ਕੇ ਮਾਂ ਵਲ ਦੇਖਿਆ। ਉਹ ਡੂੰਘੀ ਨੀਂਦ ਵਿੱਚ ਸੀ। ਉਹਦੇ ਘੁਰਾੜਿਆਂ ਦੀ ਅਵਾਜ਼ ਜਿਵੇਂ ਉਹਨੂੰ ਧਮਕੀਆਂ ਦੇ ਰਹੀ ਸੀ। ਗਿਆਨੋ ਨੇ ਸੋਚਿਆ ਕਿਉਂ ਨਾ ਜਾ ਕੇ ਕਾਲੀ ਨੂੰ ਦੇਖ ਆਵੇ। ਉਹਦੀਆਂ ਅੱਖਾਂ ਅੱਗੇ ਰੌਸ਼ਨੀ ਪਸਰ ਗਈ। ਫਿਰ ਉਹਨੂੰ ਖਿਆਲ ਆਇਆ ਕਿ ਜੇ ਮਾਂ ਜਾਗ ਪਈ ਜਾਂ ਕਿਸੇ ਨੇ ਦੇਖ ਲਿਆ ਤਾਂ ਫਿਰ ਕੀ ਹੋਊ। ਇਹ ਸੋਚ ਕੇ ਉਹਦੀਆਂ ਅੱਖਾਂ ਵਿੱਚ ਰੌਸ਼ਨੀ ਦੀ ਥਾਂ ਫਿਰ ਹਨ੍ਹੇਰਾ ਹੋ ਗਿਆ।

ਉਹ ਕੁਝ ਦੇਰ ਮੰਜੇ ਉੱਤੇ ਪਾਸੇ ਬਦਲਦੀ ਰਹੀ। ਫਿਰ ਉਹ ਉੱਠ ਖੜੀ ਹੋਈ। ਉਹਨੇ ਝੁਕ ਕੇ ਆਪਣੀ ਮਾਂ ਵਲ ਦੇਖਿਆ ਅਤੇ ਹੌਲੀ ਹੌਲੀ ਲੱਕੜੀ ਦੀ ਪੌੜੀ ਉੱਤਰ ਕੇ ਹੇਠਾਂ ਆ ਗਈ। ਉਹਨੇ ਦਰਵਾਜ਼ੇ ਦੀ ਸੰਗਲੀ ਲਾਹੀ ਅਤੇ ਇਕ ਦਰ ਖੋਲ੍ਹਿਆ ਤਾਂ ਚਿਰ-ਚਿਰ ਦੀ ਅਵਾਜ਼ ਇਸ ਤਰ੍ਹਾਂ ਆਈ ਜਿਵੇਂ ਉਹਨੂੰ ਚਿਤਾਵਨੀ ਦੇ ਰਹੀ ਹੋਵੇ। ਉਹਨੇ ਬਾਹਰ ਨਿਕਲ ਕੇ ਦਰਵਾਜ਼ੇ ਬੰਦ ਕਰਨ ਲਈ ਸੰਗਲੀ ਵਲ ਹੱਥ ਵਧਾਇਆ ਪਰ ਫਿਰ ਵਾਪਸ ਖਿੱਚ ਲਿਆ।

ਲੋਕ ਆਪਣੇ ਵਿਹੜਿਆਂ ਵਿੱਚ ਸੁੱਤੇ ਪਏ ਸਨ। ਉਹ ਆਪਣੇ ਆਪ ਨੂੰ ਸਮੇਟਦੀ ਹੋਈ ਦੱਬੇ ਪੈਰੀਂ ਹਨ੍ਹੇਰੀ ਗੱਲੀ ਵਿੱਚ ਅੱਗੇ ਵਧਦੀ ਗਈ। ਜਦੋਂ ਉਹ ਕਾਲੀ ਦੇ ਘਰ ਨੇੜੇ ਪਹੁੰਚੀ ਤਾਂ ਉਹਦੇ ਮਨ ਵਿੱਚ ਖਿਆਲ ਆਇਆ ਕਿ ਜੇ ਚਾਚੀ ਦੀ ਅੱਖ ਖੁਲ੍ਹ ਗਈ ਤਾਂ ਫਿਰ ਕੀ ਹੋਊ। ਪਰ ਜਦੋਂ ਉਹ ਕਾਲੀ ਦੇ ਘਰ ਦੇ ਸਾਹਮਣੇ ਪਹੁੰਚੀ ਤਾਂ ਸਭ ਕੁਝ ਭੁੱਲ ਗਈ ਅਤੇ ਇਕਦਮ ਅੰਦਰ ਵੜ ਗਈ।

ਇਕ ਪਾਸੇ ਮੰਜੇ ਉੱਤੇ ਕੱਛਾ ਪਾਈ ਕਾਲੀ ਸੁੱਤਾ ਪਿਆ ਸੀ। ਉਸ ਤੋਂ ਥੋੜ੍ਹੀ ਦੂਰ ਚਾਚੀ ਗਠੜੀ ਬਣੀ ਹੋਈ ਲੰਮੀ ਪਈ ਸੀ। ਉਹਦੇ ਪਿਲਪਿਲੇ ਮੂੰਹ ਵਿੱਚ ਸਾਹ ਅਜੀਬ ਜਿਹੀ ਅਵਾਜ ਕਰਦਾ ਆ ਜਾ ਰਿਹਾ ਸੀ। ਕਾਲੀ ਦੇ ਸਰਾਹਣੇ ਬੈਠ ਕੇ ਉਹ ਉਹਦੇ ਮੋਢਿਆਂ ਉੱਤੇ ਹੱਥ ਫੇਰ ਕਰ ਦੇਖਣ ਲੱਗੀ ਕਿ ਕਿੱਥੇ ਸੱਟ ਲੱਗੀ ਹੈ। ਕਾਲੀ ਹੜਬੜਾ ਕੇ ਉੱਠਿਆ ਤਾਂ ਗਿਆਨੋ ਨੇ ਉਹਦੇ ਮੂੰਹ ਉੱਤੇ ਹੱਥ ਰੱਖ ਦਿੱਤਾ ਅਤੇ ਬਹੁਤ ਧੀਮੀ ਅਵਾਜ਼ ਵਿੱਚ ਬੋਲੀ:

"ਮੈਂ ਆਂ।"

ਕਾਲੀ ਨੇ ਚਾਚੀ ਦੀ ਮੰਜੀ ਵਲ ਦੇਖਿਆ ਅਤੇ ਇਹ ਦੇਖ ਕੇ ਉਹ ਸੁੱਤੀ ਹੋਈ ਹੈ, ਉਹਨੇ ਗਿਆਨੋ ਦਾ ਹੱਥ ਫੜਿਆ ਅਤੇ ਉਹਨੂੰ ਇੱਟਾਂ ਦੇ ਚੱਕੇ ਪਿੱਛੇ ਲੈ ਗਿਆ। ਕਾਲੀ ਦੇ ਕੁਝ ਕਹਿਣ ਤੋਂ ਪਹਿਲਾਂ ਗਿਆਨੋ ਨੇ ਉਹਦੇ ਕੰਨ ਵਿੱਚ ਕਿਹਾ:

"ਕੀ ਬਹੁਤ ਸੱਟ ਲੱਗੀ ਹੈ?"

"ਨਹੀਂ।"

"ਸੱਚ।"

"ਤੇਰੀ ਸਹੁੰ।"

ਗਿਆਨੋ ਨੇ ਬੇਫਿਕਰ ਹੋ ਲੰਮਾ ਸਾਹ ਛੱਡਿਆ ਅਤੇ ਆਪਣੀ ਤਸੱਲੀ ਕਰਨ ਲਈ ਕਾਲੀ ਦੀਆਂ ਬਾਹਾਂ, ਪੱਟਾਂ, ਛਾਤੀ ਅਤੇ ਪਿੱਠ ਉੱਤੇ ਹੱਥ ਫੇਰਨ ਲੱਗੀ। ਕਾਲੀ ਦੇ ਸਰੀਰ ਵਿੱਚ ਸਨਸਨੀ ਜਿਹੀ ਹੋਣ ਲੱਗੀ ਅਤੇ ਉਹਨੇ ਗਿਆਨੋ ਨੂੰ ਆਪਣੀਆਂ ਬਾਹਾਂ ਵਿੱਚ ਲੈ ਲਿਆ।

"ਸੱਟ ਲੱਗੀ ਕਿੱਥੇ ਹੈ?"

"ਚੂਲੇ 'ਚ"।

"ਪਲੇਗ ਪਵੇ ਮੋਏ ਹਰਦੇਵ ਨੂੰ।" ਗਿਆਨੋ ਨੇ ਉਹਦੀ ਛਾਤੀ ਨਾਲ ਲਗਦਿਆਂ ਕਿਹਾ।

ਕਾਲੀ ਨੂੰ ਬਲਵੰਤ ਅਤੇ ਦਿਲਸੁੱਖ ਦੀਆਂ ਗੱਲਾਂ ਫਿਰ ਯਾਦ ਆ ਗਈਆਂ। ... ਕੱਚੇ ਖਰਬੂਜੇ ਵਰਗੀਆਂ ਛਾਤੀਆਂ। ਕਾਲੀ ਦਾ ਸਾਹ ਉਖੜਨ ਲੱਗਾ ਅਤੇ ਉਹਦੇ ਸਰੀਰ ਦਾ ਅਕੜੇਵਾਂ ਵਧਣ ਲੱਗਾ। ਉਹਨੇ ਗਿਆਨੋ ਨੂੰ ਘੁੱਟ ਲਿਆ। ਫਿਰ ਉਹਦੀ ਪਿੱਠ ਨੂੰ ਆਪਣੀ ਛਾਤੀ ਨਾਲ ਲਾ ਲਿਆ ਅਤੇ ਉਹਦੇ ਹੱਥ ਉਹਦੀ ਛਾਤੀਆਂ ਉੱਤੇ ਜਾ ਕੇ ਕੌਲੀਆਂ ਬਣ ਗਏ। ਗਿਆਨੋ ਨੇ ਕੁਝ ਪਲਾਂ ਲਈ ਕਾਲੀ ਦੀ ਜਕੜ ਛੁਡਾਉਣ ਦਾ ਯਤਨ ਕੀਤਾ ਪਰ ਛੇਤੀ ਹੀ ਉਹਦੇ ਹੱਥ ਢਿੱਲੇ ਪੈ ਗਏ।

ਕੁਝ ਪਲਾਂ ਲਈ ਉਹ ਉਸ ਤਰ੍ਹਾਂ ਹੀ ਖੜੇ ਰਹੇ। ਕਾਲੀ ਸਾਰੀ ਦੁਨੀਆਂ ਨੂੰ ਭੁੱਲ ਗਿਆ ਅਤੇ ਉਹਦੇ ਹੱਥ ਹੇਠਾਂ ਖਿਸਕਣ ਲੱਗੇ। ਗਿਆਨੋ ਨੇ ਇਕ ਵਾਰ ਫਿਰ ਉਹਨੂੰ ਰੋਕਣ ਦਾ ਅਸਫਲ ਯਤਨ ਕੀਤਾ। ਉਹਦਾ ਸਰੀਰ ਢਿੱਲਾ ਪੈ ਗਿਆ ਅਤੇ ਕਾਲੀ ਦੇ

ਸਾਂਚੇ ਵਿੱਚ ਢਲਦਾ ਗਿਆ।

ਜਦੋਂ ਕਾਲੀ ਨੇ ਆਪਣੀ ਪਕੜ ਢਿੱਲੀ ਕੀਤੀ ਤਾਂ ਗਿਆਨੋ ਨੂੰ ਲੱਗਾ ਕਿ ਉਹ ਡਿਗ ਪਊਗੀ। ਉਹਨੇ ਬਹੁਤ ਮੁਸ਼ਕਿਲ ਨਾਲ ਆਪਣੇ ਆਪ ਨੂੰ ਸੰਭਾਲਿਆ। ਉਹਨੂੰ ਇਕਦਮ ਡਰ ਅਤੇ ਸ਼ਰਮ ਮਹਿਸੂਸ ਹੋਣ ਲੱਗੀ। ਉਹ ਕਾਲੀ ਦੇ ਵਿਹੜੇ ਵਿੱਚੋਂ ਨਿਕਲ ਕੇ ਗਲੀ ਵਿੱਚ ਆ ਗਈ। ਉਹਨੇ ਘਰ ਆ ਕੇ ਅੰਦਰੋਂ ਦਰਵਾਜ਼ੇ ਨੂੰ ਸੰਗਲੀ ਚਾੜ੍ਹ ਦਿੱਤੀ। ਉਹਨੇ ਆਪਣੀ ਸਲਵਾਰ ਲਾਹ ਦਿੱਤੀ ਅਤੇ ਉਹਨੂੰ ਪਾਣੀ ਵਿੱਚ ਚੰਗੀ ਤਰ੍ਹਾਂ ਨਿਚੋੜ ਕੇ ਪੌੜੀ ਦੇ ਡੰਡੇ ਨਾਲ ਲਟਕਾ ਦਿੱਤਾ। ਉਹ ਲੱਕ ਦੁਆਲੇ ਦੁਪੱਟਾ ਲਪੇਟ ਕੇ ਛੱਤ ਉੱਤੇ ਚਲੀ ਗਈ ਅਤੇ ਆਪਣੀ ਮੰਜੀ ਉੱਤੇ ਏਦਾਂ ਡਿੱਗੀ ਜਿਵੇਂ ਉਸ ਦਾ ਸਾਹ ਸੱਤ ਇਕਦਮ ਖਤਮ ਹੋ ਗਿਆ ਹੋਵੇ। ਉਹ ਮੂੰਹ ਵਿੱਚ ਕੱਪੜਾ ਤੁੰਨ ਕੇ ਰੋਣ ਲੱਗੀ।

## 23

ਸੰਤਾ ਸਿੰਘ ਨੇ ਬੋਰੀ ਵਿੱਚਲੇ ਸਾਰੇ ਸੰਦ ਜ਼ਮੀਨ ਉੱਤੇ ਉਲਟਾ ਦਿੱਤੇ ਅਤੇ ਉਹਨਾਂ ਨੂੰ ਛਾਂਟਦਾ ਹੋਇਆ ਬੋਲਿਆ:

"ਅੱਜ ਸੁਰਤ ਲਾ ਕੇ ਕੰਮ ਕਰਾਂਗੇ। ਕੱਲ੍ਹ ਤਕਾਲਾਂ ਤੱਕ ਇਹ ਕੰਧ ਪੂਰੀ ਕਰਨੀ ਹੈ।"

"ਮੈਂ ਤਿਆਰ ਹਾਂ।"

ਕਾਲੀ ਹੱਥ ਝਾੜਦਾ ਹੋਇਆ ਉੱਠ ਖੜਾ ਹੋਇਆ ਅਤੇ ਗਾਰੇ ਦੀ ਕੜਾਹੀ ਕੰਧ ਨਾਲ ਲੱਗੇ ਫੱਟੇ ਉੱਤੇ ਰੱਖ ਕੇ ਛੇਤੀ ਛੇਤੀ ਇੱਟਾਂ ਫੜਾਉਣ ਲੱਗਾ। ਮਿਸਤਰੀ ਸੰਤਾ ਸਿੰਘ ਦੇ ਹੱਥ ਬਹੁਤ ਤੇਜ਼ ਚੱਲ ਰਹੇ ਸਨ। ਉਹ ਹੱਥ ਵਿੱਚ ਇੱਟ ਨੂੰ ਉਛਾਲ ਕੇ ਚਾਰਾਂ ਪਾਸਿਆਂ ਤੋਂ ਧਿਆਨ ਨਾਲ ਦੇਖਦਾ ਅਤੇ ਉਹਦੇ ਹੇਠਾਂ ਗਾਰਾ ਲਾ ਕੇ ਕੰਧ ਉੱਤੇ ਰੱਖ ਦਿੰਦਾ। ਉਹ ਹਰ ਇੱਟ ਬਾਰੇ ਟਿੱਪਣੀ ਕਰਦਾ ਕਿ ਇਹ ਜ਼ਿਆਦਾ ਪੱਕ ਗਈ ਹੈ, ਇਹ ਕੱਚੀ ਰਹਿ ਗਈ ਹੈ, ਇਹ ਬਿਲਕੁਲ ਠੀਕ ਪੱਕੀ ਹੈ। ਗਾਰੇ ਵਿੱਚ ਕਦੇ ਪੱਥਰ ਆ ਜਾਂਦਾ ਤਾਂ ਉਹ ਉਹਨੂੰ ਕਾਂਡੀ ਨਾਲ ਬਾਹਰ ਸੁੱਟਦਾ ਹੋਇਆ ਕਹਿੰਦਾ ਕਿ ਗਾਰਾ ਮੱਖਣ ਵਾਂਗ ਨਰਮ ਅਤੇ ਸਾਫ ਹੋਵੇ ਤਾਂ ਇੱਟ ਝੱਟ ਜੰਮ ਜਾਂਦੀ ਹੈ ਅਤੇ ਕੰਧ ਦੀ ਉਮਰ ਲੰਮੀ ਹੁੰਦੀ ਹੈ।

ਧੁੱਪ ਵਧਣ ਦੇ ਨਾਲ ਨਾਲ ਮਿਸਤਰੀ ਸੰਤਾ ਸਿੰਘ ਦੇ ਹੱਥ ਸੁਸਤ ਹੁੰਦੇ ਗਏ ਅਤੇ ਪਾਰਾ ਚੜ੍ਹਦਾ ਗਿਆ। ਤੇਹ ਲੱਗੀ ਤਾਂ ਪਾਣੀ ਪੀਣ ਲਈ ਉਹਨੂੰ ਮਹਾਸ਼ੇ ਦੀ ਦੁਕਾਨ 'ਤੇ ਜਾਣਾ ਪਿਆ। ਉਹ ਵਾਪਸ ਆ ਕੇ ਬਹੁਤ ਤਲਖ ਅਵਾਜ਼ ਵਿੱਚ ਬੋਲਿਆ:

"ਮੈਂ ਚਮਾਰਾਂ ਦਾ ਕੰਮ ਇਸ ਦੁੱਖ ਦਾ ਮਾਰਿਆ ਨਹੀਂ ਲੈਂਦਾ। ਹੁਣੇ ਪਾਣੀ ਪੀ ਕੇ ਆਇਆਂ, ਫਿਰ ਥਿਆ ਲੱਗਣ ਲੱਗੀ ਹੈ।"

"ਨੰਦ ਸਿੰਘ ਦੇ ਘਰੋਂ ਪਾਣੀ ਲਿਆ ਦੇਵਾਂ, ਉਹ ਤਾਂ ਤੇਰਾ ਸਿੱਖ ਭਰਾ ਹੈ।"

"ਹੌਲੀ ਬੋਲ, ਮੇਰਾ ਉਹਦਾ ਕੀ ਰਿਸ਼ਤਾ। ਉਹ ਮਜਬ੍ਹੀ ਸਿੱਖ ਹੈ।" ਸੰਤਾ ਸਿੰਘ ਨੇ ਨੰਦ ਸਿੰਘ ਨੂੰ ਗਾਲ੍ਹ ਕੱਢਦਿਆਂ ਕਿਹਾ।

"ਪਰ ਗੁਰੂ ਦਾ ਸਿੱਖ ਤਾਂ ਹੈ।"

"ਸਿੱਖ ਬਣ ਜਾਣ ਦਾ ਇਹ ਮਤਲਬ ਤਾਂ ਨਹੀਂ ਕਿ ਉਹ ਚਮਾਰ ਨਹੀਂ ਰਿਹਾ। ਧਰਮ ਬਦਲਣ ਨਾਲ ਜਾਤ ਤਾਂ ਨਹੀਂ ਬਦਲ ਜਾਂਦੀ।" ਸੰਤਾ ਸਿੰਘ ਨੇ ਇਕ ਇੱਟ ਨੂੰ ਦੋ ਹਿੱਸਿਆਂ ਵਿੱਚ ਤੋੜਦਿਆਂ ਕਿਹਾ।

ਜਦੋਂ ਸੂਰਜ ਸਿਰ 'ਤੇ ਆ ਗਿਆ ਅਤੇ ਲੂੰ ਚੱਲਣ ਲੱਗੀ ਤਾਂ ਸੰਤਾ ਸਿੰਘ ਫੱਟੇ ਤੋਂ ਹੇਠਾਂ ਉੱਤਰ ਆਇਆ। ਉਹ ਬਾਲਟੀ ਵਿੱਚ ਹੱਥ ਧੋ ਕੇ ਕੰਧ ਵਲ ਦੇਖਦਾ ਹੋਇਆ ਬੋਲਿਆ:

"ਅੱਜ ਧੁੱਪ ਬਹੁਤ ਤੇਜ਼ ਹੈ। ਮੈਂ ਦਿਨ ਢਲੇ ਹੀ ਆਊਂਗਾ।"

"ਠੀਕ ਹੈ। ਮੈਂ ਵੀ ਸਕੂਲ ਦੇ ਮੁਨਸ਼ੀ ਕੋਲ ਜਾਣਾ। ਕੱਲ੍ਹ ਉਹਦਾ ਸੱਦਾ ਆਇਆ ਸੀ।"

"ਮੰਗੂ ਦੀ ਭੈਣ ਵਲੋਂ ਵੀ ਸੱਦਾ ਆਇਆ ਕਿ ਨਹੀਂ?"

ਸੰਤਾ ਸਿੰਘ ਨੇ ਸ਼ਰਾਰਤ ਭਰੀਆਂ ਨਜ਼ਰਾਂ ਨਾਲ ਕਾਲੀ ਵਲ ਦੇਖਿਆ ਅਤੇ ਖਿੜਖਿੜਾ ਕੇ ਹਸਦਾ ਹੋਇਆ ਬੋਲਿਆ:

"ਪੁੱਤਰਾ, ਤੂੰ ਕਿਸਮਤ ਦਾ ਧਨੀ ਆਂ। ਮੌਜ ਕਰ ਰਿਹੈਂ, ਮੌਜ ਕਰਦਿਆਂ ਸਾਨੂੰ ਵੀ ਯਾਦ ਕਰ ਲਿਆ ਕਰ।"

ਸੰਤਾ ਸਿੰਘ ਗਲੀ ਵਿੱਚ ਆ ਗਿਆ ਤਾ ਕਾਲੀ ਸਾਮਾਨ ਸਮੇਟ ਕੇ ਕੋਠੜੀ ਵਿੱਚ ਜਾ ਵੜਿਆ ਅਤੇ ਦੋਨੋਂ ਦਰ ਢੋਅ ਕੇ ਮੰਜੇ ਉੱਤੇ ਪੈ ਗਿਆ। ਚਾਚੀ ਦੀ ਗੈਰਹਾਜ਼ਰੀ ਵਿੱਚ ਉਹਨੂੰ ਚੈਨ ਜਿਹਿਆ ਮਿਲਿਆ।

ਕਾਲੀ ਨਹਾ ਹਟਿਆ ਤਾਂ ਚਾਚੀ ਨੇ ਉਹਦੇ ਹੱਥ 'ਤੇ ਮੱਕੀ ਦੀਆਂ ਚਾਰ ਰੋਟੀਆਂ ਰੱਖ ਦਿੱਤੀਆਂ। ਉਹ ਉਹਨਾਂ ਨੂੰ ਘੂਰਦਾ ਹੋਇਆ ਬੋਲਿਆ:

"ਮੱਕੀ ਦੀਆਂ ਰੋਟੀਆਂ ਪਕਾਈਆਂ, ਕੀ ਕਣਕ ਦਾ ਆਟਾ ਮੁੱਕ ਗਿਆ?"

"ਮੁੱਕਿਆ ਤਾਂ ਨਹੀਂ ਕਾਕਾ। ਰੋਜ਼ ਕਣਕ ਦੀ ਰੋਟੀ ਖਾਂਵਾਂਗੇ ਤਾਂ ਗੁਜ਼ਾਰਾ ਕਿੱਦਾਂ ਚੱਲੂ। ਸਾਡੇ ਘਰਾਂ 'ਚ ਤਾਂ ਕਣਕ ਦੀ ਰੋਟੀ ਸੁਗਾਤ ਸਮਝੀ ਜਾਂਦੀ ਆ। ਮੁਹੱਲੇ 'ਚ ਜਾ ਕੇ ਦੇਖ ਲੈ, ਲੋਕ ਆਮ ਤੌਰ 'ਤੇ ਮੱਕੀ ਅਤੇ ਬਾਜਰਾ ਹੀ ਖਾਂਦੇ ਆ।"

ਚਾਚੀ ਨੇ ਕਾਲੀ ਨੂੰ ਸਮਝਾਇਆ।

ਰੋਟੀ ਖਾਣ ਬਾਅਦ ਕਾਲੀ ਨੇ ਗਾਰੇ 'ਤੇ ਪਾਣੀ ਛਿੜਕਿਆ ਅਤੇ ਕੋਠੜੀ ਵਿੱਚ ਆ ਕੇ ਮੰਜੇ ਉੱਤੇ ਲੰਮਾ ਪੈਂਦਾ ਬੋਲਿਆ:

"ਅੱਜ ਬਹੁਤ ਗਰਮੀ ਹੈ।"

"ਕਾਕਾ ਹਾੜ ਬੀਤਦਾ।"

ਚਾਚੀ ਨੇ ਰੋਟੀ ਖਾਂਦਿਆਂ ਪੋਪਲੇ ਮੂੰਹ ਨਾਲ ਕਿਹਾ। ਉਹ ਹੌਲੀ ਹੌਲੀ ਰੋਟੀ ਚਿੱਥਦੀ ਆਪਣੇ ਬੁਢਾਪੇ ਨੂੰ ਕੋਸ ਰਹੀ ਸੀ। ਕਾਲੀ ਨੂੰ ਮੰਜੇ ਉੱਤੇ ਪਾਸੇ ਬਦਲਦਾ ਦੇਖ ਉਹ ਬੋਲੀ:

"ਜਾ, ਤਕੀਏ 'ਚ ਚਲਾ ਜਾ, ਉੱਥੇ ਹਵਾ ਵਗਦੀ ਹੋਊ।"

"ਮੈਨੂੰ ਬੜੇ ਮੁਨਸ਼ੀ ਨੇ ਸੱਦਿਆ। ਸਕੂਲ ਜਾਣਾ।"

"ਉਹਨੇ ਕਿਉਂ ਸੱਦਿਆ?"

ਚਾਚੀ ਨੇ ਗਰਾਹੀ ਨੂੰ ਆਪਣੇ ਮੂੰਹ ਨੇੜੇ ਰੋਕਦਿਆਂ ਕਿਹਾ।

"ਪਤਾ ਨਹੀਂ, ਕੱਲ੍ਹ ਨੰਦ ਸਿੰਘ ਦਾ ਵੱਡਾ ਮੁੰਡਾ ਕਹਿ ਗਿਆ ਸੀ।"

"ਕੋਈ ਨਵੀਂ ਮੁਸੀਬਤ ਨਾ ਪੈ ਜਾਵੇ। ਸਰਕਾਰੀ ਹਾਕਿਮ ਬੁਲਾਵੇ ਤਾਂ ਡਰ ਲਗਦਾ। ਪਰ ਮੁਨਸ਼ੀ ਵਿਚਾਰਾ ਤਾਂ ਮੁੰਡੇ ਪੜ੍ਹਾਉਂਦਾ। ਕਾਕਾ ਉਹਨੂੰ ਤੇਰੇ ਨਾਲ ਕੀ ਕੰਮ ਹੋ ਸਕਦਾ?"

"ਕੋਈ ਚਿੱਠੀ ਵਗੈਰਾ ਆਈ ਹੋਣੀ ਆਂ। ਸ਼ਹਿਰ 'ਚ ਮੇਰੇ ਕੁਝ ਪੈਸੇ ਰਹਿ ਗਏ ਸੀ, ਸ਼ਾਇਦ ਉਹ ਆਏ ਹੋਣ।"

ਚਾਚੀ ਦੀ ਚਿੰਤਾ ਇਕਦਮ ਦੂਰ ਹੋ ਗਈ ਅਤੇ ਉਹ ਕਾਲੀ ਨੂੰ ਸਮਝਾਉਂਦੀ ਹੋਈ ਬੋਲੀ:

"ਕਿਸੇ ਦੇ ਸਾਹਮਣੇ ਪੈਸੇ ਨਾ ਲਈਂ। ਗੰਢ ਬੰਨ ਕੇ ਸਿੱਧਾ ਘਰ ਆਵੀਂ।"

ਕਾਲੀ ਹੱਸਦਾ ਹੋਇਆ ਪਾਸਾ ਬਦਲ ਕੇ ਸੌਣ ਦੀ ਕੋਸ਼ਿਸ਼ ਕਰਨ ਲੱਗਾ।

ਦਿਨ ਢਲੇ ਕਾਲੀ ਸਕੂਲ ਚਲਾ ਗਿਆ। ਵੱਡਾ ਮੁਨਸ਼ੀ ਆਪਣੇ ਕਮਰੇ ਵਿੱਚ ਥੜ੍ਹੇ ਉੱਤੇ ਬੈਠਾ ਸੀ। ਬਾਹਰ ਸਕੂਲ ਦੇ ਬੱਚੇ ਬੈਠੇ ਡਾਕ ਵੰਡਣ ਦੀ ਉਡੀਕ ਕਰ ਰਹੇ ਸਨ। ਮੁਨਸ਼ੀ ਨੇ ਹਰ ਪਿੰਡ ਦੀ ਡਾਕ ਦੀ ਵੱਖ ਵੱਖ ਢੇਰੀ ਬਣਾ ਰੱਖੀ ਸੀ। ਉਹ ਹਰ ਚਿੱਠੀ 'ਤੇ ਲਿਖਿਆ ਪਤਾ ਧਿਆਨ ਨਾਲ ਪੜ੍ਹਦਾ ਅਤੇ ਸਾਵਧਾਨੀ ਨਾਲ ਮੁਹਰ ਲਾ ਕੇ ਉਹਨੂੰ ਸੰਬੰਧਤ ਢੇਰੀ ਉੱਤੇ ਰੱਖ ਦਿੰਦਾ। ਕਾਲੀ ਨੇ ਮੁਨਸ਼ੀ ਨੂੰ ਬੰਦਗੀ ਕੀਤੀ ਤਾਂ ਉਹਨੇ ਸਿਰ ਉੱਪਰ ਚੁੱਕਿਆ ਅਤੇ ਸਵਾਲੀਆ ਨਜ਼ਰ ਨਾਲ ਉਹਦੇ ਵਲ ਦੇਖਣ ਲੱਗਾ। ਕਾਲੀ ਬੋਲਿਆ:

"ਮੁਨਸ਼ੀ ਜੀ ਮੇਰਾ ਨਾਂ ਕਾਲੀਦਾਸ ਹੈ। ਕੱਲ੍ਹ ਤੁਸੀਂ ਨੰਦ ਸਿੰਘ ਦੇ ਮੁੰਡੇ ਕੋਲ ....।"

ਕਾਲੀ ਹਾਲੇ ਗੱਲ ਵੀ ਪੂਰੀ ਨਹੀਂ ਸੀ ਕਰ ਸਕਿਆ ਕਿ ਮੁਨਸ਼ੀ ਖੁਸ਼ੀ ਵਿੱਚ ਬੋਲਿਆ:

"ਅੱਛਾ-ਅੱਛਾ, ਯਾਦ ਆ ਗਿਆ। ਤੇਰਾ ਮਨੀਆਰਡਰ ਆਇਆ। ਮਨੀਆਰਡਰ 'ਤੇ ਇਹ ਨਾਂ ਪੜ੍ਹ ਕੇ ਮੈਂ ਸ਼ਸ਼ੋਪੰਜ 'ਚ ਪੈ ਗਿਆ। ਮੈਂ ਹੈਰਾਨ ਸਾਂ ਕਿ ਇਸ ਨਾਂ ਦਾ ਇਸ ਪਿੰਡ 'ਚ ਕਦੇ ਖੱਤ ਨਹੀਂ ਆਇਆ, ਅੱਜ ਮਨੀਆਰਡਰ ਕਿੱਥੋਂ ਆ ਗਿਆ। ਫਿਰ ਮੈਂ ਸਾਰੇ ਨਿਆਣਿਆਂ ਨੂੰ ਪੁੱਛਿਆ ਤਾਂ ਨੰਦ ਸਿੰਘ ਦੇ ਮੁੰਡੇ ਨੇ ਕਿਹਾ ਉਹਦੇ ਮੁਹੱਲੇ 'ਚ ਇਸ ਨਾਂ ਦਾ ਇਕ ਆਦਮੀ ਰਹਿੰਦਾ।" ਮੁਨਸ਼ੀ ਕਾਲੀ ਨੂੰ ਇਕ ਵਾਰ ਫਿਰ ਧਿਆਨ ਨਾਲ ਦੇਖ ਕੇ ਬੋਲਿਆ: "ਅੱਗੇ ਲਈ ਮੇਰੀ ਗੱਲ ਪੱਲੇ ਬੰਨ ਲੈ। ਆਪਣੇ ਨਾਂ ਨਾਲ ਬਲਦ ਜਾਂ ਜਾਤ ਜਾਂ ਦੋਨੋਂ ਜ਼ਰੂਰ ਲਿਖਿਆ ਕਰ। ਉਹਦੇ ਨਾਲ ਕਿਸੇ ਗੜਬੜ ਦਾ ਮੌਕਾ ਨਹੀਂ ਰਹਿੰਦਾ। ਜੇ ਇਸ ਪਿੰਡ 'ਚ ਤੇਰੇ ਨਾਂ ਦਾ ਕੋਈ ਹੋਰ ਬੰਦਾ ਹੁੰਦਾ ਤੇ ਇਹ ਮਨੀਆਰਡਰ ਲੈ ਜਾਂਦਾ ਤਾਂ ਤੇਰੇ ਪੈਸੇ ਜਾਂਦੇ, ਉਸ ਆਦਮੀ ਨੂੰ ਹੱਥਕੜੀ ਲੱਗ ਜਾਂਦੀ ਅਤੇ ਮੈਂ ਨੌਕਰੀ ਤੋਂ ਬਰਖਾਸਤ ਹੋ ਜਾਂਦਾ।"

ਉਹ ਸਾਹਮਣੇ ਪਈਆਂ ਚਿੱਠੀਆਂ 'ਤੇ ਝੁਕਦਾ ਹੋਇਆ ਕਾਲੀ ਨੂੰ ਕਹਿਣ ਲੱਗਾ:

"ਮੈਂ ਡਾਕ ਵੰਡ ਦਿਆਂ, ਤੂੰ ਏਨੇ ਚਿਰ 'ਚ ਦੋ ਗਵਾਹ ਲੈ ਆ।"

ਗਵਾਹ ਦਾ ਨਾਂ ਸੁਣ ਕੇ ਕਾਲੀ ਚੌਂਕ ਪਿਆ।

"ਗਵਾਹ ਕਿਸ ਲਈ?"

"ਇਹ ਤਸਦੀਕ ਕਰਨ ਲਈ ਕਿ ਤੈਨੂੰ ਤੇਰੀ ਰਕਮ ਮਿਲ ਗਈ ਹੈ। ਗਵਾਹ ਨੂੰ ਪੜ੍ਹਨਾ ਤੇ ਦਸਖਤ ਕਰਨੇ ਆਉਂਦੇ ਹੋਣ ਤਾਂ ਚੰਗੀ ਗੱਲ ਹੈ। ਹਾਂ, ਉਹਨਾਂ ਦਾ ਬਾਲਗ ਹੋਣਾ ਜ਼ਰੂਰੀ ਹੈ।"

ਕਾਲੀ ਇਸ ਸੋਚ 'ਚ ਡੁੱਬਿਆ ਕਿ ਗਵਾਹੀ ਦੇਣ ਨੂੰ ਕਿਸ ਨੂੰ ਕਹੇ, ਡਾਕਟਰ ਬਿਸ਼ਨਦਾਸ ਦੀ ਦੁਕਾਨ ਉੱਤੇ ਆ ਗਿਆ। ਡਾਕਟਰ ਕੰਧ ਨਾਲ ਢੋਅ ਲਾਈ ਕੋਈ ਕਿਤਾਬ ਪੜ੍ਹ ਰਿਹਾ ਸੀ। ਕਾਲੀ ਬੰਦਗੀ ਕਰ ਦਹਿਲੀਜ਼ ਦੇ ਨਾਲ ਬੈਠਦਾ ਹੋਇਆ ਬੋਲਿਆ:

"ਡਾਕਟਰ ਜੀ, ਕੀ ਪੜ੍ਹ ਰਹੇ ਹੋ?"

"ਇਹ ਸੋਵੀਅਤ ਯੂਨੀਅਨ ਤੋਂ ਨਵੀਂ ਕਿਤਾਬ ਆਈ ਹੈ। ਇਸ ਵਿੱਚ ਕਲਾਸ ਸਟਰਗਲ ਅਤੇ ਵਿਰੋਧੀ ਜਮਾਤਾਂ ਦੇ

ਕਰੈਕਟਰ ਦਾ ਵਿਸ਼ਲੇਸ਼ਣ ਕੀਤਾ ਹੋਇਆ।''

ਡਾਕਟਰ ਨੇ ਸਿੱਧਾ ਬੈਠਦਿਆਂ ਕਿਹਾ। ਕਾਲੀ ਦੀ ਸਮਝ 'ਚ ਕੁਝ ਨਾ ਆਇਆ। ਉਸ ਦੇ ਚਿਹਰੇ ਉੱਤੇ ਹੈਰਾਨੀ ਦੇ ਪਰਛਾਵੇਂ ਪੈ ਗਏ ਤਾਂ ਡਾਕਟਰ ਮੁਸਕਰਾਉਂਦਾ ਹੋਇਆ ਬੋਲਿਆ:

''ਇਸ ਵਿੱਚ ਸਮਾਜ ਦੇ ਵੱਖ ਵੱਖ ਤਬਕਿਆਂ ਦੀਆਂ ਖਾਸੀਅਤਾਂ ਦੱਸੀਆਂ ਗਈਆਂ। ਅਤੇ ਇਹ ਦੱਸਿਆ ਗਿਆ ਕਿ ਇਹਨਾਂ ਤਬਕਿਆਂ ਵਿੱਚ ਟਕਰਾਅ ਕਿਉਂ ਜ਼ਰੂਰੀ ਹੈ।''

ਡਾਕਟਰ ਦੀ ਗੱਲ ਲੰਮੀ ਹੋਣ ਲੱਗੀ ਤਾਂ ਕਾਲੀ ਉਹਨੂੰ ਟੋਕਦਾ ਹੋਇਆ ਬੋਲਿਆ:

''ਡਾਕਟਰ ਜੀ, ਮੈਂ ਤੁਹਾਡੇ ਕੋਲ ਇਕ ਕੰਮ ਆਇਆ ਸੀ।''

''ਕੀ?''

''ਮੇਰਾ ਮਨੀਆਰਡਰ ਆਇਆ। ਤੁਹਾਡੀ ਗਵਾਹੀ ਚਾਹੀਦੀ ਹੈ। ਤੁਹਾਨੂੰ ਡਾਕਖਾਨੇ ਜਾਣਾ ਹੋਊ।''

''ਮਨੀਆਰਡਰ ਕਿੱਥੋਂ ਆ ਗਿਆ?''

''ਕਾਨ੍ਹਪੁਰ ਤੋਂ ਮਿੱਲ ਵਾਲਿਆਂ ਨੇ ਮੇਰੀ ਮਜੂਰੀ ਦਾ ਹਿਸਾਬ ਕਰ ਕੇ ਭੇਜਿਆ ਹੋਣਾਂ।''

ਡਾਕਟਰ ਨੇ ਕੁੜੀ ਨੂੰ ਸੱਦ ਕੇ ਦੁਕਾਨ ਉੱਤੇ ਬਿਠਾ ਦਿੱਤਾ ਅਤੇ ਕਾਲੀ ਨਾਲ ਤੁਰ ਪਿਆ। ਜਦੋਂ ਉਹ ਗਲੀ ਵਿੱਚ ਆ ਗਏ ਤਾਂ ਕਾਲੀ ਬੋਲਿਆ:

''ਡਾਕਟਰ ਜੀ, ਇਕ ਗਵਾਹ ਹੋਰ ਚਾਹੀਦਾ।''

''ਕੋਈ ਗੱਲ ਨਹੀਂ। ਦੁਕਾਨਾਂ ਵਲ ਦੀ ਚਲਦੇ ਆਂ। ਹਕੀਮਾਂ ਦਾ ਓਮਾ ਮਿਲ ਗਿਆ ਤਾਂ ਉਹਨੂੰ ਲੈ ਚੱਲਾਂਗੇ। ਜੇ ਉਹ ਨਾ ਮਿਲਿਆ ਤਾਂ ਕਿਸੇ ਹੋਰ ਨੂੰ ਫੜ ਲਵਾਂਗੇ।''

ਕਾਲੀ ਦਾ ਦੁਕਾਨਾਂ ਵਲ ਦੀ ਜਾਣ ਨੂੰ ਜੀਅ ਨਹੀਂ ਚਾਹੁੰਦਾ ਸੀ ਅਤੇ ਜਦੋਂ ਡਾਕਟਰ ਨੇ ਥਾਣੇ ਦੀ ਗੱਲ ਸ਼ੁਰੂ ਕਰ ਦਿੱਤੀ ਤਾਂ ਉਹਦਾ ਇਰਾਦਾ ਹੋਰ ਵੀ ਪੱਕਾ ਹੋ ਗਿਆ ਪਰ ਉਸ ਪਾਸਿਓਂ ਦੀ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਓਮੇ ਨੂੰ ਨਾਲ ਲੈ ਕੇ ਉਹ ਡਾਕਖਾਨੇ ਪਹੁੰਚ ਗਏ। ਮੁਨਸ਼ੀ ਬੱਚਿਆਂ ਨੂੰ ਡਾਕ ਦੇ ਕੇ ਭੇਜ ਚੁੱਕਿਆ ਸੀ। ਉਹਨੇ ਡਾਕਟਰ ਅਤੇ ਓਮੇ ਨਾਲ ਇੱਧਰ ਉੱਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਫਿਰ ਉਹ ਹੀ ਨਸੀਅਤ ਦੁਹਰਾਈ ਜਿਹੜੀ ਉਹ ਪਹਿਲਾਂ ਹੀ ਕਾਲੀ ਨੂੰ ਕਰ ਚੁੱਕਿਆ ਸੀ। ਉਹਨੇ ਆਪਣੇ ਸਾਹਮਣੇ ਪਈ ਸੰਦੂਕੜੀ ਦਾ ਤਾਲਾ ਖੋਲ੍ਹਿਆ। ਉਹਦੇ ਇਕ ਖਾਨੇ ਵਿੱਚ ਚਾਰ ਤਹਿਆਂ ਲਾ ਕੇ ਰੱਖਿਆ ਮਨੀਆਰਡਰ ਕੱਢਿਆ ਅਤੇ ਉਸ ਉੱਤੇ ਲਿਖਿਆ ਪਤਾ ਪੜ੍ਹ ਕੇ ਕਾਲੀ ਵਲ ਵਧਾਉਂਦਾ ਬੋਲਿਆ:

''ਅੰਗੂਠਾ ਲਾਊਂਗਾ ਜਾਂ ...''

''ਦਸਖਤ ਕਰੂੰਗਾ। ਮੈਂ ਇਸ ਹੀ ਸਕੂਲ ਵਿੱਚੋਂ ਚਾਰ ਜਮਾਤਾਂ ਪਾਸ ਕੀਤੀਆਂ ਸਨ। ਉਹਨਾਂ ਵੇਲਿਆਂ 'ਚ ਖਰਲਾਂ ਦੇ ਪੰਡਿਤ ਸ਼ਿਵਰਾਮ ਮੁਨਸ਼ੀ ਹੁੰਦੇ ਸਨ।''

ਕਾਲੀ ਨੇ ਮਨੀਆਰਡਰ ਲੈ ਕੇ ਰਕਮ ਦੇਖੀ ਅਤੇ ਮੁਨਸ਼ੀ ਤੋਂ ਕਲਮ ਲੈ ਕੇ ਦੋ ਜਗ੍ਹਾ 'ਮੁਬਲਗ ਅੱਸੀ ਰੁਪਏ ਵਸੂਲ ਪਾਏ' ਲਿਖ ਕੇ ਹੇਠਾਂ ਦਸਖਤ ਕਰ ਕੇ ਮਨੀਆਰਡਰ ਮੁਨਸ਼ੀ ਵਲ ਵਧਾ ਦਿੱਤਾ। ਮੁਨਸ਼ੀ ਨੇ ਪੜ੍ਹ ਕੇ ਉਹਨੂੰ ਮਨੀਆਰਡਰ ਵਾਪਸ ਕਰਦਿਆਂ ਕਿਹਾ:

''ਨਾਂ ਦੇ ਨਾਲ ਬਕਲਮ ਖੁਦ ਵੀ ਲਿਖ।''

ਕਾਲੀ ਨੇ ਬਕਲਮ ਖੁਦ ਵੀ ਲਿਖ ਦਿੱਤਾ ਤਾਂ ਮੁਨਸ਼ੀ ਨੇ ਵਾਰੀ ਵਾਰੀ ਡਾਕਟਰ ਅਤੇ ਓਮੇ ਦੇ ਦਸਖਤ ਕਰਵਾਏ ਅਤੇ ਉਹਨਾਂ ਦਾ ਚੰਗੀ ਤਰ੍ਹਾਂ ਨਿਰੀਖਣ ਕਰ ਕੇ ਉਹਨੇ ਮਨੀਆਰਡਰ ਦਾ ਹੇਠਲਾ ਇਕ ਹਿੱਸਾ ਤਹਿ ਕਰਕੇ ਪਾੜਿਆ ਅਤੇ ਕਾਲੀ ਦੇ ਹੱਥ ਵਿੱਚ ਫੜਾ ਦਿੱਤਾ। ਫਿਰ ਉਹਨੇ ਮਨੀਆਰਡਰ ਸੰਦੂਕੜੀ ਵਿੱਚ ਰੱਖ ਕੇ ਚਮੜੇ ਦਾ ਇਕ ਛੋਟਾ ਜਿਹਾ ਬਸਤਾ ਕੱਢਿਆ ਅਤੇ ਉਸ ਉੱਤੇ ਲੱਗਿਆ ਛੋਟਾ ਜਿਹਾ ਤਾਲਾ ਖੋਲ੍ਹ ਕੇ ਬਹੁਤ ਸਾਵਧਾਨੀ ਨਾਲ ਉਸ ਵਿੱਚੋਂ ਦਸਾਂ-ਦਸਾਂ ਦੇ ਨੋਟ ਕੱਢੇ ਅਤੇ ਉਹਨਾਂ ਨੂੰ ਤਿੰਨ ਚਾਰ ਵਾਰ ਗਿਣਿਆ। ਦਸਾਂ-ਦਸਾਂ ਦੇ ਸੱਤ ਨੋਟ, ਇਕ ਪੰਜਾਂ ਦਾ ਨੋਟ, ਚਾਰ ਇੱਕ ਇੱਕ ਰੁਪਈਏ ਦੇ ਨੋਟ ਅਤੇ ਇਕ ਚਵਾਨੀ ਕੱਢ ਕੇ ਕਾਲੀ ਦੇ ਹੱਥ ਉੱਤੇ ਰੱਖ ਦਿੱਤੀ। ਕਾਲੀ ਨੇ ਹੈਰਾਨੀ ਨਾਲ ਮੁਨਸ਼ੀ ਵਲ ਦੇਖਦਿਆਂ ਕਿਹਾ:

''ਮੁਨਸ਼ੀ ਜੀ, ਮਨੀਆਰਡਰ ਤਾਂ ਅੱਸੀਆਂ ਰੁਪਈਆਂ ਦਾ ਅਤੇ ਤੁਸੀਂ ਮੈਨੂੰ ਸਵਾ ਉਨਾਸੀ ਰੁਪਈਏ ਦੇ ਰਹੇ ਆਂ।''

''ਬਾਰ੍ਹਾਂ ਆਨੇ ਮਹਿਸੂਲ ਵੀ ਤਾਂ ਲੱਗੂ।'' ਮੁਨਸ਼ੀ ਨੇ ਉਹਦੇ ਵਲ ਘੂਰ ਕੇ ਦੇਖਦਿਆਂ ਕਿਹਾ।

''ਮਹਿਸੂਲ ਤਾ ਮਨੀਆਰਡਰ ਭੇਜਣ ਵਾਲੇ ਨੇ ਪਹਿਲਾਂ ਹੀ ਦੇ ਦਿੱਤਾ ਹੈ।''

ਮੁਨਸ਼ੀ ਨੇ ਕਾਲੀ ਦੇ ਹੱਥ ਵਿੱਚੋਂ ਚਵਾਨੀ ਚੁੱਕ ਲਈ ਅਤੇ ਇਕ ਰੁਪਈਏ ਦਾ ਨੋਟ ਉਹਦੇ ਵਲ ਸੁੱਟਦਾ ਹੋਇਆ ਬੋਲਿਆ:

''ਬਹਿਸ ਤਾਂ ਏਦਾਂ ਕਰਦਾ, ਜਿਵੇਂ ਵਕਾਲਤ ਪਾਸ ਹੋਵੇ।''

''ਮੁਨਸ਼ੀ ਜੀ, ਤੁਸੀਂ ਓਦਾਂ ਬਾਰਾਂ ਆਨੇ ਰੱਖ ਲਉ ਪਰ ਇਹ ਕਾਇਦਾ ਨਹੀਂ।'' ਕਾਲੀ ਨੇ ਇਕ ਰੁਪਈਆ ਮੁਨਸ਼ੀ ਦੇ ਪੈਰ ਕੋਲ ਰੱਖਦਿਆਂ ਕਿਹਾ।

"ਮੈਂ ਮੰਗਤਾ ਨਹੀਂ ਜੋ ਤੇਰੇ ਤੋਂ ਭਿਖਿਆ ਲਵਾਂ। ਜੇ ਮੈਂ ਹੱਥ ਅੱਡਣਾ ਹੀ ਹੋਇਆ ਤਾਂ ਕਿਸੇ ਮਹਾਜਨ ਜਾਂ ਚੌਧਰੀ ਅੱਗੇ ਅੱਡੂੰ, ਚਮਾਰ ਅੱਗੇ ਨਹੀਂ ਅੱਡਦਾ"

ਡਾਕਟਰ ਵਿਸ਼ਨਦਾਸ, ਮੁਨਸ਼ੀ ਦਾ ਗੁੱਸਾ ਠੰਢਾ ਕਰਨ ਲਈ ਬੋਲਿਆ:

"ਚਲੋ ਛੱਡੋ ਮੁਨਸ਼ੀ ਜੀ।"

"ਡਾਕਟਰ, ਜੇ ਇਹਦੇ ਕੋਲ ਚਾਰ ਪੈਸੇ ਆ ਗਏ ਆ ਤਾਂ ਇਹਦਾ ਮਤਲਬ ਇਹ ਤਾਂ ਨਹੀਂ ਕਿ ਚਮਾਰ ਸ਼ਾਹੂਕਾਰ ਬਣ ਗਿਆ।"

ਕਾਲੀ ਨੇ ਪੈਸੇ ਜੇਬ ਵਿੱਚ ਪਾਏ ਅਤੇ ਡਾਕਟਰ ਅਤੇ ਓਮੇ ਦੇ ਅੱਗੇ-ਅੱਗੇ ਬਾਹਰ ਆ ਗਿਆ। ਓਮੇ ਦੇ ਬੁੱਲਾਂ 'ਤੇ ਸ਼ੈਤਾਨੀ ਭਰਿਆ ਹਾਸਾ ਸੀ। ਜਦੋਂ ਉਹ ਸਕੂਲ ਤੋਂ ਬਾਹਰ ਆ ਗਏ ਤਾਂ ਓਮਾ ਖਿੜਖਿੜਾ ਕੇ ਹੱਸਿਆ ਅਤੇ ਡਾਕਟਰ ਨੂੰ ਅੱਗੇ ਧਕਦਾ ਹੋਇਆ ਬੋਲਿਆ:

"ਅੱਜ ਕਾਲੀ ਨੇ ਮੁਨਸ਼ੀ ਦੀ ਚੰਗੀ ਤਰ੍ਹਾਂ ਖਾਤਰ ਕਰ ਦਿੱਤੀ। ਮੁਨਸ਼ੀ ਵੀ ਯਾਦ ਰੱਖੂ।"

ਕਾਲੀ ਚੁੱਪ ਰਿਹਾ ਪਰ ਡਾਕਟਰ ਬਿਸ਼ਨਦਾਸ ਬਹੁਤ ਗੰਭੀਰ ਅਵਾਜ਼ ਵਿੱਚ ਬੋਲਿਆ:

"ਜਿਸ ਤਰ੍ਹਾਂ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ ਉਸੇ ਤਰ੍ਹਾਂ ਵੱਡਾ ਤਬਕਾ ਛੋਟੇ ਤਬਕੇ ਨੂੰ ਐਕਸਪਲਾਇਟ ਕਰਦਾ, ਯਾਨੀਂ ਉਹਦੀ ਮਿਹਨਤ ਦਾ ਫਲ ਉਹਨੂੰ ਨਹੀਂ ਖਾਣ ਦਿੰਦਾ ਸਗੋਂ ਖੁਦ ਖਾ ਜਾਂਦਾ। ਇਸੇ ਨਾਲ ਕਲਾਸ ਸਟਰਗਲ ਪੈਦਾ ਹੁੰਦੀ ਹੈ। ਪਰ ਮਾਰਕਸਵਾਦੀ ਇਨਕਲਾਬ ਨਾਲ ਇਹ ਤਬਕਾ ਖਤਮ ਹੋ ਜਾਊਗਾ ਅਤੇ ਪ੍ਰੋਲੇਤਾਰੀਆਂ ਦਾ ਬੋਲਬਾਲਾ ਹੋਊਗਾ।"

ਓਮਾ ਡਾਕਟਰ ਦੀ ਹਰ ਗੱਲ ਉੱਤੇ ਸਿਰ ਹਿਲਾ ਰਿਹਾ ਸੀ ਪਰ ਕਾਲੀ ਆਪਣੇ ਹੀ ਖਿਆਲਾਂ ਵਿੱਚ ਗਵਾਚਾ ਹੋਇਆ ਉਹਨਾਂ ਤੋਂ ਦੋ ਕਦਮ ਅੱਗੇ ਚੱਲ ਰਿਹਾ ਸੀ।

ਜਦੋਂ ਕਾਲੀ ਚਮ੍ਹਾਰਲੀ ਵਲ ਜਾਣ ਲੱਗਾ ਤਾਂ ਡਾਕਟਰ ਉਹਨੂੰ ਰੋਕਦਾ ਹੋਇਆ ਬੋਲਿਆ:

"ਕਾਲੀ, ਆ ਦੁਕਾਨ 'ਤੇ ਚਲਦੇ ਆਂ। ਤੈਨੂੰ ਘਰ ਜਾਣ ਦੀ ਕਾਹਦੀ ਕਾਹਲੀ ਹੈ?"

"ਡਾਕਟਰ ਜੀ, ਅੱਜ ਫਿਰ ਮਕਾਨ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਮਿਸਤਰੀ ਸੰਤਾ ਸਿੰਘ ਮੇਰੀ ਉਡੀਕ ਕਰ ਰਿਹੈ ਹੋਣਾ।"

"ਅੱਛਾ। ਸਵੇਰੇ ਸ਼ਾਮ ਕਿਸੇ ਵਕਤ ਮੇਰੇ ਕੋਲ ਆਇਆ ਕਰ। ਤੇਰੇ ਨਾਲ ਗੱਲਾਂ ਕਰਨ ਦਾ ਮਜ਼ਾ ਆਉਂਦਾ। ਇਕ-ਦੋ ਆਦਮੀਆਂ ਨੂੰ ਛੱਡ ਕੇ ਬਾਕੀ ਪਿੰਡ ਵਾਲਿਆਂ ਦੇ ਸਿਰ ਤੋਂ ਮੇਰੀਆਂ ਗੱਲਾਂ ਏਦਾਂ ਲੰਘ ਜਾਂਦੀਆਂ ਜਿੱਦਾਂ ਮੋਮ ਉੱਤੋਂ ਪਾਣੀ।"

"ਜ਼ਰੂਰ ਆਊਂਗਾ।" ਕਹਿੰਦਾ ਕਾਲੀ ਅੱਗੇ ਵੱਧ ਗਿਆ।

ਉਹ ਘਰ ਪਹੁੰਚਿਆ ਤਾਂ ਮਿਸਤਰੀ ਸੰਤਾ ਸਿੰਘ ਵਾਪਸ ਜਾਣ ਲਈ ਤਿਆਰ ਹੋ ਰਿਹਾ ਸੀ। ਕਾਲੀ ਨੂੰ ਦੇਖਦਿਆਂ ਹੀ ਬੋਲਿਆ:

"ਕੀ ਮੁਨਸ਼ੀ ਤੇਰੇ ਮੂੰਹ ਨੂੰ ਛੁਆਰਾ ਲਾਉਂਦਾ ਸੀ, ਜੋ ਤੂੰ ਏਨੀ ਦੇਰ ਕਰਤੀ?"

"ਮਨੀਆਰਡਰ ਆਇਆ ਸੀ, ਉਹਦੇ ਲਈ ਦੋ ਗਵਾਹ ਚਾਹੀਦੇ ਸਨ। ਡਾਕਟਰ ਬਿਸ਼ਨਦਾਸ ਅਤੇ ਓਮੇ ਨੂੰ ਗਵਾਹੀ ਲਈ ਲੈ ਕੇ ਗਿਆ ਸੀ। ਤੂੰ ਡਾਕਟਰ ਦੀ ਆਦਤ ਨੂੰ ਤਾਂ ਜਾਣਦਾਂ ਈ ਐਂ।"

ਮਿਸਤਰੀ ਸੰਤਾ ਸਿੰਘ ਖਿੜਖਿੜਾ ਕੇ ਹਸਦਾ ਹੋਇਆ ਬੋਲਿਆ:

"ਉਹ ਵੀ ਕੋਈ ਆਦਮੀ ਆ। ਨੈਣ ਦੇ ਸਿਆਪੇ ਵਾਂਗ ਉਹਦੀ ਗੱਲ ਖਤਮ ਹੋਣ 'ਚ ਹੀ ਨਹੀਂ ਆਉਂਦੀ। ਏਦਾਂ ਦਾ ਝੱਲੂ ਆਦਮੀ ਮੈਂ ਕਦੇ ਨਹੀਂ ਦੇਖਿਆ। ਨੱਕ ਸਾਫ ਕਰਨ ਬੈਠੂ ਤਾਂ ਅੱਧੀ ਦਿਹਾੜੀ ਸੂੰ-ਸ਼ੜਾਪ 'ਚ ਲੰਘਾ ਦੇਊ। ਕਿਸੇ ਵਾਹਿਗੁਰੂ, ਭਗਵਾਨ ਨੂੰ ਉਹ ਨਹੀਂ ਮੰਨਦਾ। ਕਿਸੇ ਦੇਵੀ-ਦੇਵਤੇ ਵਿੱਚ ਉਹਦਾ ਵਿਸ਼ਵਾਸ ਨਹੀਂ। ਪਿੰਡ ਦਾ ਹਰ ਵਿਹਲਾ ਨੌਜਵਾਨ ਉਹਦਾ ਯਾਰ ਆ। ਛੱਡ, ਆਪਾਂ ਉਹਤੋਂ ਕੀ ਲੈਣਾ। ਗਾਰਾ ਅਤੇ ਇੱਟਾਂ ਰੱਖ, ਕੰਮ ਸ਼ੁਰੂ ਕਰਾਂ।"

ਚਾਚੀ ਕੋਠਰੀ ਵਿੱਚ ਸੌਂ ਰਹੀ ਸੀ। ਕਾਲੀ ਦੀ ਅਵਾਜ਼ ਸੁਣ ਕੇ ਉਹ ਬਾਹਰ ਨਿਕਲ ਆਈ ਅਤੇ ਚਿੰਤਾ ਭਰੀ ਅਵਾਜ਼ ਵਿੱਚ ਬੋਲੀ:

"ਪੁੱਤਰਾ, ਕੀ ਕਿਹਾ ਮੁਨਸ਼ੀ ਨੇ? ਕਿਉਂ ਸੱਦਿਆ ਸੀ ਉਹਨੇ?"

"ਚਾਚੀ, ਮਨੀਆਰਡਰ ਆਇਆ ਸੀ। ਇਸ ਲਈ ਸੱਦਿਆ ਸੀ।"

"ਉਹ ਕੀ ਹੁੰਦਾ?"

"ਡਾਕ ਰਾਹੀਂ ਰੁਪਈਏ ਆਏ ਹਨ। ਮੈਂ ਸ਼ਹਿਰ 'ਚ ਜਿੱਥੇ ਕੰਮ ਕਰਦਾ ਸੀ, ਉੱਥੋਂ ਪੈਸੇ ਆਏ ਹਨ।"

ਚਾਚੀ ਦਾ ਮਨ ਖੁਸ਼ ਹੋ ਗਿਆ। ਕਾਲੀ ਨੂੰ ਆਪਣੀ ਹੀ ਨਜ਼ਰ ਤੋਂ ਬਚਾਉਣ ਲਈ ਉਹਨੇ ਜੀਭ ਦੰਦਾਂ ਹੇਠ ਲੈ ਲਈ ਅਤੇ

ਅਟੇਰਨ ਅਤੇ ਸੂਤ ਦੀਆਂ ਅੱਟੀਆਂ ਚੁੱਕ ਕੇ ਬਾਹਰ ਚਲੀ ਗਈ।

ਸੰਤਾ ਸਿੰਘ ਅਤੇ ਕਾਲੀ ਸੂਰਜ ਛਿਪਣ ਬਾਅਦ ਵੀ ਕੰਮ ਕਰਦੇ ਰਹੇ। ਜਦੋਂ ਹਨ੍ਹੇਰਾ ਡੂੰਘਾ ਹੋ ਗਿਆ ਤਾਂ ਮਿਸਤਰੀ ਫੱਟੇ ਤੋਂ ਹੇਠਾਂ ਉੱਤਰ ਆਇਆ ਅਤੇ ਕੰਧ ਵਲ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਬੋਲਿਆ:

"ਕਾਲੀ, ਮੈਨੂੰ ਤੂੰ ਅੱਜ ਦਸ ਰੁਪਈਏ ਦੇ ਦੇ। ਕਿਸੇ ਤੋਂ ਹੱਥ ਉਧਾਰ ਲਏ ਸੀ। ਪਤਾ ਨਹੀਂ ਮੇਰਾ ਕੀ ਬਣੂਗਾ। ਸੁਣਿਆ ਪਿੰਡ ਵਾਲੇ ਨਵਾਂ ਤਖਾਣ ਲਿਆਉਣ ਨੂੰ ਫਿਰਦੇ ਆ।"

ਸੰਤਾ ਸਿੰਘ ਕੁਝ ਪਲ ਚੁੱਪ ਰਹਿ ਕੇ ਬੋਲਿਆ:

"ਤੂੰ ਸ਼ਹਿਰ ਰਹਿ ਆਇਆਂ। ਉੱਥੇ ਰਾਜ-ਤਰਖਾਣ ਦਾ ਕੰਮ ਮਿਲ ਹੀ ਜਾਂਦਾ ਹੋਣਾ।"

"ਹਾਂ, ਮਿਹਨਤ ਕਰਨ ਵਾਲਾ ਬੰਦਾ ਸ਼ਹਿਰ 'ਚ ਵਿਹਲਾ ਨਹੀਂ ਰਹਿੰਦਾ। ਉੱਥੇ ਕਮਾਈ ਆ। ਪਰ ਖਰਚੇ ਵੀ ਉਸ ਤਰ੍ਹਾਂ ਦੇ ਹੀ ਹਨ। ਮਿਸਤਰੀ ਜੀ ਪਰਦੇਸ, ਪਰਦੇਸ ਹੀ ਹੈ। ਉੱਥੇ ਤਾਂ ਕਿਸੇ ਨੂੰ ਵੱਢੀ ਉਂਗਲ ਉੱਤੇ ਪਿਸ਼ਾਬ ਕਰਨ ਲਈ ਕਹੋ ਤਾਂ ਉਹ ਇਸ ਕੰਮ ਦੇ ਪੈਸੇ ਮੰਗੂ। ਪਰ ਇਹ ਨਹੀਂ ਕਿ ਉਹ ਚਮਾਰ ਆ, ਉਹ ਘੁੰਮਿਆਰ ਆ। ਉੱਥੇ ਵੀ ਜਾਤ ਪਾਤ ਹੈਗੀ, ਪਰ ਕੋਲ ਪੈਸਾ ਹੋਵੇ ਤਾਂ ਚਮਾਰ ਵੀ ਬਾਹਮਣ ਦੇ ਬਰਾਬਰ ਬੈਠ ਸਕਦਾ।"

ਮਿਸਤਰੀ ਦਸਾਂ ਦਾ ਨੋਟ ਜੇਬ ਵਿੱਚ ਰਖਦਾ ਬੋਲਿਆ:

"ਅੱਛਾ, ਕਦੇ ਫੁਰਸਤ 'ਚ ਬਹਿ ਕੇ ਸੋਚਾਂਗੇ।"

ਸੰਤਾ ਸਿੰਘ ਦੇ ਜਾਣ ਤੋਂ ਬਾਅਦ ਕਾਲੀ ਚਾਚੀ ਦੇ ਕੋਲ ਆ ਬੈਠਿਆ ਅਤੇ ਮੂੰਹ ਲਟਕਾ ਕੇ ਬੋਲਿਆ:

"ਚਾਚੀ, ਪਿੰਡ 'ਚ ਸਾਨੂੰ ਤਾਂ ਹਰ ਆਦਮੀ ਪਸੂ ਅਤੇ ਮੂਰਖ ਸਮਝਦਾ। ਅੱਜ ਮੁਨਸ਼ੀ ਨੇ ਮੈਨੂੰ ਮੂਰਖ ਸਮਝ ਕੇ ਮੇਰੇ ਕੋਲੋਂ ਬਾਰਾਂ ਆਨੇ ਠਗਨੇ ਚਾਹੇ।"

"ਪੁੱਤਰਾ, ਤੂੰ ਏਦਾਂ ਦੀਆਂ ਗੱਲਾਂ ਨਾ ਸੋਚਿਆ ਕਰ। ਰੱਬ ਜੀ ਨੇ ਜਿਹਨੂੰ ਚਮਾਰ ਪੈਦਾ ਕੀਤਾ, ਉਹ ਚਮਾਰ ਹੀ ਰਹੂ, ਚੌਧਰੀ ਨਹੀਂ ਬਣੂ। ਸਭ ਕਰਮਾਂ ਦਾ ਫਲ ਹੈ।"

ਚਾਚੀ ਉਹਨੂੰ ਸਮਝਾਉਂਦੀ ਹੋਈ ਬੋਲੀ।

"ਕਾਕਾ, ਤੇਰੇ ਪਿਉ-ਦਾਦਾ ਵੀ ਇਸ ਪਿੰਡ 'ਚ ਰਹੇ। ਉਹ ਤਾਂ ਕਦੇ ਵੀ ਏਦਾਂ ਦੀਆਂ ਗੱਲਾਂ ਨਹੀਂ ਸੋਚਦੇ ਸਨ। ਹੱਥ ਧੋ ਕੇ ਰੋਟੀ ਖਾ ਅਤੇ ਸੌਂ ਜਾ। ਸਵੇਰ ਦਾ ਕੰਮ ਉੱਤੇ ਲੱਗਾ ਹੋਇਆਂ।"

ਕਾਲੀ ਨਹਾ-ਧੋ ਕੇ ਮੰਜੇ ਉੱਤੇ ਬੈਠਦਾ ਹੋਇਆ ਬੋਲਿਆ:

"ਲਿਆ ਚਾਚੀ ਰੋਟੀ ਦੇ ਦੇ।"

ਚਾਚੀ ਉੱਠੀ ਤਾਂ ਉਹਦਾ ਦੁਪੱਟਾ ਧੜ ਤੋਂ ਹੇਠਾਂ ਖਿਸਕ ਗਿਆ। ਕਾਲੀ ਨੇ ਸ਼ਰਮ ਦੇ ਮਾਰੇ ਮੂੰਹ ਦੂਜੇ ਪਾਸੇ ਕਰ ਲਿਆ ਅਤੇ ਖਿੱਝ ਕੇ ਬੋਲਿਆ:

"ਚਾਚੀ, ਤੂੰ ਕਮੀਜ਼ ਕਿਉਂ ਨਹੀਂ ਪਾਉਂਦੀ?"

"ਕਾਕਾ, ਗਰਮੀ ਨਾਲ ਮੇਰਾ ਸਰੀਰ ਬਲ ਰਿਹਾ ਸੀ, ਇਸ ਲਈ ਲਾਹ ਦਿੱਤੀ। ਹੁਣ ਰਾਤ ਹੋ ਗਈ ਆ, ਸਵੇਰ ਨੂੰ ਪਾ ਲਊਂ।"

ਕਾਲੀ ਰੋਟੀ ਖਾਣ ਲੱਗਾ ਤਾਂ ਚਾਚੀ ਉਹਦੇ ਕੋਲ ਆ ਬੈਠੀ ਅਤੇ ਚਿੰਤਾ ਭਰੀ ਅਵਾਜ਼ ਵਿੱਚ ਬੋਲੀ:

"ਕਾਕਾ, ਗਿਆਨੋ ਅੱਜ ਵੀ ਨਹੀਂ ਆਈ।"

ਚਾਚੀ ਸੋਚ ਵਿੱਚ ਡੁੱਬ ਗਈ ਅਤੇ ਕਾਲੀ ਜ਼ਮੀਨ ਵਲ ਘੂਰਦਾ ਹੋਇਆ ਇਸ ਤਰ੍ਹਾਂ ਰੋਟੀ ਖਾਣ ਲੱਗਾ ਜਿਵੇਂ ਜ਼ਹਿਰ ਨਿਗਲ ਰਿਹਾ ਹੋਵੇ।

## 24

ਚਾਚੀ ਕੋਠੜੀ ਦਾ ਸਾਰਾ ਸਾਮਾਨ ਡਿਉਢੀ ਵਿੱਚ ਦੇਖ ਕੇ ਹੈਰਾਨ ਰਹਿ ਗਈ ਅਤੇ ਘਬਰਾਈ ਹੋਈ ਬੋਲੀ:

"ਕਾਕਾ, ਤੂੰ ਇਹ ਕੀ ਕੀਤਾ? ਕੋਠੜੀ ਦਾ ਸਾਮਾਨ ਡਿਉਢੀ ਵਿੱਚ ਕਿਉਂ ਰੱਖ ਦਿੱਤਾ?"

"ਚਾਚੀ ਸੋਚ ਰਿਹਾ ਸਾਂ ਕਿ ਲੱਗੇ ਹੱਥੀਂ ਕੋਠੜੀ ਨੂੰ ਵੀ ਕੱਚਾ-ਪੱਕਾ ਬਣਾ ਦਿਆਂ?"

"ਪੁੱਤ, ਮੇਰੀ ਮੰਨੇ ਤਾਂ ਕੋਠੜੀ ਨੂੰ ਇਸ ਤਰ੍ਹਾਂ ਹੀ ਰਹਿਣ ਦੇ। ਡਿਉਢੀ ਪੱਕੀ ਬਣ ਗਈ ਆ। ਇਹ ਬਹੁਤ ਆ। ਹੁਣ ਵਿਆਹ ਦੀ ਫਿਕਰ ਕਰ। ਸੌ ਡੇਢ ਸੌ ਰੁਪਈਆ ਤਾਂ ਹੱਥ ਰੋਕਦਿਆਂ ਰੋਕਦਿਆਂ ਵੀ ਲੱਗ ਜਾਣਾ।... ਅਸੀਂ ਕੋਈ ਖੱਤਰੀ ਮਹਾਜਨ ਤਾਂ ਹੈ ਨਹੀਂ ਜੋ ਸੋਨਾ ਪਾਵਾਂਗੇ। ਚਾਂਦੀ ਦੇ ਦੋ ਚਾਰ ਗਹਿਣੇ ਅਤੇ ਸ਼ਗਨ ਲਈ ਸੋਨੇ ਦੀਆਂ ਬਾਲੀਆਂ ਜਾਂ ਨੱਕ ਦਾ ਕੋਕਾ ਬਣਾ ਲਵਾਂਗੇ। ਹੁਣ ਤਾਂ ਤੈਨੂੰ ਦਸ ਰਿਸ਼ਤੇ ਮਿਲ ਜਾਣਗੇ। ਮੈਂ ਮਰ ਗਈ ਤਾਂ ਫਿਰ ਸਾਰੀ ਉਮਰ ਦੂਸਰਿਆਂ ਦੀਆਂ ਬਹੂਆਂ ਦੇਖ ਛਾਤੀ ਪਿੱਟੇਗਾਂ।"

ਚਾਚੀ ਕੁਝ ਪਲ ਰੁਕ ਕੇ ਬੋਲੀ:

"ਹੁਣ ਤੂੰ ਛੋਟਾ ਨਹੀਂ। ਤੇਰੀ ਉਮਰ ਦੇ ਮੁੰਡਿਆਂ ਦੇ ਚਾਰ-ਚਾਰ ਨਿਆਣੇ ਆਂ। ਦਾਸੂ ਨੂੰ ਦੇਖ ਲੈ। ਉਹਦੇ ਤਿੰਨ ਨਿਆਣੇ ਆਂ, ਚੌਥਾ ਤਿਆਰ ਹੈ। ਦਲੀਪਾ ਤੇਰੇ ਨਾਲ ਇਕ ਸਾਲ ਛੋਟਾ, ਉਹਦੇ ਵੀ ਤਿੰਨ ਨਿਆਣੇ ਆਂ।"

"ਅੱਛਾ-ਅੱਛਾ, ਤੈਨੂੰ ਹਮੇਸ਼ਾਂ ਵਿਆਹ ਦੀ ਹੀ ਸੁਝਦੀ ਹੈ? ਮੌਕਾ ਆਉਣ 'ਤੇ ਵਿਆਹ ਵੀ ਕਰਾ ਲਊਂ।"

ਚਾਚੀ ਨੇ ਕਾਲੀ ਦਾ ਕੋਰਾ ਜਵਾਬ ਸੁਣ ਕੇ ਮੂੰਹ ਦੂਸਰੇ ਪਾਸੇ ਫੇਰ ਲਿਆ ਤਾਂ ਉਹ ਉਹਦੇ ਕੋਲ ਬੈਠਦਾ ਹੋਇਆ ਬੋਲਿਆ:

"ਚਾਚੀ ਮੈਂ ਸੋਚ ਰਿਹਾਂ ਕਿ ਕੋਠੜੀ ਪੱਕੀ ਬਣਾਉਣ ਦੀ ਥਾਂ ਹਾਲੇ ਸਿਰਫ ਪੱਕੇ ਥਮਲੇ ਹੀ ਬਣਾ ਲਵਾਂ। ਕੰਧਾਂ ਕੱਚੀਆਂ ਵੀ ਰਹਿ ਗਈਆਂ ਤਾਂ ਕੋਈ ਹਰਜ਼ ਨਹੀਂ। ਇਹਤੋਂ ਬਾਅਦ ਮੇਰਾ ਵਿਆਹ ਹੋਇਆ ਤਾਂ ਕੁੜੀ ਵਾਲੇ ਸੋਚਣਗੇ ਕਿ ਉਹਨਾਂ ਦੀ ਕੁੜੀ ਚੰਗੇ ਘਰ ਆ ਗਈ ਹੈ।" ਕਾਲੀ ਚਾਚੀ ਦੀ ਪਿੱਠ ਥਾਪੜਦਾ ਬੋਲਿਆ:

"ਪੰਦਰਾਂ ਦਿਨਾਂ ਦਾ ਕੰਮ ਹੈ। ਉਸ ਤੋਂ ਬਾਅਦ ਤੂੰ ਮੇਰੇ ਇਕ ਛੱਡ ਦਸ ਵਿਆਹ ਕਰ ਦੇਈਂ।"

"ਤੂੰ ਤਾਂ ਹਰ ਗੱਲ ਠੱਠੇ 'ਚ ਲੈ ਜਾਂਦਾ। ਕਾਕਾ, ਮੈਂ ਸੱਚ ਕਹਿੰਦੀ ਆਂ, ਜਿਸ ਮੁੰਡੇ ਦੇ ਸਿਰ 'ਤੇ ਕੋਈ ਨਾ ਬੈਠਾ ਹੋਵੇ, ਉਹਦੇ ਕੋਲ ਸੋਨੇ ਦੀ ਇੱਟ ਵੀ ਹੋਵੇ ਤਾਂ ਉਹਨੂੰ ਕੋਈ ਕੁੜੀ ਨਹੀਂ ਦਿੰਦਾ।"

"ਚਾਚੀ ਮੈਂ ਤੇਰੀ ਗੱਲ ਮੰਨਦਾਂ। ਪਰ ਪੰਦਰਾਂ ਦਿਨਾਂ 'ਚ ਕੋਈ ਫਰਕ ਨਹੀਂ ਪਊ, ਮੈਂ ਬੁੱਢਾ ਨਹੀਂ ਹੋ ਜਾਣਾ। ਗਲੀ ਵਿੱਚ ਮੇਰੀ ਉਮਰ ਦੇ ਜ਼ਿਆਦਾ ਨਹੀਂ ਤਾਂ ਦੋ ਮੁੰਡੇ ਕੁੰਵਾਰੇ ਹੈਗੇ, ਮੰਗੂ ਅਤੇ ਜੀਤੂ।"

"ਤੂੰ ਉਹਨਾਂ ਦੀ ਗੱਲ ਛੱਡ। ਨਿਹਾਲੀ ਦੇ ਪੱਲੇ ਪੈਸੇ ਹੁੰਦੇ ਤਾਂ ਉਹ ਜੀਤੂ ਦਾ ਵਿਆਹ ਕਈ ਸਾਲ ਪਹਿਲਾਂ ਕਰ ਦਿੰਦੀ। ਬਾਕੀ ਰਹੀ ਮੰਗੂ ਦੀ ਗੱਲ, ਉਹਦੀਆਂ ਦੋ ਕੁੜਮਾਈਆਂ ਛੁੱਟ ਚੁੱਕੀਆਂ। ਸ਼ਰਾਬੀ ਨੂੰ ਅੱਖਾਂ ਨਾਲ ਦੇਖ ਕੇ ਕੋਈ ਕੁੜੀ ਨਹੀਂ ਦਿੰਦਾ।"

ਚਾਚੀ ਜੋਸ਼ ਭਰੀ ਅਵਾਜ਼ ਵਿੱਚ ਬੋਲੀ:

"ਸਾਡੇ ਸਮਿਆਂ 'ਚ ਛੇ ਸਾਲ ਹੱਦ ਦਸ-ਗਿਆਰਾਂ ਸਾਲ ਦੀ ਉਮਰ 'ਚ ਵਿਆਹ ਹੋ ਜਾਂਦਾ ਸੀ। ਕਈ ਮੁੰਡੇ ਕੁੜੀਆਂ ਦੇ ਵਿਆਹ ਤਾਂ ਇਸ ਤੋਂ ਵੀ ਛੋਟੀ ਉਮਰ 'ਚ ਹੋ ਜਾਂਦੇ ਸਨ। ਮੈਂ ਅੱਠਵੇਂ ਸਾਲ ਵਿੱਚ ਸਾਂ ਜਦੋਂ ਮੇਰਾ ਵਿਆਹ ਹੋ ਗਿਆ ਸੀ। ਤੇਰੀ ਮਾਂ ਮੈਤੋਂ ਛੋਟੀ ਉਮਰ ਵਿੱਚ ਵਿਆਹੀ ਗਈ ਸੀ। ਮੁੰਡਾ-ਕੁੜੀ ਦਸ ਸਾਲਾਂ ਤੋਂ ਉੱਪਰ ਹੋ ਜਾਂਦੇ ਤਾਂ ਲੋਕ ਉਂਗਲਾਂ ਚੁੱਕਣ ਲੱਗਦੇ ਸੀ ਕਿ ਕੋਈ ਐਬ ਹੋਊ ਜਿਹੜਾ ਵਿਆਹ ਨਹੀਂ ਹੁੰਦਾ।" ਕਾਲੀ ਚੁੱਪ ਰਿਹਾ ਤਾਂ ਚਾਚੀ ਗੱਲ ਅੱਗੇ ਵਧਾਉਂਦੀ ਬੋਲੀ:

"ਪ੍ਰਸਿੰਨੀ ਇਕ ਕੁੜੀ ਬਾਰੇ ਦੱਸ ਰਹੀ ਸੀ। ਉਹਦੇ ਭਰਾ ਦੇ ਸਾਲੇ ਦੀ ਕੁੜੀ ਆ। ਉਮਰ ਪੰਦਰਾਂ ਸਾਲ ਦਸਦੀ ਆ। ਉਹਦਾ ਪੇ ਗੜ੍ਹੀ ਵਿੱਚ ਜੁੱਤੀਆਂ ਬਣਾਉਂਦਾ। ਕਹਿੰਦੀ ਸੀ ਕੁੜੀ ਦਾ ਅੰਗ-ਰੰਗ ਸਭ ਠੀਕ ਆ। ਤੂੰ ਹਾਂ ਕਹਿ ਦੇਵੇਂ ਤਾਂ ਮੈਂ ਉਹਦੇ ਨਾਲ ਅੱਗੇ ਗੱਲ ਕਰਾਂ।"

"ਅੱਛਾ, ਕੋਠੜੀ ਬਣ ਜਾਵੇ ਤਾਂ ਜਿਸ ਦਿਨ ਤੇਰੀ ਮਰਜ਼ੀ ਮੇਰਾ ਵਿਆਹ ਕਰ ਦੇਈਂ। ਹੁਣ ਤੂੰ ਕੋਠੜੀ 'ਚ ਜਾ ਕੇ ਦੇਖ ਲੈ ਕੋਈ ਚੀਜ਼ ਤਾਂ ਨਹੀਂ ਰਹਿ ਗਈ।"

ਕਾਲੀ ਨੇ ਗੱਲ ਖਤਮ ਕਰਦਿਆਂ ਕਿਹਾ।

ਚਾਚੀ ਡੂੰਘੀ ਸੋਚ ਵਿੱਚ ਬੈਠੀ ਰਹੀ। ਕਾਲੀ ਨੇ ਆਪਣੀ ਗੱਲ ਦੁਹਰਾਈ ਤਾਂ ਉਹਨੇ ਡਿਉਢੀ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਦੀਵਾ ਬਾਲ ਕੇ ਹੱਥ ਵਿੱਚ ਲੈ ਲਿਆ ਅਤੇ ਕਾਲੀ ਨੂੰ ਆਪਣੇ ਪਿੱਛੇ ਆਉਣ ਦਾ ਇਸ਼ਾਰਾ ਕਰਦੀ ਹੋਈ ਕੋਠੜੀ ਵਲ ਵਧ ਗਈ।

ਉਹਨੇ ਕੋਠੜੀ ਦੇ ਦੋਨੋਂ ਦਰ ਬੰਦ ਕਰ ਲਏ ਅਤੇ ਇਕ ਖੂੰਜੇ ਵਿੱਚ ਬੈਠ ਕੇ ਜ਼ਮੀਨ ਨੂੰ ਟੋਹਣ ਲੱਗੀ। ਕਾਲੀ ਉਹਦੇ ਸਿਰ ਉੱਤੇ ਖੜਾ ਹੈਰਾਨੀ ਨਾਲ ਦੇਖ ਰਿਹਾ ਸੀ। ਚਾਚੀ ਉੱਠ ਖੜੀ ਹੋਈ ਅਤੇ ਇਕ ਥਾਂ ਵਲ ਇਸ਼ਾਰਾ ਕਰਦੀ ਹੋਈ ਬੋਲੀ:

"ਆਹ ਦੇਖ, ਪੱਕੀ ਇੱਟ ਆ ਨਾ।" ਕਾਲੀ ਨੇ ਥਾਂ ਨੂੰ ਟੋਹਿਆ ਅਤੇ ਜ਼ੋਰ ਲਾ ਕੇ ਇੱਟ ਬਾਹਰ ਕੱਢ ਲਈ ਅਤੇ ਉਹਨੂੰ ਪਰੇ

ਰੱਖਦਾ ਹੋਇਆ ਬੋਲਿਆ:

"ਆਹ ਲੈ ਇੱਟ।"

ਚਾਚੀ ਨੇ ਉਹਨੂੰ ਪਿੱਛੇ ਹਟਾ ਫਿਰ ਉਸ ਥਾਂ ਨੂੰ ਟੋਹਿਆ। ਹੱਥਾਂ ਨਾਲ ਮਿੱਟੀ ਪੁੱਟਣ ਲੱਗੀ। ਕਾਲੀ ਦਾ ਜਦੋਂ ਗਰਮੀ ਅਤੇ ਘੁਟਣ ਨਾਲ ਸਾਹ ਰੁਕਣ ਲੱਗਾ ਤਾਂ ਉਹ ਉਹ ਚਾਚੀ ਨਾਲ ਕੁਝ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਚਾਚੀ ਕੀ ਹੈ, ਹਟ ਪਾਸੇ, ਮਿੱਟੀ ਮੈਂ ਪੁੱਟ ਦਿੰਦਾਂ।"

"ਠਹਿਰ ਕਾਕਾ।"

ਅਤੇ ਫਿਰ ਉਹ ਉਸ ਥਾਂ ਵਲ ਇਸ਼ਾਰਾ ਕਰਦੀ ਹੋਈ ਬੋਲੀ:

"ਏਥੋਂ ਮਿੱਟੀ ਪਾਸੇ ਕਰ ਦੇ।"

ਕਾਲੀ ਬਾਹਰੋਂ ਰੰਬਾ ਲੈ ਆਇਆ ਅਤੇ ਮਿੱਟੀ ਪੁੱਟਣ ਲੱਗਾ ਤਾਂ ਚਾਚੀ ਬਹੁਤ ਹੌਲੀ ਅਵਾਜ਼ ਵਿੱਚ ਬੋਲੀ।

"ਹੌਲੀ ਹੌਲੀ ਪੁੱਟ। ਰੰਬੇ ਦੀ ਅਵਾਜ਼ ਪ੍ਰੀਤੋ ਦੇ ਘਰ ਤੱਕ ਸੁਣਾਈ ਦਊ।"

ਕਾਲੀ ਹੈਰਾਨੀ ਵਿੱਚ ਡੁੱਬਿਆ ਹੋਇਆ ਚਾਚੀ ਦੇ ਕਹਿਣ ਅਨੁਸਾਰ ਮਿੱਟੀ ਪੁੱਟਦਾ ਰਿਹਾ। ਅੱਧੇ ਘੰਟੇ ਦੀ ਪੁਟਾਈ ਬਾਅਦ ਕਾਲੀ ਨੇ ਜ਼ਮੀਨ ਵਿੱਚੋਂ ਇਕ ਘੜਾ ਕੱਢਿਆ। ਚਾਚੀ ਨੇ ਘੜਾ ਕਾਲੀ ਦੇ ਹੱਥੋਂ ਲੈ ਲਿਆ ਅਤੇ ਆਪਣਾ ਦੁਪੱਟਾ ਜ਼ਮੀਨ ਉੱਤੇ ਵਿਛਾ ਕੇ ਘੜਾ ਉਹਦੇ ਉੱਪਰ ਉਲਟ ਦਿੱਤਾ। ਉਹਦੇ ਵਿੱਚੋਂ ਚਾਂਦੀ ਦੇ ਕੁਛ ਰੁਪਈਏ ਛਣ-ਛਣ ਕਰਦੇ ਹੇਠਾਂ ਆ ਡਿੱਗੇ। ਉਹਨਾਂ ਦੇ ਨਾਲ ਚਾਂਦੀ ਦੀ ਝਾਂਜਰ, ਦੋ ਕਾਂਟੇ, ਚੌਂਕ ਅਤੇ ਫੁੱਲ ਵੀ ਨਿਕਲੇ। ਚਾਚੀ ਨੇ ਗਹਿਣੇ ਵੱਖ ਕਰ ਦਿੱਤੇ ਅਤੇ ਬੋਲੀ:

"ਇਹ ਗਹਿਣੇ ਤੇਰੀ ਮਾਂ ਅਤੇ ਮੇਰੇ ਦੋਹਾਂ ਦੇ ਹਨ। ਪੇਕਿਆਂ ਅਤੇ ਸਹੁਰਿਆਂ ਦਿਉਂ ਸਾਨੂੰ ਦੋਹਾਂ ਨੂੰ ਇਹ ਹੀ ਮਿਲਿਆ ਸੀ। ਇਹ ਰੁਪਈਏ ਗਿਣ। ਪੰਜ ਘੱਟ ਚਾਲੀ ਹੋਣੇ ਚਾਹੀਦੇ ਆ। ਇਹ ਸਾਰੀਆਂ ਚੀਜ਼ਾਂ ਤੇਰੇ ਵਿਆਹ ਲਈ ਦੱਬ ਕੇ ਰੱਖ ਦਿੱਤੀਆਂ ਸਨ। ਇਸ ਨਾਲ ਇਕ ਤਾਂ ਚੋਰੀ-ਚਕਾਰੀ ਦਾ ਫਿਕਰ ਨਹੀਂ ਰਹਿੰਦਾ, ਦੂਜਾ ਪੈਸਾ ਹੱਥ ਵਿੱਚ ਹੋਵੇ ਤਾਂ ਖਰਚ ਹੋ ਜਾਂਦਾ।"

ਚਾਚੀ ਦੀਆਂ ਗੱਲਾਂ ਸੁਣ ਅਤੇ ਆਪਣੇ ਸਾਹਮਣੇ ਪਈਆਂ ਚੀਜ਼ਾਂ ਦੇਖ ਪਹਿਲਾਂ ਤਾਂ ਕਾਲੀ ਦਾ ਮਨ ਖੁਸ਼ ਹੋ ਗਿਆ ਅਤੇ ਫਿਰ ਇਕਦਮ ਹੀ ਬਹੁਤ ਉਦਾਸ ਹੋ ਗਿਆ। ਉਹਦਾ ਜੀਅ ਕੀਤਾ ਕਿ ਚਾਚੀ ਦੇ ਗਲ ਲੱਗ ਫੁੱਟ-ਫੁੱਟ ਕੇ ਰੋਵੇ। ਚਾਚੀ ਨੇ ਸਾਰੀਆਂ ਚੀਜ਼ਾਂ ਨੂੰ ਸਮੇਟਦਿਆਂ ਕਿਹਾ:

"ਤੇਰੇ ਪਿਉ-ਦਾਦੇ ਨੇ ਤੇਰੇ ਲਈ ਇਹ ਹੀ ਜਾਇਦਾਦ ਛੱਡੀ ਹੈ। ਹੁਣ ਤੂੰ ਇਸ ਦਾ ਮਾਲਕ ਆਂ। ਬਸ ਮੈਂ ਏਨਾ ਹੀ ਚਾਹੁੰਦੀ ਆਂ ਕਿ ਤੂੰ ਮੇਰੇ ਜਿਉਂਦੇ ਜੀਅ ਵਿਆਹ ਕਰ ਲੈ। ਮੈਂ ਆਪਣੇ ਵਿਹੜੇ ਵਿੱਚ ਛੰਮ-ਛੰਮ ਕਰਦੀ ਵਹੁਟੀ ਦੇਖ ਲਵਾਂ। ਕਾਕਾ, ਕੀ ਪਤਾ ਸਾਹ ਦੀ ਡੋਰੀ ਕਦੋਂ ਛੁੱਟ ਜਾਵੇ।"

ਇਹ ਕਹਿੰਦਿਆਂ ਚਾਚੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਕਾਲੀ ਚਾਚੀ ਨੂੰ ਕੋਈ ਜੁਆਬ ਦਿੱਤੇ ਬਿਨਾਂ ਹੀ ਬਾਹਰ ਆ ਗਿਆ ਅਤੇ ਡਿਉਢੀ ਵਿੱਚ ਚੱਕਰ ਕੱਢਦਾ ਰਿਹਾ। ਥੋੜ੍ਹੀ ਦੇਰ ਬਾਅਦ ਚਾਚੀ ਦੁਪੱਟੇ ਵਿੱਚ ਸਾਰੀਆਂ ਚੀਜ਼ਾਂ ਸਮੇਟ ਆਪਣੀ ਛਾਤੀ ਨਾਲ ਲਾਈ ਡਿਉਢੀ ਵਿੱਚ ਲੈ ਆਈ ਅਤੇ ਦੁਪੱਟੇ ਨੂੰ ਉਹਦੀ ਵਲ ਕਰਦਿਆਂ ਬੋਲੀ:

"ਲੈ, ਇਹਨਾਂ ਨੂੰ ਸੰਭਾਲ ਲੈ। ਹੁਣ ਤੂੰ ਜਾਣੇ ਤੇਰਾ ਕੰਮ ਜਾਣੇ।"

ਕਾਲੀ ਨੇ ਦੁਪੱਟਾ ਲੈ ਕੇ ਆਪਣੇ ਮੱਥੇ ਨੂੰ ਲਾਇਆ ਅਤੇ ਖਾਮੋਸ਼ੀ ਵਿੱਚ ਰੋਂਦਾ ਹੋਇਆ ਉਹਨਾਂ ਚੀਜ਼ਾਂ ਨੂੰ ਇਕ ਕੱਪੜੇ ਵਿੱਚ ਬੰਨ ਆਪਣੇ ਟਰੰਕ ਵਿੱਚ ਰੱਖ ਲਿਆ।

ਕੁਝ ਦੇਰ ਦੋਨੋਂ ਚੁੱਪ ਰਹੇ। ਕਾਲੀ ਚਾਚੀ ਦੀ ਮੰਜੀ ਕੋਲ ਖਿਆਲਾਂ ਵਿੱਚ ਗੁਆਚਾ ਬੈਠਾ ਰਿਹਾ। ਉਹਨੂੰ ਆਪਣੇ ਦਾਦੇ, ਪਿਉ ਅਤੇ ਚਾਚੇ ਵਿੱਚੋਂ ਕਿਸੇ ਦੀ ਸ਼ਕਲ ਯਾਦ ਨਹੀਂ ਸੀ। ਉਹ ਕੋਸ਼ਿਸ਼ ਕਰ ਰਿਹਾ ਸੀ ਕਿ ਉਹਨਾਂ ਦੀ ਕੋਈ ਤਸਵੀਰ ਆਪਣੇ ਜ਼ਿਹਨ ਵਿੱਚ ਬਣਾ ਸਕੇ। ਉਹਦੀ ਉਦਾਸੀ ਬਹੁਤ ਡੂੰਘੀ ਹੋ ਗਈ ਤਾਂ ਉਹ ਬਾਹਰ ਚਲਾ ਗਿਆ।

ਕਾਲੀ ਦੇ ਜਾਣ ਬਾਅਦ ਚਾਚੀ ਨੇ ਆਪਣਾ ਅਟੇਰਨ ਅਤੇ ਸੂਤ ਚੁੱਕਿਆ ਅਤੇ ਡਿਉਢੀ ਨੂੰ ਜ਼ਿੰਦਾ ਲਾ ਕੇ ਚੌਗਾਨ ਵਲ ਚਲੀ ਗਈ।

ਚੌਗਾਨ ਵਿੱਚ ਜੱਸੋ, ਪ੍ਰੀਤੋ, ਪ੍ਰਸਿੰਨੀ, ਬੰਤੋ, ਪਾਸ਼ੋ, ਨਿਹਾਲੀ, ਬੇਬੇ ਹੁਕਮੀ ਅਤੇ ਗਿਆਨੋ ਬੇਰੀ ਦੇ ਹੇਠਾਂ ਬੈਠੀਆਂ ਸਨ। ਚਾਚੀ ਨੂੰ ਦੇਖਦਿਆਂ ਹੀ ਗਿਆਨੋ ਉੱਠ ਖੜੀ ਹੋਈ ਅਤੇ ਆਪਣੀ ਮਾਂ ਜੱਸੋ ਨੂੰ ਕਹਿਣ ਲੱਗੀ:

"ਮਾਂ, ਮੈਂ ਮੱਝ ਨੂੰ ਪੱਠੇ ਪਾਉਣ ਚੱਲੀ ਆਂ।"

ਚਾਚੀ ਨੇ ਉਹਨੂੰ ਜਾਂਦਿਆਂ ਦੇਖਿਆ ਤਾਂ ਪ੍ਰਸਿੰਨੀ ਨੂੰ ਪੁੱਛਿਆ:

"ਕੌਣ ਗਈ ਆ ਉੱਠ ਕੇ?"

"ਗਿਆਨੋ।"

"ਅੱਛਾ, ਅੱਗ ਲਗ ਜਾਵੇ ਇਹਨਾਂ ਅੱਖਾਂ ਨੂੰ। ਮੈਨੂੰ ਤਾਂ ਚਾਰੇ ਪਾਸੀਂ ਪਰਛਾਂਵੇਂ ਹੀ ਪਰਛਾਂਵੇਂ ਦਿਸਦੇ ਆ।"

ਫਿਰ ਉਹ ਪਿੱਛੇ ਮੁੜ ਕੇ ਦੇਖਦੀ ਬੋਲੀ:

"ਨੀ ਗਿਆਨੋ ਪੁੱਤ! ਪੁੱਤ, ਮੇਰੀ ਗੱਲ ਤਾਂ ਸੁਣ।"

"ਚਾਚੀ ਮੱਝ ਨੂੰ ਪੱਠੇ ਪਾ ਆਵਾਂ।"

ਚਾਚੀ ਅਟੇਰਨ ਨਾਲ ਸੂਤ ਦੀਆਂ ਅੱਟੀਆਂ ਬਣਾਉਣ ਲੱਗੀ।

"ਚਾਚੀ, ਤੇਰਾ ਸੂਤ ਤਾਂ ਬਹੁਤ ਬਰੀਕ ਆ।" ਪ੍ਰਸਿੰਨੀ ਨੇ ਕਿਹਾ ਜੋ ਆਪਣੇ ਫੁੱਲੇ ਹੋਏ ਢਿੱਡ ਕਾਰਨ ਵਾਰ ਵਾਰ ਪਾਸੇ ਬਦਲ ਰਹੀ ਸੀ।

"ਕੱਤ ਲਿਆ ਸੂਤ। ਹੁਣ ਤਾਂ ਤੱਕਲੀ ਵੀ ਨਜ਼ਰ ਨਹੀਂ ਆਉਂਦੀ।" ਚਾਚੀ ਨੇ ਅੱਖਾਂ ਤੋਂ ਪਾਣੀ ਪੂੰਝਦਿਆਂ ਕਿਹਾ।

"ਚਾਚੀ, ਡਿਓਢੀ ਤਾਂ ਬਹੁਤ ਸੋਹਣੀ ਬਣ ਗਈ ਆ।"

"ਹਾਂ ਪੁੱਤ, ਕਾਲੀ ਦੀ ਜ਼ਿੱਦ ਸੀ। ਉਹਦੀ ਮਰਜ਼ੀ।"

"ਹੁਣ ਤੂੰ ਉਹਦਾ ਵਿਆਹ ਕਰ ਦੇ। ਤੇਰੀ ਉਮਰ ਹੁਣ ਕੰਮ ਕਰਨ ਦੀ ਨਹੀਂ।"

"ਪੁੱਤ, ਮੇਰੀ ਕੌਣ ਸੁਣਦਾ। ਮੈਂ ਤਾਂ ਕਹਿ-ਕਹਿ ਕੇ ਹਾਰ ਗਈ ਹਾਂ। ਅੱਜ ਕਹਿੰਦਾ ਸੀ ਕਿ ਕੋਠੜੀ ਪੱਕੀ ਕਰ ਲਵਾਂ। ਉਹਤੋਂ ਬਾਅਦ ਵਿਆਹ ਕਰ ਲਊਂ। ਤੂੰ ਕੋਈ ਰਿਸ਼ਤਾ ਲਿਆ ਨਾ।"

"ਰਿਸ਼ਤੇ ਤਾਂ ਪੰਜਾਹ ਮਿਲ ਸਕਦੇ ਆ ਪਰ ਪਤਾ ਨਹੀਂ ਕਾਲੀ ਨੂੰ ਕੋਈ ਪਸੰਦ ਆਵੇ ਜਾਂ ਨਾ। ਉਹਨੂੰ ਤਾਂ ਆਪਣੀ ਹੈਸੀਅਤ ਦਾ ਘਰ ਚਾਹੀਦਾ।"

ਬੰਤੋ ਦੀ ਗੱਲ ਸੁਣ ਪ੍ਰੀਤੋ ਤਿਨਕ ਕੇ ਬੋਲੀ:

"ਮੁਰੱਬਿਆਂ ਦੇ ਮਾਲਕ ਘਰ ਤਾਂ ਮਿਲਣੋ ਰਹੇ, ਕਿਉਂਕਿ ਹਜ਼ਾਰਾਂ 'ਚ ਇਕ ਚਮਾਰ ਹੀ ਏਦਾਂ ਦਾ ਹੋਊ ਜਿਹਦੇ ਕੋਲ ਜ਼ਮੀਨ ਹੋਊਗੀ। ਹਾਂ, ਮਿਹਨਤ-ਮਜ਼ਦੂਰੀ ਕਰਨ ਵਾਲਾ ਘਰ ਮਿਲ ਸਕਦਾ।"

"ਮੁਰੱਬਿਆਂ ਵਾਲਾ ਘਰ ਕੌਣ ਲੱਭਦਾ। ਹਾਂ, ਕਿਸੇ ਮੰਗਤੇ-ਫਕੀਰ ਦੀ ਕੁੜੀ ਨਹੀਂ ਹੋਣੀ ਚਾਹੀਦੀ। ਬਾਕੀ ਸਭ ਰੱਬ ਜੀ ਦੇ ਹੱਥ ਆ। ਜਿੱਥੇ ਸੰਜੋਗ ਹੋਣਗੇ, ਉੱਥੇ ਹੀ ਵਿਆਹ ਹੋਊ।" ਚਾਚੀ ਡੱਟਵੀਂ ਅਵਾਜ਼ 'ਚ ਕਿਹਾ।

"ਚਾਚੀ, ਇਕ ਕੁੜੀ ਹੈਗੀ ਆ - ਮੇਰੀ ਮਾਸੀ ਦੀ ਭਤੀਜੀ ਪਰ ਰੰਗ ਉਹਦਾ ਪੱਕਾ।" ਬੰਤੋ ਨੇ ਕਿਹਾ।

"ਕਾਲੀ ਕਿਹੜਾ ਅੰਗਰੇਜ਼ ਆ।" ਪ੍ਰੀਤੋ ਬੋਲੀ। ਇਹ ਸੁਣ ਕੇ ਚਾਚੀ ਭੜਕ ਉੱਠੀ।

"ਪ੍ਰੀਤੋ, ਤੂੰ ਸਦਾ ਲਾ ਕੇ ਗੱਲ ਕਰਦੀ ਆਂ। ਚਮਾਰ ਦਾ ਪੁੱਤ ਤਾਂ ਕਾਲਾ ਹੀ ਹੋਊ।"

ਚਾਚੀ ਦੀ ਗੱਲ ਸੁਣ ਕੇ ਸਾਰੀਆਂ ਹੱਸ ਪਈਆਂ। ਪ੍ਰਸਿੰਨੀ ਅਤੇ ਬੰਤੋ ਤਾਂ ਹਾਸੇ ਨਾਲ ਲੋਟ ਪੋਟ ਹੋ ਰਹੀਆਂ ਸਨ। ਪ੍ਰੀਤੋ ਵੀ ਭੜਕ ਪਈ:

"ਚਾਚੀ, ਤੂੰ ਸਦਾ ਦੂਸਰੇ ਦੇ ਸਿਰ ਤੋਂ ਚਾਦਰ ਖਿੱਚਦੀ ਐਂ। ਜਿਹੜਾ ਤੂੰ ਆਪਣੇ ਆਪ ਨੂੰ ਦਾਦੀ ਸਤਿਆਵਤੀ ਸਮਝਦੀ ਐਂ ਨਾ ਉਹ ਵੀ ਜਾਣਦੀ ਆਂ।"

ਪ੍ਰੀਤੋ ਗੱਲ ਅੱਗੇ ਵਧਾਉਣ ਲੱਗੀ ਤਾਂ ਬੇਬੇ ਹੁਕਮੀ ਉਹਨੂੰ ਟੋਕਦੀ ਹੋਈ ਬੋਲੀ:

"ਪ੍ਰੀਤੋ, ਤੂੰ ਤਾਂ ਜਹਾਨ ਭਰ ਦੀ ਬੇਸ਼ਰਮ ਐਂ।"

"ਬੇਬੇ ਬੇਸ਼ਰਮ ਆਂ ਜਾਂ ...। " ਅਤੇ ਫਿਰ ਪ੍ਰੀਤੋ ਗੱਲ ਬਦਲਦੀ ਹੋਈ ਬੋਲੀ:

"ਮੈਂ ਤਾਂ ਠੱਠੇ ਨਾਲ ਕਿਹਾ ਸੀ। ਰੱਬ ਰਾਜ਼ੀ-ਖੁਸ਼ੀ ਰੱਖੇ ਕਾਲੀ ਨੂੰ ... ਲੱਖਾਂ 'ਚੋਂ ਇਕ ਆ। ਪਰ ਬੰਤੋ, ਤੂੰ ਕਿਸ ਕਿਸ ਲਈ ਸਾਕ ਲਿਆਊਂਗੀ। ਹੁਣੇ ਜਿਹੇ ਜੀਤੂ ਦੀ ਕੁੜਮਾਈ ਕਰਾਉਂਦੀ ਸੀ। ਹੁਣ ਕਾਲੀ ਦੀ ਗੱਲ ਕਰਦੀ ਐਂ। ਕੀ ਇਕ ਹੀ ਕੁੜੀ ਨੂੰ ਸਾਰੀ ਥਾਂਈਂ ਘੁੰਮਾਈ-ਫਿਰਾਈ ਜਾਂਦੀ ਐਂ।"

"ਜੀਤੂ ਦੀ ਕੁੜਮਾਈ ਦੀ ਗੱਲ ਤਾਂ ਪੱਕੀ ਆ; ਕਿਉਂ ਤਾਈ?" ਬੰਤੋ ਨੇ ਜੀਤੂ ਦੀ ਮਾਂ ਨਿਹਾਲੀ ਵਲ ਦੇਖਦਿਆਂ ਕਿਹਾ।

"ਹਾਂ, ਬੀਬਾ। ਪੱਕੀ ਹੀ ਸਮਝ। ਜਦੋਂ ਉਹਦੇ ਮੂੰਹ ਨੂੰ ਛੁਆਰਾ ਲੱਗ ਜਾਊ ਤਾਂ ਹੀ ਸਮਝੂੰਗੀ ਗੱਲ ਪੱਕੀ ਹੈ।"

"ਮੁਹੱਲੇ 'ਚ ਵਿਆਹ ਲਾਇਕ ਮੁੰਡੇ ਅਤੇ ਕੁੜੀਆਂ ਬਹੁਤ ਨੇ।" ਪ੍ਰੀਤੋ ਗਿਣਦੀ ਹੋਈ ਬੋਲੀ।

"ਕਾਲੀ, ਜੀਤੂ, ਮੰਗੂ, ਬੱਗਾ, ਨੱਥੂ ਅਤੇ ਕੁੜੀਆਂ 'ਚ ਗਿਆਨੋ, ਚਮੇਲੀ, ਬੇਦੋ, ਨਸੀਬੋ ਅਤੇ ..."

"ਤੂੰ ਆਪਣੀ ਲੱਛੋ ਅਤੇ ਅਮਰੂ ਦਾ ਨਾਂ ਕਿਉਂ ਨਹੀਂ ਲੈਂਦੀ।"

ਜੱਸੋ ਨੇ ਆਪਣੇ ਮੁੰਡੇ ਅਤੇ ਕੁੜੀ ਦਾ ਨਾਂ ਸੁਣ ਕੇ ਕਿਹਾ:

"ਉਹ ਹਾਲੇ ਛੋਟੇ ਆ। ਅਮਰੂ ਦਾ ਤਾਂ ਭਾਬੀ ਨੇ ਹਾਲੇ ਪਰੂੰ ਹੀ ਦੁੱਧ ਛੁਡਵਾਇਆ।" ਪ੍ਰਸਿੰਨੀ ਨੇ ਹਸਦਿਆਂ ਕਿਹਾ।

ਬੇਬੇ ਹੁਕਮੀ ਰੱਬ ਨੂੰ ਯਾਦ ਕਰਦੀ ਹੋਈ ਬੋਲੀ:

"ਹੁਣ ਮੁੰਡੇ ਕੁੜੀਆਂ ਨੂੰ ਅੱਧੇ ਬੁੱਢੇ ਕਰ ਕੇ ਵਿਆਹੁਣ ਦਾ ਰਿਵਾਜ਼ ਹੋ ਗਿਆ। ... ਅਜੇ ਤੱਕ ਤਾਂ ਸਾਰੇ ਚੰਗੇ ਆ ਪਰ ਦੁੱਧ ਅਤੇ ਬੁੱਧ ਨੂੰ ਭਰਸ਼ਟ ਹੁੰਦਿਆਂ ਬਹੁਤਾ ਚਿਰ ਨਹੀਂ ਲੱਗਦਾ।"

ਪ੍ਰੀਤੋ ਪ੍ਰਸਿੰਨੀ ਦੇ ਫੁੱਲੇ ਹੋਏ ਢਿਡ ਵੱਲ ਦੇਖਦੀ ਹੋਈ ਬੋਲੀ:

"ਐਤਕੀਂ ਤਾਂ ਮੁਹੱਲੇ 'ਚ ਪੁਆਰਾ ਪੈਣ ਵਾਲਾ। ਅੱਸੂ ਦੇ ਮਹੀਨੇ 'ਚ ਬੰਤੋ, ਪ੍ਰਸਿੰਨੀ, ਧੰਨੋ ਅਤੇ ਕਰਮੀ ਦੇ ਘਰ ਨਿਆਣੇ ਹੋਣਗੇ।"

"ਤੂੰ ਆਪਣੇ ਆਪ ਨੂੰ ਕਿਉਂ ਭੁੱਲ ਰਹੀਂ ਐਂ! ਢਿੱਡ ਤਾਂ ਤੇਰਾ ਵੀ ਸ਼ਹਿਦ ਦੇ ਛੱਤੇ ਵਾਂਗ ਵਧਿਆ ਹੋਇਆ।"

ਪ੍ਰਸਿੰਨੀ ਨੇ ਇਹ ਕਹਿ ਕੇ ਬੰਤੋ ਦੇ ਕੰਨ ਵਿੱਚ ਕੁਝ ਕਿਹਾ ਅਤੇ ਦੋਨੋਂ ਹਾਸੇ ਨਾਲ ਲੋਟ-ਪੋਟ ਹੋਣ ਲੱਗੀਆਂ। ਬੇਬੇ ਹੁਕਮੀ ਨੇ ਉਹਨਾਂ ਨੂੰ ਟੋਕਦਿਆਂ ਕਿਹਾ:

"ਕਿਉਂ ਹਿੜ-ਹਿੜ ਲਾ ਰੱਖੀ ਆ ਨੀ।"

"ਭਾਈ ਇਹਨਾਂ ਦੇ ਦਿਨ ਆ ਹੱਸਣ ਦੇ। ਆਪਣੀ ਜਵਾਨੀ 'ਚ ਤੂੰ ਵੀ ਇਸ ਤਰ੍ਹਾਂ ਹਸਦੀ ਹੋਣੀ ਐਂ।"

"ਨਾ ਬੀਬਾ, ਉਹਨੀਂ ਦਿਨੀਂ ਹਰ ਘਰ 'ਚ ਸੱਸ ਦਾ ਪਹਿਰਾ ਹੁੰਦਾ ਸੀ। ਹੁਣ ਤਾਂ ਸੱਸ ਘਰ 'ਚ ਕਿਸੇ ਗਿਣਤੀ 'ਚ ਨਹੀਂ। ਉਹਨੀਂ ਦਿਨੀਂ ਛੇ ਛੇ ਮਹੀਨੇ ਆਪਣੇ ਮਰਦ ਨਾਲ ਗੱਲ ਕਰਨ ਦਾ ਮੌਕਾ ਨਹੀਂ ਸੀ ਮਿਲਦਾ। ਅੱਜਕੱਲ੍ਹ ਤਾਂ ਉਠਦੇ-ਬੈਠਦੇ ਆਪਣੇ ਮਰਦਾਂ ਦੇ ਕੰਨਾਂ 'ਚ ਫੂਕਾਂ ਮਾਰਦੀਆਂ ਰਹਿੰਦੀਆਂ।" ਬੇਬੇ ਹੁਕਮੀ ਨੇ ਕਿਹਾ।

"ਬੇਬੇ, ਸੁਣਿਆ ਜਦੋਂ ਤੂੰ ਜਵਾਨ ਹੁੰਦੀ ਸੀ ਤਾਂ ਤੇਰੇ ਆਦਮੀ ਦੀਆਂ ਲੱਤਾਂ 'ਚ ਰੋਜ਼ ਰਾਤ ਨੂੰ ਦਰਦ ਹੁੰਦਾ ਸੀ ਅਤੇ ਜਦੋਂ ਤੂੰ ਘੁੱਟਦੀ ਸੀ ਤਾਂ ਉਹਨੂੰ ਆਰਾਮ ਆਉਂਦਾ ਸੀ।"

ਪ੍ਰੀਤੋ ਦੀ ਇਹ ਗੱਲ ਸੁਣ ਕੇ ਸਾਰੀਆਂ ਹੱਸਣ ਲੱਗੀਆਂ। ਬੇਬੇ ਹੁਕਮੀ ਗਾਲ੍ਹਾਂ ਕੱਢਦੀ ਹੋਈ ਆਪਣੀ ਲਾਠੀ ਟੋਹਣ ਲੱਗੀ ਤਾਂ ਤਾਈ ਨਿਹਾਲੀ ਪ੍ਰੀਤੋ ਨੂੰ ਝਿੜਕਦੀ ਹੋਈ ਬੋਲੀ:

"ਪ੍ਰੀਤੋ, ਤੇਰੇ ਅਰਗੀ ਬੇਸ਼ਰਮ ਮੈਂ ਅੱਜ ਤੱਕ ਨਹੀਂ ਦੇਖੀ।"

ਸਾਰੀਆਂ ਅਜੇ ਹੱਸ ਹੀ ਰਹੀਆਂ ਸਨ ਕਿ ਕਾਲੀ ਆ ਗਿਆ। ਉਹ ਚਾਚੀ ਦੇ ਕੋਲ ਆ ਕੇ ਬੋਲਿਆ:

"ਚਾਚੀ, ਡਿਉਢੀ ਦੀ ਚਾਬੀ ਦਈਂ।"

"ਕਾਲੀ, ਵਧਾਈ ਹੋਵੇ, ਤੇਰੀ ਡਿਉਢੀ ਤਾਂ ਹਵੇਲੀ ਦੀ ਡਿਉਢੀ ਲੱਗਦੀ ਹੈ।"

ਤਾਈ ਨੇ ਕਿਹਾ। ਕਾਲੀ ਜੁਆਬ ਵਿੱਚ ਮੁਸਕਰਾਉਂਦਾ ਹੋਇਆ ਮੁੜ ਗਿਆ।

ਕਾਲੀ ਦੇ ਜਾਣ ਬਾਅਦ ਚਾਚੀ ਵੀ ਉੱਠ ਖੜੀ ਹੋਈ ਤਾਂ ਪ੍ਰੀਤੋ ਬੋਲੀ:

"ਭਾਬੀ, ਕੀ ਅੰਦਰ ਸੋਨੇ ਦੀਆਂ ਇੱਟਾਂ ਦੱਬੀਆਂ ਹੋਈਆਂ ਜਿਹੜਾ ਦਿਨੇ ਵੀ ਜ਼ਿੰਦਾ ਲਾ ਕੇ ਰੱਖਦੀ ਐਂ।"

"ਹਾਂ, ਪ੍ਰੀਤੋ, ਚੋਰ-ਉਚੱਕਿਆਂ ਤੋਂ ਜ਼ਿੰਦਾ ਲਾਉਣਾ ਹੀ ਪੈਂਦਾ।"

ਚਾਚੀ ਚਲੀ ਗਈ, ਤਾਂ ਪ੍ਰੀਤੋ ਨੱਕ ਚੜ੍ਹਾ ਕੇ ਬੋਲੀ:

"ਚਾਚੀ-ਭਤੀਜੇ ਦੋਹਾਂ ਦਾ ਦਿਮਾਗ ਖਰਾਬ ਹੋ ਗਿਆ ਹੈ।"*** (ਚਲਦਾ) **(ਅਨੁਵਾਦ ਸੁਖਵੰਤ ਹੁੰਦਲ)**

# ਕਵਿਤਾਵਾਂ

## *ਦਰਸ਼ਨ ਗਿੱਲ*

### ਕਵਿਤਾ

ਕਵਿਤਾ ਤੇਰਾ ਕੀ ਬਣੇਗਾ ?

ਉਂਝ ਤੇ ਤੂੰ ਸਦੀਵੀ ਸੱਚ ਨੂੰ
ਰੂਪਮਾਨ ਕਰਦੀ
ਸਦੀਆ ਤੋਂ ਉਤਰਦੀ ਰਹੀਂ ਹੈਂ!

ਕਦੀ ਵਕਤ ਸੀ
ਤੈਨੂੰ ਸਿੰਘਾਸਣ ਤੇ ਬਿਠਾ
ਲੋਕ ਤੇਰੀ ਆਰਤੀ ਉਤਾਰਦੇ ਸਨ!

ਤੇ ਤੂੰ ਸਦੀ ਦਰ ਸਦੀ
ਆਪਣੀ ਨਾਜ਼ਕ ਕਾਇਆ 'ਚ ਲਿਪਟੀ
ਕਦੀ ਕਲਾਸਕੀ, ਕਦੀ ਰੋਮਾਂਚਕ
ਤੇ ਕਦੀ ਯਥਾਰਥੀ ਰੂਪ ਅਪਣਾਉਂਦੀ
ਮਟਕ ਨਾਲ ਉਤਰਦੀ ਰਹੀ!

ਪਰ ਇਹ ਕੇਹੇ ਸਮੇਂ ਆ ਗਏ
ਕਿ.........
ਲੋਕ ਤੈਨੂੰ ਬੁੱਤ ਸਮਝ
ਛੈਣੀਆਂ ਨਾਲ ਘੜਣ ਲਗ ਪਏ ਨੇ!

ਕਵਿਤਾ ਤੇਰਾ ਕੀ ਬਣੇਗਾ?

ਤੂੰ ਸੋਚਦੀ ਹੋਵੇਂਗੀ
ਕਿ ਕਿਥੇ ਚਲੇ ਗਏ ਨੇ
ਸ਼ੈਲੇ, ਬਾਇਰਨ, ਕੀਟਸ
ਕਿਧਰ ਤੁਰ ਗਏ ਨੇ
ਮਿਲਟਨ, ਟੈਨੀਸਨ, ਬਲੇਕ
ਕਿਥੇ ਛੁਪ ਗਿਆ ਹੈ ਇਲੀਅਟ?

ਕਵਿਤਾ ਤੂੰ ਝੂਰ ਰਹੀ ਹੋਵੇਂਗੀ
ਅੰਮ੍ਰਿਤਾ, ਮੋਹਨ ਸਿੰਘ, ਸ਼ਿਵ ਨੂੰ
ਬੁਲੇ, ਵਾਰਸ, ਦਮੋਦਰ ਨੂੰ
ਨਾਨਕ, ਕਬੀਰ, ਰਵਿਦਾਸ ਨੂੰ!

ਕਵਿਤਾ ਤੇਰਾ ਕੀ ਬਣੇਗਾ?

## ਦੋ ਕਵਿਤਾਵਾਂ

## ਨਦੀਮ ਪਰਮਾਰ

### ਸਵਾਲ

"ਅਸੀਂ ਅਮਨ ਚਾਹੁੰਦੇ ਹਾਂ"
ਇਕ ਇਜ਼ਰਾਇਲੀ ਔਰਤ ਟੀ. ਵੀ. 'ਤੇ
ਹਮਾਸ ਵਲੋਂ ਸੁੱਟੇ ਰਾਕਟ ਨਾਲ
ਘਰ ਦੀਆਂ ਤਾਕੀਆਂ ਦੇ ਸ਼ੀਸ਼ਿਆਂ ਵਿੱਚ
ਸੱਤ ਕੁ ਹੋਏ ਸੁਰਾਖ਼ ਵਿਖਾਉਂਦੀ
ਕਹਿ ਰਹੀ ਸੀ –
"ਇੱਥੇ ਮੇਰੇ ਬੱਚੇ ਸੌਂਦੇ ਹਨ।"

ਪਰ, ਉਸ ਦਾ ਆਪਣਾ ਪਤੀ
ਗਾਜ਼ਾ ਸ਼ਹਿਰ 'ਤੇ
ਬੰਬਾਰੀ ਕਰ ਕੇ
ਲੋਕਾਂ ਦੇ ਘਰਾਂ ਨੂੰ
ਤਹਿਸ ਨਹਿਸ ਕਰ ਰਿਹਾ ਸੀ।

"ਕੀ ਸੱਤ ਕੁ ਸੁਰਾਖਾਂ ਬਦਲੇ
ਸੱਤ ਸੌ ਤੋਂ ਵੱਧ
ਮਾਸੂਮ ਬੱਚੇ, ਬੁੱਢੇ ਤੇ ਔਰਤਾਂ
ਬੇ ਰਹਿਮੀ ਨਾਲ ਮਾਰ ਦੇਣੇ
ਜਾਇਜ਼ ਹਨ?
ਜੇ ਹਨ,
ਤਾਂ ਕਿਉਂ? ਤੇ ਕਿੱਥੋਂ ਤੱਕ?"

### ਕੀ ਪਤਾ

ਕੀ ਪਤਾ ਜਦੋਂ
'ਵਾਈਟ ਹਾਊਸ' ਦੀ ਨੀਂਹ ਪੁੱਟੀ ਗਈ
ਕਿਸੇ ਕਾਲੇ ਗੁਲਾਮ ਨੇ
ਕਿਸੇ ਅਫਰੀਕਨ ਬੋਲੀ ਵਿੱਚ ਕਿਹਾ ਹੋਵੇ
"ਸਾਥੀਓ! ਆਓ
ਗੁਲਾਮੀ ਦੇ ਮਕਬਰੇ ਦੀ ਨੀਂਹ ਪੁੱਟੀਏ"

ਤੇ ਫਿਰ ਪੱਥਰ ਚਿਣਦਿਆਂ
ਅੱਧਖੜ੍ਹ ਕਾਲੇ ਗੁਲਾਮ ਨੇ
ਹੋਕਾ ਭਰ ਕਿਹਾ ਹੋਵੇ
"ਬਰਾਬਰਤਾ ਦਾ ਨੀਂਹ ਪੱਥਰ ਰੱਖੀਏ।"

'ਵਾਈਟ ਹਾਊਸ' ਦੇ ਤਿਆਰ ਹੋਣ ਬਾਅਦ
ਕਿਸੇ ਬਿਰਧ ਕਾਲੇ ਗੁਲਾਮ ਨੇ
ਹਸਰਤ ਭਰੀਆਂ ਨਜ਼ਰਾਂ ਨਾਲ ਤਕ
ਦੁਆ ਕੀਤੀ ਹੋਵੇ
"ਇਸ ਵਿੱਚ ਸਾਡੀ ਵੀ ਆਲ-ਓਲਾਦ ਵਸੇ
ਤੇ ਹਕੂਮਤ ਕਰੇ।"

ਓਬਾਮਾ, ਸ਼ਾਇਦ!
ਉਸ ਹੌਕੇ ਤੇ ਦੁਆ ਦਾ ਫਲ ਸਰੂਪ ਹੈ
"ਆਹ ਨੂੰ ਅਸਰ ਲਈ ਇਕ ਉਮਰ ਚਾਹੀਦੀ
ਤੇ ਦੁਆ ਨੂੰ,
ਸਦੀਆਂ।"

ਲੇਖ

# ਰੱਬ ਇਕ ਵਹਿਮ ਦਾ ਨਾਂ ਹੈ ਤੇ ਧਰਮ ਹੈ ਜੰਜਾਲ਼।

ਜਸਵਿੰਦਰ ਸੰਧੂ

***ਤਰਕਸ਼ੀਲ (Rationalist) ਸੁਸਾਇਟੀ ਆਫ ਕਨੇਡਾ, ਟਰਾਂਟੋ।***

jaswindersandhu@rogers.com

ਬਹੁਤ ਵਾਰ ਸੁਣਦੇ ਹਾਂ ਕਿ ਆਹ ਪੈਗੰਬਰ ਦੁਨੀਆ 'ਚ ਆਇਆ ਤੇ ਉਸ ਨੇ ਲੋਕਾਂ ਨੂੰ ਵਹਿਮਾਂ-ਭਰਮਾਂ 'ਚੋਂ ਕੱਢਣ ਲਈ ਆਹ ਕੁੱਝ ਕੀਤਾ। ਇਸ ਦੇ ਨਾਲ ਹੀ ਇਹ ਵੀ ਲਪੇਟ ਕੇ ਪਰੋਸਿਆ ਜਾਂਦਾ ਹੈ ਕਿ ਸਾਡੇ ਪੀਰ-ਪੈਗੰਬਰ, ਗੁਰੂ, ਮਸੀਹੇ ਜਾਂ ਅਚਾਰੀਆਂ ਨੇ ਸਿਰਫ ਇੱਕ ਰੱਬ ਦਾ ਪੈਗਾਮ ਦਿੱਤਾ ਹੈ ਜੋ ਸਭ ਲੋਕਾਈ ਜਾਂ ਦੁਨੀਆ ਨੂੰ ਪ੍ਰਚੱਲਿਤ ਵਹਿਮਾਂ-ਭਰਮਾਂ 'ਚੋਂ ਬਾਹਰ ਕੱਢਣ ਦਾ ਸਰਬੋਤਮ ਵਿਚਾਰ ਹੈ। ਕਿਸੇ ਦਾ ਦਾਹਵਾ ਹੈ ਕਿ ਇਹ ਕੁਦਰਤ ਦਾ ਕਾਨੂੰਨ ਹੈ; ਕਿਸੇ ਦਾ ਇਹ ਕਿ ਸਾਡੇ ਗੁਰੂ ਨੇ ਜਾਤ-ਪਾਤ ਨੂੰ ਪਛਾੜਿਆ ਜਾਂ ਸਾਡੇ ਪੈਗੰਬਰ ਨੇ ਤਾਂ ਬੁੱਤ-ਪੂਜਨੀਕਾਂ ਨੂੰ ਅਕਲ ਦਿੱਤੀ ਹੈ ਤੇ ਉਨ੍ਹਾਂ ਨੂੰ ਇਨ੍ਹਾਂ ਵਹਿਮਾਂ ਤੋਂ ਨਿਜਾਤ ਦੁਆਈ। ਸਭ ਧਾਰਮਿਕ ਕਿਤਾਬਾਂ ਦੇ ਦਾਹਵੇਦਾਰ ਆਪਣੀ ਆਪਣੀ ਕਿਤਾਬ ਨੂੰ ਦੁਨੀਆ ਦੀ ਅੱਲੋਕਾਰੀ ਤੇ ਸਭ ਤੋਂ ਜ਼ਰੂਰੀ, ਸੱਚੀ-ਸੁੱਚੀ ਤੇ ਰੱਬ ਵੱਲੋਂ ਭੇਜੀ ਸੌਗਾਤ ਕਹਿੰਦੇ ਹਨ। ਇਨ੍ਹਾਂ ਦਾਹਵੇਦਾਰਾਂ ਦਾ ਇੱਕ ਹੋਰ ਕਮਾਲ ਇਹ ਹੈ ਕਿ ਇਹ ਇਨ੍ਹਾਂ ਚੀਜ਼ਾਂ ਦਾ ਸਬੂਤ ਦੇਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਉਨ੍ਹਾਂ ਦੀ ਇਹ ਕਿਤਾਬ ਕਿਸ ਤਰ੍ਹਾਂ ਸਭ ਤੋਂ ਵਧੀਆ ਹੈ, ਬੱਸ ਸਿਰਫ ਦੱਸਦੇ ਹਨ। ਜੇ ਤੁਹਾਨੂੰ ਇਹ ਗੱਲ ਸਮਝਣ 'ਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਉਹ ਤੁਹਾਨੂੰ ਗਾਲ਼ਾਂ ਨਾਲ, ਘਸੁੰਨਾਂ ਨਾਲ ਜਾਂ ਹਥਿਆਰਾਂ ਨਾਲ ਸਮਝਾ ਸਕਦੇ ਹਨ।

ਕਈ ਵਹਿਮਾਂ-ਭਰਮਾਂ ਨੂੰ ਕਈ ਧਰਮਾਂ ਵਾਲੇ ਨਕਾਰਦੇ ਵੀ ਹਨ ਜਾਂ ਉਨ੍ਹਾਂ ਦੇ ਸਬੂਤਾਂ ਦੀ ਹੋਂਦ ਤੋਂ ਇਨਕਾਰੀ ਹਨ, ਪਰ ਤਕਰੀਬਨ ਹਰ ਧਰਮ ਦੀ ਜੜ੍ਹ ਵਿੱਚ ਜੋ 'ਰੱਬ' ਦਾ ਵਿਚਾਰ ਹੈ ਉਸ ਨੂੰ ਉਹ ਬਗੈਰ ਕਿਸੇ ਸਬੂਤ ਦੇ ਮੰਨੀ ਜਾਂਦੇ ਹਨ ਤੇ ਮੰਨਣ ਲਈ ਕਹਿੰਦੇ ਵੀ ਹਨ। ਪਰ ਕੀ ਰੱਬ ਦੇ ਸਬੂਤ ਦੀ ਜ਼ਰੂਰਤ ਹੈ? ਹਾਂ, ਬਿਲਕੁੱਲ ਹੈ ਕਿਉਂਕਿ ਇਹ ਇੱਕ ਅਦਿੱਖ ਤੇ ਅਜੀਬ ਸ਼ਕਤੀ ਮੰਨੀ ਗਈ ਹੈ ਜੋ ਵੱਖ ਵੱਖ ਧਰਮਾਂ ਮੁਤਾਬਿਕ ਵੱਖ ਵੱਖ ਸ਼ਕਤੀਆਂ ਜਾਂ ਕਰਾਮਾਤਾਂ ਦੀ ਯੋਗਤਾ ਰੱਖਦੀ ਦੱਸੀ ਜਾਂਦੀ ਹੈ। ਅਦਵੈਤ ਵਿਚਾਰਧਾਰਾ ਤੇ ਸਿੱਖ ਧਰਮ ਤਾਂ ਇਸ ਨੂੰ ਨਿਰਗੁਣ ਦੀ ਵਿਆਖਿਆ ਦਿੰਦੇ ਹਨ, ਜਿਸਦਾ ਮਤਲਬ ਹੈ ਕਿ ਰੱਬ ਅਜਿਹੀ ਸ਼ਕਤੀ ਹੈ ਜਿਸ ਨੂੰ ਗੁਣ ਨਾਲ ਜੋੜ ਕੇ ਵੇਖਣ ਜਾਂ ਸਮਝਣ ਨਾਲ ਉਸ ਦੀ ਸ਼ਕਤੀ ਸੀਮਤ ਹੋ ਜਾਂਦੀ ਹੈ। ਉਦਾਹਰਣ ਲਈ ਜੇ ਅਸੀਂ ਰੱਬ ਨੂੰ ਮਿੱਠਾ ਕਹੀਏ ਤਾਂ ਇਸ ਦਾ ਮਤਲਬ ਇਹ ਵੀ ਨਿਕਲ ਸਕਦਾ ਹੈ ਕਿ ਉਹ ਕੌੜਾ ਨਹੀਂ ਹੋ ਸਕਦਾ, ਪਰ ਫਿਰ ਤਾਂ ਇਸ ਰੱਬ ਦੀ ਸ਼ਕਤੀ ਛੋਟੀ ਰਹਿ ਗਈ, ਸੋ ਨਿਰਗੁਣ ਹੀ ਸਰਬਸ਼ਕਤੀਮਾਨ ਲਈ ਫਿੱਟ ਹੈ। ਇਸ ਲਈ ਰੱਬ ਦੀ ਕਲਪਨਾ ਨਿਰਗੁਣ ਨਾਲ ਹੀ ਹੋ ਸਕਦੀ ਹੈ, ਗੁਣਾਂ ਨਾਲ ਨਹੀਂ। ਇਹ ਸਮਝਿਆ ਜਾਂਦਾ ਹੈ ਕਿ ਉਹ ਸਭ ਚੀਜ਼ਾਂ ਜਾਂ ਸ਼ਕਤੀਆਂ 'ਚ ਪੂਰਾ ਹੈ। ਕਿੰਨਾ ਖ਼ੂਬਸੂਰਤ ਖਿਆਲ ਹੈ, ਪਰ ਅਫਸੋਸ! ਹੈ ਇਹ ਸਿਰਫ ਇੱਕ ਖਿਆਲ ਹੀ ਕਿਉਂਕਿ ਇਸ 'ਚੀਜ਼' ਦੀ ਹੋਂਦ ਨਹੀਂ ਹੈ।

ਬਹੁਤ ਲੋਕਾਂ ਦਾ ਖਿਆਲ ਹੈ ਕਿ ਜੇ ਕੋਈ ਕਹੇ ਕਿ ਰੱਬ ਦੀ ਕੋਈ ਹੋਂਦ ਨਹੀਂ ਹੈ ਤਾਂ ਉਸ ਨੂੰ ਇਸ ਗੱਲ ਦਾ ਸਬੂਤ ਦੇਣਾ ਚਾਹੀਦਾ ਹੈ। ਇਹ ਬਹੁਤ ਹੀ ਚੰਗਾ ਵਿਚਾਰ ਹੈ, ਪਰ ਰੱਬ ਦਾ ਸਬੂਤ ਤਾਂ ਦੇਈਏ ਜੇ ਉਹ ਹੋਵੇ। ਇਸ ਦੇ ਹੋਣ ਦੇ ਸਬੂਤ ਦੇਣ ਦਾ ਜ਼ਿੰਮਾ ਉਨ੍ਹਾਂ ਦਾ ਹੈ ਜੋ ਇਹ ਦਾਹਵਾ ਕਰਦੇ ਹਨ ਕਿ ਰੱਬ ਹੈ ਤੇ ਫਿਰ ਰੱਬ ਦੀਆਂ ਪਰੀਭਾਸ਼ਾਵਾਂ ਨਾਲ ਆਪੋ-ਆਪਣੇ ਗ੍ਰੰਥ ਭਰ ਦਿੰਦੇ ਹਨ। ਵੈਸੇ ਇਹ ਸਬੂਤ ਉਨ੍ਹਾਂ ਮੁਢਲੇ ਗੁਰੂਆਂ, ਪੀਰਾਂ-ਪੈਗੰਬਰਾਂ, ਮਸੀਹਿਆਂ ਜਾਂ ਅਚਾਰੀਆਂ ਨੂੰ ਦੇਣੇ ਚਾਹੀਦੇ ਸਨ ਆਪਣੀਆਂ ਰੱਬ ਦੀਆਂ ਪਰੀਭਾਸ਼ਾਵਾਂ ਤੋਂ ਤੁਰੰਤ ਪਿੱਛੋਂ ਤਾਂ ਜੋ ਲੋਕਾਂ ਨੂੰ ਉਨ੍ਹਾਂ ਦਾ ਤਰਕ ਸਮਝ ਆਉਂਦਾ। ਪਰ ਅਜੇ ਵੀ ਕੋਈ ਮੁਸ਼ਕਿਲ ਨਹੀਂ ਜੇ ਉਨ੍ਹਾਂ ਦੇ ਪੈਰੋਕਾਰ ਹੁਣ ਉਹ ਸਬੂਤ ਪੇਸ਼ ਕਰ ਸਕਣ ਤਾਂ ਸਾਨੂੰ ਉਨ੍ਹਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਇਹੀ ਵਿਗਿਆਨਕ ਤਰੀਕਾ ਹੈ। ਬੱਚਿਆਂ ਨੂੰ ਸਾਇੰਸ ਪੜ੍ਹਾਉਂਦੇ ਸਮੇਂ ਵੀ ਇਹੀ ਸਿਖਾਇਆ ਜਾਂਦਾ ਹੈ ਕਿ ਜਦੋਂ ਕਿਸੇ ਚੀਜ਼ ਦੀ ਪਰੀਭਾਸ਼ਾ ਦੇਣੀ ਹੈ ਤਾਂ ਉਸ ਤੋਂ ਬਾਅਦ ਨਾਲ ਹੀ ਉਸ ਦੀਆਂ ਉਦਾਹਰਣਾਂ ਵੀ ਦਿੱਤੀਆਂ ਜਾਣ ਤਾਂ ਜੋ ਤੁਹਾਡੀ ਲਿਖੀ ਪਰੀਭਾਸ਼ਾ ਸਮਝਣ 'ਚ ਕੋਈ ਮੁਸ਼ਕਿਲ ਨਾ ਆਵੇ। ਰੱਬ ਦਾ ਸਬੂਤ ਦੇਣ ਵਾਲਾ ਪਹਿਲਾ ਇਨਸਾਨ ਘੱਟੋ-ਘੱਟ ਇੱਕ ਨੋਬਲ ਪੁਰਸਕਾਰ ਦਾ ਹੱਕਦਾਰ ਜ਼ਰੂਰ ਹੋਵੇਗਾ।

ਹੁਣ ਵਿਚਾਰ ਇਹ ਕਰੀਏ ਕੀ ਸਬੂਤ ਹੋ ਸਕਦਾ ਹੈ? ਜਵਾਬ ਹੈ-ਨਹੀਂ, ਕਿਉਂਕਿ ਜਦੋਂ ਰੱਬ ਹੈ ਹੀ ਨਹੀਂ ਹੈ ਤਾਂ ਸਬੂਤ ਕਿਸ ਤਰ੍ਹਾਂ ਮਿਲ ਸਕਦਾ ਹੈ? ਜੇ ਰੱਬ ਇੱਕ ਸਚਾਈ ਹੁੰਦਾ ਜਾਂ ਹੁੰਦੀ ਤਾਂ ਹੁਣ ਤੱਕ ਉਸ ਦਾ ਸਬੂਤ ਵੀ ਲੱਭ ਜਾਣਾ ਸੀ ਬਲਕਿ ਉਨ੍ਹਾਂ ਪੀਰਾਂ ਨੇ ਹੀ ਦੇ ਜਾਣਾ ਸੀ ਜਿਨ੍ਹਾਂ ਨੇ ਸਾਡੀਆਂ ਧਾਰਮਿਕ ਪੋਥੀਆਂ ਜਾਂ ਗਰੰਥ ਲਿਖੇ ਸਨ। ਵੈਸੇ ਇਹ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਸਬੂਤ ਦੇਵੇ ਜੋ ਨਵਾਂ ਵਿਚਾਰ ਪੇਸ਼ ਕਰਦਾ ਹੈ। ਜੇ ਬਾਕੀ ਸਾਇੰਸਦਾਨ ਜਾਂ ਫਿਲਾਸਫਰ ਪੇਸ਼ਕਰਤਾ ਦੁਆਰਾ ਪੇਸ਼ ਕੀਤੇ ਸਬੂਤਾਂ ਨੂੰ ਮੰਨ ਲੈਣ ਤਾਂ ਉਹ ਸਬੂਤ ਫਿਰ ਪਰਖਿਆ ਜਾਂਦਾ ਹੈ ਤੇ ਪਰਖ ਸਫਲ ਹੋਣ ਤੋਂ ਬਾਅਦ ਫਿਰ ਉਸ ਨੂੰ ਇੱਕ ਸਿਧਾਂਤ ਦੇ ਤੌਰ ਤੇ ਮੰਨ ਲਿਆ ਜਾਂਦਾ ਹੈ। ਪਰ ਜੇ ਕੋਈ ਪਹਿਲਾਂ ਸਬੂਤ ਨਹੀਂ ਦੇ ਸਕਿਆ ਤੇ ਸਿਰਫ ਇੱਕ ਵਿਚਾਰ ਹੀ ਪੇਸ਼ ਕਰ ਸਕਿਆ ਸੀ ਤਾਂ ਹੋਰ ਕੋਈ ਵੀ ਉਸ ਦਾ ਸਬੂਤ ਬਾਅਦ 'ਚ ਦੇ ਸਕਦਾ ਹੈ। ਪਰ ਜਦੋਂ ਤੱਕ ਸਬੂਤ ਨਹੀਂ ਦਿੱਤਾ ਜਾਂਦਾ, ਇਹ ਸਭ ਰੌਲ਼ਾ-ਗੌਲ਼ਾ ਬੇਵਜਾ ਜਾਂ ਬੇਬੁਨਿਆਦ ਹੈ ਤੇ ਰੁਕਣਾ ਚਾਹੀਦਾ ਹੈ।

## ਸਬੂਤ ਜ਼ਰੂਰੀ ਹੈ

ਸਬੂਤ ਕਿਉਂ ਜ਼ਰੂਰੀ ਹੈ? ਕਿਉਂਕਿ ਹਰ ਰੋਜ਼ ਦੁਨੀਆ ਭਰ 'ਚ ਅਰਬਾਂ-ਖਰਬਾਂ ਡਾਲਰਾਂ ਦਾ ਵਪਾਰ ਵੱਖ ਵੱਖ ਧਰਮਾਂ 'ਚ ਹੋ ਰਿਹਾ ਹੈ, ਇਹ ਆਮ ਜਨਤਾ ਨਾਲ ਬਹੁਤ ਵੱਡਾ ਧੋਖਾ, ਬਹੁਤ ਹੀ ਭੱਦਾ ਮਜ਼ਾਕ ਤੇ ਇੱਕ ਬਹੁਤ ਵੱਡੀ ਬੇਇਨਸਾਫ਼ੀ ਹੈ। ਇੰਨਾ ਹੀ ਨਹੀਂ ਇਹ 'ਧਰਮੀ' ਲੋਕ ਮਾਸੂਮ ਲੋਕਾਂ ਦਾ ਪੈਸਾ ਹੜੱਪਣ ਦੇ ਨਾਲ ਨਾਲ ਉਨ੍ਹਾਂ ਨੂੰ ਕੁਰਾਹੇ ਵੀ ਪਾ ਰਹੇ ਹਨ। ਇਨ੍ਹਾਂ 'ਧਰਮੀ' ਲੋਕਾਂ ਨੂੰ ਨਾ ਤਾਂ ਰੱਬ ਦੇ ਸਬੂਤ ਦੀ ਲੋੜ ਹੈ ਤੇ ਨਾ ਹੀ ਕਿਸੇ ਦੇ ਗੁੰਮਰਾਹ ਹੋਣ ਦੀ ਚਿੰਤਾ ਹੈ ਇਹ ਤਾਂ ਆਪਣਾ ਢਿੱਡ ਪਾਲਦੇ ਹਨ। ਇਸੇ ਲਈ ਤਾਂ ਧਾਰਮਕ ਸਥਾਨਾਂ ਤੇ ਝਗੜੇ ਹੁੰਦੇ ਹੀ ਰਹਿੰਦੇ ਹਨ। ਦੁਨੀਆ ਦੀ ਕੋਈ ਵੀ ਧਾਰਮਿਕ ਸੰਸਥਾ ਝਗੜਿਆਂ ਤੋਂ ਬਗੈਰ ਨਹੀਂ ਹੈ, ਕਿਉਂਕਿ ਬਿਨਾਂ ਕੁੱਝ ਕੀਤੇ ਮਾਇਆ ਦੇ ਗੱਫੇ ਸਿਰਫ ਧਾਰਮਿਕ ਵਪਾਰ 'ਚ ਹੀ ਮਿਲ ਸਕਦੇ ਹਨ, ਹੋਰ ਕਿਸੇ ਵਪਾਰ 'ਚ ਨਹੀਂ। ਇਸ ਲਈ ਇਸ ਮੁਫਤ ਦੇ ਮਾਇਆ ਦੇ ਖਜ਼ਾਨੇ ਨੂੰ ਹਾਸਲ ਕਰਨ ਲਈ ਇਹ 'ਯੁੱਧ' ਹੋਣੇ ਹੀ ਹਨ।

ਇਨ੍ਹਾਂ 'ਯੁੱਧਾਂ' ਦੇ ਦੱਸੇ ਜਾਣ ਵਾਲੇ ਕਾਰਨ ਜਾਂ ਲੜਾਈ ਦੇ ਬਹਾਨੇ (ਜਿਵੇਂ ਕਿ ਧਾਰਮਿਕ ਕੰਮਾਂ 'ਚ ਕੁਤਾਹੀਆਂ, ਰਸਮਾਂ ਨੂੰ ਠੀਕ ਨਾ ਮੰਨਣਾ, ਕੁਰਸੀਆਂ-ਮੇਜ਼ਾਂ ਤੇ ਬੈਠ ਕੇ ਲੰਗਰ ਛਕਣਾ, ਬਾਣੀ ਜਾਂ ਕਿਸੇ ਧਾਰਮਿਕ ਪੁਸਤਕ ਦੇ ਅਰਥ ਗਲਤ ਕਰਨੇ, ਕਿਸੇ ਪੁਸਤਕ ਨੂੰ ਠੀਕ ਜਾਂ ਗਲਤ ਕਹਿ ਦੇਣਾ ਆਦਿ) ਵੱਖੋ-ਵੱਖਰੇ ਹੋ ਸਕਦੇ ਹਨ, ਪਰ ਅਸਲ ਕਾਰਨ ਚੜ੍ਹਾਵਾ ਹੀ ਹੁੰਦਾ ਹੈ। ਇੱਕ ਹੋਰ ਵੀ ਗੱਲ ਹੈ ਕਿ ਧਾਰਮਿਕ ਵਪਾਰ ਕਦੇ ਫੇਲ੍ਹ ਨਹੀਂ ਹੁੰਦੇ, ਬਾਕੀ ਵਪਾਰਾਂ 'ਚੋਂ ਮਸਾਂ ਦਸਾਂ 'ਚੋਂ ਤਿੰਨ ਇੱਕ ਸਾਲ ਕੱਢਦੇ ਹਨ। ਧਾਰਮਿਕ ਸਥਾਨਾਂ ਦੀ ਲੜਾਈ ਹਮੇਸ਼ਾ ਗੋਲਕ ਦੀ ਲੜਾਈ ਹੁੰਦੀ ਹੈ, ਹੋਰ ਕੋਈ ਨਹੀਂ। ਜੇ ਦਿਖਾਉਣ ਨੂੰ ਹੋਵੇ ਵੀ, ਉਹ ਵੀ ਗੋਲਕ ਦੇ ਕਬਜ਼ੇ ਤੱਕ ਹੀ ਜਾਂਦੀ ਹੋਵੇਗੀ। ਇਹ ਸੱਚ ਕੋਈ ਵੀ ਸ਼ਰਧਾਲੂ ਆਪਣੇ ਸ਼ਰਧਾ ਵਾਲੇ ਸਥਾਨ 'ਚ ਜ਼ਰਾ ਕੁ ਧਿਆਨ ਕਰਕੇ ਸਮਝ ਸਕਦਾ ਹੈ। ਇਹ ਸੱਚ ਹਰ ਧਰਮ ਵਿੱਚ ਸਬੂਤਾਂ ਸਮੇਤ ਹਾਜ਼ਰ ਹੈ, ਕੋਈ ਝੁਠਲਾ ਨਹੀਂ ਸਕਦਾ। ਇਸ ਦਾ ਇੱਕ ਹੋਰ ਵੀ ਖੂਬਸੂਰਤ ਪੱਖ ਇਹ ਹੈ ਕਿ ਹਰ ਆਮ ਇਨਸਾਨ ਥੋੜ੍ਹੀ ਜਿਹੀ ਖਬਰਸਾਰੀ ਨਾਲ ਇਹ ਆਪ ਹੀ ਲੱਭ ਸਕਦਾ ਹੈ, ਇਸ ਲਈ ਕਿਸੇ ਵੱਡੇ ਜਸੂਸ ਨੂੰ ਕਿਰਾਏ ਤੇ ਕਰਨ ਦੀ ਲੋੜ ਨਹੀਂ ਹੈ।

ਈਸਾਈਆਂ-ਕਰਿਸਚਨਾਂ ਨੇ ਵੀ ਸਾਇੰਸਦਾਨਾਂ ਨੂੰ ਵਾਹਣੇ ਪਾਇਆ ਹੋਇਆ ਹੈ ਕਿ ਤੁਸੀਂ ਸਬੂਤ ਪੇਸ਼ ਕਰੋ ਕਿ ਰੱਬ ਨਹੀਂ ਹੈ। ਉਹ ਕਹਿੰਦੇ ਹਨ ਕਿ ਰੱਬ ਧਰਮ ਦੀ ਹੱਦ 'ਚ ਆਉਂਦਾ ਹੈ ਤੇ ਸਾਇੰਸ ਤੋਂ ਬਾਹਰ ਹੈ। ਕਈ ਸਾਇੰਸਦਾਨ, ਜਿਨ੍ਹਾਂ 'ਚੋਂ ਰਿਚਰਡ ਡਾਕਿਨਜ਼ ਦਾ ਨਾਂ ਸਭ ਤੋਂ ਮਸ਼ਹੂਰ ਹੈ ਕਹਿੰਦੇ ਹਨ ਕਿ ਅਜਿਹਾ ਨਹੀਂ ਹੈ ਤੇ ਉਹ ਰੱਬ ਦੇ ਨਾ ਹੋਣ ਦੇ ਸਬੂਤ ਲਈ ਖਹੁਜਲ਼ ਰਹੇ ਹਨ। ਡਾਕਿਨਜ਼ ਨੇ ਕਈ ਕਿਤਾਬਾਂ ਲਿਖੀਆਂ ਹਨ ਇਹ ਸਾਬਤ ਕਰਨ ਲਈ ਕਿ ਰੱਬ ਦਾ ਕੋਈ ਸਬੂਤ ਨਹੀਂ ਹੈ। ਉਸ ਦੀ ਤਾਜ਼ਾ 2006 ਦੀ ਛਪੀ ਕਿਤਾਬ ਹੈ, "ਦੀ ਗੌਡ ਡਿਲਿਊਜ਼ਨ" ਜਾਂ ਰੱਬ ਦਾ ਵਹਿਮ। ਮੇਰਾ ਵਿਚਾਰ ਹੈ ਕਿ ਇਹ ਕੰਮ ਉਸ ਦਾ ਹੈ ਜੋ ਰੱਬ ਦੇ ਹੋਣ ਦੀ ਗੱਲ ਕਰਦਾ ਹੈ ਕਿ 'ਰੱਬ' ਦੀ ਹੋਂਦ ਨੂੰ ਸਾਬਤ ਕਰੇ। ਮੈਨੂੰ ਕੋਈ ਮੁਸ਼ਕਿਲ ਨਹੀਂ ਹੋਵੇਗੀ ਜਦੋਂ ਸਬੂਤ ਹੋਵੇਗਾ ਤਾਂ ਮੈਂ ਤਾਂ ਰੱਬ ਨੂੰ ਮੰਨਣਾ ਸ਼ੁਰੂ ਕਰ ਦੇਵਾਂਗਾ। ਪਰ, ਓਦੋਂ ਤੱਕ 'ਧਾਰਮਿਕ' ਲਾਊਡ-ਸਪੀਕਰ ਬੰਦ ਹੋਣੇ ਚਾਹੀਦੇ ਹਨ। ਸਚਾਈ ਦੀ ਖੋਜ ਹਰ ਇੱਕ ਦਾ ਬੁਨਿਆਦੀ ਹੱਕ ਹੈ, ਇਹ ਧਾਰਮਿਕ ਜਾਂ ਨਾਸਤਿਕ ਲੋਕਾਂ ਦਾ ਬਰਾਬਰ ਦਾ ਹੱਕ ਹੈ। ਸੋ, ਧਾਰਮਿਕ ਵੀਰੋ ਤੇ ਭੈਣੋ ਆਪਣਾ ਸਬੂਤ ਪੇਸ਼ ਕਰੋ ਤੇ ਸਾਨੂੰ ਨਾਲ ਲਓ। ਪਰ, ਜਦੋਂ ਤੱਕ ਸਬੂਤ ਨਹੀਂ ਲੱਭਦਾ, ਸਿਰਫ ਇਹ ਕਹੋ, "ਅਜੇ ਸਾਨੂੰ ਪਤਾ ਨਹੀਂ ਜੇ ਲੱਭ ਗਿਆ ਤਾਂ ਤੁਹਾਨੂੰ ਜ਼ਰੂਰ ਦੱਸਾਂਗੇ।"

## ਜਦੋਂ ਤੱਕ ਸਬੂਤ ਨਹੀਂ ਮਿਲਦਾ

ਹੁਣ ਜਦੋਂ ਤੱਕ ਸਬੂਤ ਨਹੀਂ ਆਉਂਦਾ, ਉਦੋਂ ਤੱਕ ਕੀ ਕਰੀਏ? ਉਦੋਂ ਤੱਕ ਸਭ ਧਾਰਮਿਕ ਸਥਾਨ ਬੰਦ ਹੋਣੇ ਚਾਹੀਦੇ ਹਨ ਤਾਂ ਜੋ ਇਹ ਲੋਕੀਂ ਸਾਡੇ ਬੱਚਿਆਂ ਨੂੰ ਗੁੰਮਰਾਹ ਨਾ ਕਰ ਸਕਣ। ਇੱਕ ਪਾਸੇ ਤਾਂ ਇੰਨੇ ਵੱਡੇ ਖਰਚੇ ਕਰਕੇ ਖੋਜਾਂ ਕਰਦੇ ਹਾਂ ਤੇ

ਕਿਤਾਬਾਂ ਲਿਖਦੇ ਹਾਂ ਤਾਂ ਜੋ ਦੁਨੀਆ ਦਾ ਭਲਾ ਹੋ ਸਕੇ ਤੇ ਸਾਡੀ ਜਨਤਾ ਖੁਸ਼ਹਾਲ ਹੋਵੇ ਤੇ ਨਾਲ ਨਾਲ ਸਾਡੇ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣੇ। ਦੂਜੇ ਪਾਸੇ ਇਸ ਤੋਂ ਉਲਟ ਸਾਡੇ ਹੀ ਪੈਸੇ ਨਾਲ ਬਣੇ ਗੁਰਦਵਾਰਿਆਂ, ਮੰਦਰਾਂ, ਮਸਜਿਦਾਂ, ਚਰਚਾਂ, ਮੱਠਾਂ ਤੇ ਸਿਨਾਗੋਗਾਂ ਆਦਿ 'ਚੋਂ ਸਾਡੇ ਭੋਲ਼ੇ-ਭਾਲ਼ੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਕਾਰਵਾਈਆਂ ਹੋ ਰਹੀਆਂ ਹਨ। ਸਭ ਧਾਰਮਿਕ ਸਥਾਨਾਂ ਦਾ ਪਰਬੰਧ ਸਰਕਾਰਾਂ ਨੂੰ ਆਪਣੇ ਹੱਥਾਂ 'ਚ ਲੈ ਲੈਣਾ ਚਾਹੀਦਾ ਹੈ ਤੇ ਇਨ੍ਹਾਂ ਨੂੰ ਆਪਣੀਆਂ ਕਮਿਊਨਿਟੀਆਂ ਦੇ ਫਾਇਦੇ ਦੇ ਹੋਰ ਉਸਾਰੂ ਕੰਮਾਂ ਲਈ ਵਰਤਿਆ ਜਾਣਾ ਚਾਹੀਦਾ ਹੈ।

ਜਦੋਂ ਤੱਕ ਰੱਬ ਦਾ ਸਬੂਤ ਨਹੀਂ ਮਿਲ ਜਾਂਦਾ, ਓਦੋਂ ਤੱਕ ਧਰਮ ਦੀ ਇਜਾਜ਼ਤ ਸਿਰਫ ਨਿੱਜੀ ਪੱਧਰ ਤੱਕ ਹੋਣੀ ਚਾਹੀਦੀ ਹੈ। ਧਾਰਮਿਕ ਅਧਾਰਾਂ ਤੇ ਚੱਲਦੇ ਸਕੂਲਾਂ 'ਚ ਧਰਮਾਂ ਦੇ ਝੂਠ ਦੀ ਸਿੱਖਿਆ ਦਿੱਤੀ ਜਾਂਦੀ ਹੈ ਜੋ ਬੱਚਿਆਂ ਦੇ ਸੰਤੁਲਿਤ ਵਿਕਾਸ 'ਚ ਰੁਕਾਵਟ ਪਾਉਂਦੀ ਹੈ। ਅਮਰੀਕਾ ਵਿੱਚ ਅਜਿਹੇ ਕੰਮਾਂ ਵਿਰੁੱਧ ਸਿਆਣੇ ਲੋਕ ਲਾਮਬੰਦ ਹੋ ਰਹੇ ਹਨ। ਪਰ ਧਾਰਮਿਕ ਜਥੇਬੰਦੀਆਂ ਅਜਿਹੇ ਲੋਕਾਂ ਤੇ ਕਾਫੀ ਭਾਰੀਆਂ ਪੈ ਰਹੀਆਂ ਹਨ ਕਿਉਂਕਿ ਉਨ੍ਹਾਂ ਕੋਲ ਲੋਕਾਂ ਤੋਂ ਇਕੱਠਾ ਕੀਤਾ ਅੰਨ੍ਹਾ ਪੈਸਾ ਹੈ ਜੋ ਉਹ ਅਜਿਹੇ ਸਰੋਤਾਂ (ਮਹਿੰਗੇ ਵਕੀਲਾਂ ਸਮੇਤ) ਤੇ ਲਾ ਸਕਦੇ ਹਨ ਜਿਨ੍ਹਾਂ ਨਾਲ ਉਹ ਧਰਮ ਨੂੰ ਨਾ ਮੰਨਣ ਵਾਲ਼ਿਆਂ ਨੂੰ ਮਾਤ ਦੇ ਸਕਣ।

ਵੈਸੇ ਅਜਿਹੇ ਲੋਕਾਂ ਨੂੰ ਹਰਾਉਣਾ ਹੋਰ ਵੀ ਔਖਾ ਹੈ ਕਿਉਂਕਿ ਧਰਮ ਸਿਆਸਤ ਵਿੱਚ ਬਹੁਤ ਕੰਮ ਆਉਂਦਾ ਹੈ। ਆਪਣੇ ਲਈ ਵੋਟਾਂ ਜਿੱਤਣ ਲਈ ਤਕਰੀਬਨ ਹਰ ਸਿਆਸੀ ਲੀਡਰ ਆਪਣੇ ਜਾਂ ਦੂਜੇ ਧਰਮਾਂ ਦੇ ਗੁਣ ਗਾਉਂਦਾ ਹੈ। ਇਸ ਤਰ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਉਹ ਆਪਣੀ ਸਿਆਸੀ ਪੌੜੀ ਚੜ੍ਹ ਜਾਂਦਾ ਹੈ। ਸਿਆਸੀ ਲੀਡਰ ਇਨ੍ਹਾਂ ਭੋਲੇ-ਭਾਲੇ ਲੋਕਾਂ ਤੋਂ ਹੋਰ ਕੰਮ ਵੀ ਲੈਂਦੇ ਹਨ ਜੋ ਉਹ ਨਾ ਤਾਂ ਸਰਕਾਰੀ ਮਸ਼ੀਨਰੀ ਤੋਂ ਕਰਵਾ ਸਕਦੇ ਹਨ ਤੇ ਨਾ ਹੀ ਆਪ ਹੀ ਕਰ ਸਕਦੇ ਹਨ। ਇਹ ਕੰਮ ਹੈ ਇੱਕ ਦੂਜੇ ਨੂੰ ਮਰਵਾਉਣ ਦਾ ਜਾਂ ਆਪਣੇ ਰਾਹ ਦੇ ਕੰਡੇ ਕੱਢਣ ਦਾ। ਅੱਜ-ਕੱਲ੍ਹ ਤਾਂ ਧਰਮ-ਯੁੱਧ ਤੇ ਜਿਹਾਦ ਚਲਾਏ ਜਾ ਰਹੇ ਨੇ ਜੋ ਆਮ ਲੋਕਾਂ ਦਾ ਘਾਣ ਕਰ ਰਹੇ ਹਨ। ਇਸ ਤਰ੍ਹਾਂ ਸਿਆਸੀ ਤੇ ਧਾਰਮਿਕ ਲੀਡਰ ਇੱਕ-ਦੂਜੇ ਦੇ ਪੂਰਕ ਬਣਕੇ ਚੱਲਦੇ ਹਨ ਤੇ ਦੋਹਾਂ ਧਿਰਾਂ ਨੂੰ ਫਾਇਦਾ ਰਹਿੰਦਾ ਹੈ, ਨੁਕਸਾਨ ਸਿਰਫ ਆਮ ਜਨਤਾ ਦਾ ਹੁੰਦਾ ਹੈ ਜਿਸ ਵੱਲੋਂ ਦਿੱਤਾ ਧਾਰਮਿਕ ਚੜ੍ਹਾਵਾ, ਟੈਕਸ ਜਾਂ ਫਿਰ ਉਨ੍ਹਾਂ ਦੀ ਆਪਣੀ ਜਿੰਦ-ਜਾਨ ਇਸ ਦੇ ਲੇਖੇ ਲੱਗ ਜਾਂਦੇ ਹਨ।

## ਧਰਮ ਤੇ ਸਿਆਸਤ

ਸ਼ੁਰੂ ਤੋਂ ਹੀ ਧਰਮ ਨੂੰ ਸਿਆਸਤ ਲਈ ਵਰਤਿਆ ਜਾਂਦਾ ਰਿਹਾ ਹੈ। ਚਾਣਕ ਦੀ ਤਕਰੀਬਨ 2000 ਸਾਲ ਪਹਿਲਾਂ ਦੀ ਲਿਖੀ ਕਿਤਾਬ "ਅਰਥਸ਼ਾਸ਼ਤਰ" ਵਿੱਚ ਵੀ ਉਸ ਨੇ ਸਿਆਸਤ ਲਈ ਧਰਮ ਨੂੰ ਵਰਤਣ ਦੀ ਸਲਾਹ ਦਿੱਤੀ ਹੈ ਤੇ ਵਰਤਣ ਦੇ ਤਰੀਕੇ ਵੀ ਦੱਸੇ ਹਨ। ਅੱਜ ਦੇ ਸਿਆਸਤਦਾਨ ਤੇ ਸਿਆਸਤ ਦੇ ਫਿਲਾਸਫਰ ਵੀ ਧਰਮ ਨੂੰ ਸਿਆਸਤ ਲਈ ਵਰਤਣ ਬਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹੋਏ ਆਪਣੀਆਂ ਆਪਣੀਆਂ ਰਾਵਾਂ ਰੱਖਦੇ ਹਨ। ਕਈ ਸਮਾਜ-ਵਿਗਿਆਨੀ (ਇਨ੍ਹਾਂ 'ਚੋਂ ਆਈਜ਼ਾਕ ਐਸੀਮੋਵ ਸਿਰਕੱਢ ਹੈ) ਤਾਂ ਇਹ ਕਹਿੰਦੇ ਹਨ ਕਿ ਧਰਮ ਅੱਜ ਤੋਂ ਹਜ਼ਾਰਾਂ ਸਾਲ ਬਾਅਦ ਵੀ ਲੋਕਾਂ ਨੂੰ ਕਾਬੂ ਕਰਨ ਦੇ ਕੰਮ ਆਉਂਦਾ ਰਹੇਗਾ। ਸ਼ਾਇਦ ਉਨ੍ਹਾਂ ਦਾ ਮਤਲਬ ਹੈ, ਜਿਵੇਂ ਹਿਟਲਰ ਜਰਮਨੀ ਵਿੱਚ, ਬੀ. ਜੇ. ਪੀ ਤੇ ਅਕਾਲੀ ਭਾਰਤ ਵਿੱਚ, ਈਸਾਈ ਤੇ ਮੁਸਲਿਮ ਦੁਨੀਆ ਭਰ ਵਿੱਚ ਆਪਣੇ ਧਾਰਮਿਕ ਮੁੱਦੇ ਪੈਦਾ ਕਰ ਕਰ ਕੇ ਜਾਂ ਉਘਾੜ ਕੇ ਆਪਣੇ ਧਰਮ ਦੇ ਲੋਕਾਂ ਨੂੰ ਗੁੰਮਰਾਹ ਕਰ ਕੇ ਆਪਣੇ ਮਕਸਦਾਂ ਲਈ ਵਰਤਦੇ ਰਹੇ ਹਨ, ਉਸ ਤਰ੍ਹਾਂ।

ਬਾਕੀ ਸਭ ਨੂੰ ਛੱਡਕੇ ਜੇ ਆਪਣੇ ਵਿਰਸੇ ਤੇ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਪੁਰਾਣੇ ਜ਼ਮਾਨੇ 'ਚ ਵੀ ਧਰਮਾਂ ਦੇ ਡੇਰੇ ਜਾਂ ਪੜ੍ਹਾਈ ਸਥਾਨ ਸਿਆਸਤ ਦੀ ਮੱਦਦ ਨਾਲ ਚੱਲਦੇ ਸਨ। ਤਾਂ ਹੀ ਤਾਂ ਉਨ੍ਹਾਂ ਕਿਤਾਬਾਂ 'ਚ ਲਿਖੀਆਂ ਸਭ ਦੀਆਂ ਸਭ ਕਹਾਣੀਆਂ ਸਿਰਫ ਰਾਜਿਆਂ-ਰਾਣਿਆਂ ਦੀਆਂ ਹੀ ਹੁੰਦੀਆਂ ਸਨ। ਆਮ ਲੋਕ ਤਾਂ ਸਿਰਫ ਉਨ੍ਹਾਂ ਦੇ ਸੇਵਕਾਂ ਵੱਜੋਂ ਦਿਖਾਏ ਜਾਂਦੇ ਹਨ। ਅਜੀਬ ਗੱਲ ਹੈ ਕਿ ਪੁਰਾਣੀਆਂ ਗਾਥਾਵਾਂ ਨੂੰ ਅੱਜ-ਕੱਲ੍ਹ ਸੱਚ ਦੱਸ ਕੇ ਪਰਚਾਰਿਆ ਜਾਂਦਾ ਹੈ, ਹਾਲਾਂਕਿ ਥੋੜ੍ਹੀ ਜਿੰਨੀ ਨਜ਼ਰਸਾਨੀ ਨਾਲ ਪਤਾ ਲੱਗ ਜਾਂਦਾ ਹੈ ਕਿ ਇਹ ਕਾਲਪਨਿਕ ਕਥਾਵਾਂ ਹੈ। ਮਹਾਂਭਾਰਤ ਦੀ ਗੱਲ ਲੈ ਲਵੋ। ਇਸ ਵਿੱਚ ਹਸਤਨਾਪੁਰ ਦੇ ਰਾਜੇ ਧਰਿਤਰ੍ਹਾਸ਼ਟਰ ਦੇ ਮੁੰਡਿਆਂ ਦੇ ਨਾਂਵਾਂ ਵੱਲ ਜ਼ਰਾ ਧਿਆਨ ਦਿਓ: ਦੁਰਯੋਧਨ (ਮਤਲਬ ਬੁਰਾ ਯੋਧਾ), ਦੁਸ਼ਾਸ਼ਨ (ਮਤਲਬ ਬੁਰਾ ਸ਼ਾਸਕ)।... ਹੁਣ ਦੱਸੋ ਕਿਉਂ ਕੋਈ ਰਾਜਾ ਆਪਣੇ ਪੁੱਤਰ੍ਹਾਂ ਦੇ ਨਾਂ ਇਹੋ ਜਿਹੇ ਰੱਖੂਗਾ? ਸਾਫ ਹੈ ਕਿ ਕੋਈ ਵੀ ਆਪਣੇ ਪੁੱਤਰ੍ਹਾਂ ਨੂੰ ਬੁਰਾ ਯੋਧਾ ਜਾਂ ਬੁਰਾ ਸ਼ਾਸਕ ਨਹੀਂ ਬਣਾਉਣਾ ਚਾਹੂਗਾ। ਅਸੀਂ ਆਪਣੇ ਬੱਚਿਆਂ ਦੇ ਨਾਂ ਬਹੁਤ ਮਿਹਨਤ ਨਾਲ ਜਾਂ ਚਾਵਾਂ ਨਾਲ ਰੱਖਦੇ ਹਾਂ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਇਹੋ ਜਿਹੇ ਨਾਂ ਕਿਉਂ ਰੱਖੇ ਗਏ? ਇਹ ਤਾਂ ਰਿਸ਼ੀ ਵਿਆਸ ਦੀ ਰਚਨਾ ਹੈ ਜੋ ਉਸ ਨੇ ਉਸ ਜ਼ਮਾਨੇ 'ਚ ਵੀ ਇੰਨੀ ਪਿਆਰੀ ਲਿਖ ਦਿੱਤੀ। ਉਸ ਨੇ ਆਪਣੀ ਕਿਰਤ ਦੇ ਬਦਮਾਸ਼ਾਂ ਜਾਂ ਵਿਲਨਾਂ ਨੂੰ ਨਾਂ ਵੀ ਬੁਰੇ ਲੱਗਣ ਵਾਲੇ ਹੀ ਦਿੱਤੇ ਸਨ ਤਾਂ ਜੋ ਪਾਠਕ ਨੂੰ ਲਿਖਾਰੀ ਦੀ ਗੱਲ ਸਾਫ ਸਾਫ ਸਮਝ ਆ ਸਕੇ। ਸਾਨੂੰ ਉਸ ਸਾਹਿਤਕਾਰ ਦੀ ਦੇਣ ਨੂੰ ਨਮਸਕਾਰ ਕਰਨੀ ਚਾਹੀਦੀ ਹੈ ਨਾ ਕਿ ਉਸ ਨੂੰ ਤੇ ਉਸਦੀ ਕਿਰਤ ਨੂੰ ਪੂਜਣਾ ਸ਼ੁਰੂ ਕਰ ਦੇਈਏ।

ਵੈਸੇ ਇਹੋ-ਜਿਹੀਆਂ ਕਹਾਣੀਆਂ (ਰਮਾਇਣ, ਨਲ-ਦਮਿਅੰਤੀ, ਰਾਜਾ ਹਰੀਸ਼ਚੰਦਰ, ਧਰੂ-ਭਗਤ, ਪੂਰਨ ਭਗਤ, ਵਿਕਰਮ-ਬੇਤਾਲ, ਕਾਲੀਦਾਸ ਦੀ ਸ਼ਕੁੰਤਲਾ ਆਦਿ) ਰਾਜਿਆਂ ਦੇ ਰਾਜ ਨੂੰ ਇੱਕ ਰੱਬੀ ਦੇਣ ਸਾਬਤ ਕਰਨ ਦੇ ਨਾਲ ਨਾਲ ਲੋਕਾਂ ਨੂੰ ਉਨ੍ਹਾਂ ਦੇ ਹੁਕਮ 'ਚ ਰਹਿਣ ਲਈ ਵੀ ਦੱਸਦੀਆਂ ਸਨ। ਇਸ ਤਰ੍ਹਾਂ ਰਾਜਿਆਂ ਨੂੰ ਆਪਣਾ ਰਾਜ ਚਲਾਉਣ 'ਚ ਮੱਦਦ ਮਿਲਦੀ ਸੀ ਤੇ ਉਹ ਇਸ ਦੇ ਬਦਲੇ 'ਚ ਉਨ੍ਹਾਂ ਦੇ ਡੇਰਿਆਂ ਨੂੰ ਫੰਡ ਦਿੰਦੇ ਸਨ। ਅੱਜ-ਕੱਲ੍ਹ ਵੀ ਅੱਧ ਤੋਂ ਜ਼ਿਆਦਾ ਸਿਆਸੀ ਪਾਰਟੀਆਂ ਆਪਣੀ ਸਿਆਸਤ ਧਰਮ ਦੀ ਮੱਦਦ ਨਾਲ ਚਲਾ ਰਹੀਆਂ ਹਨ। ਧਰਮ ਤੋਂ ਬਿਨਾਂ ਉਨ੍ਹਾਂ ਦਾ ਕੋਈ ਅਧਾਰ ਨਹੀਂ ਹੈ, ਇਹ ਉਹ ਚੰਗੀ ਤਰ੍ਹਾਂ ਜਾਣਦੇ ਹਨ। ਇਸੇ ਲਈ ਉਹ 'ਧਾਰਮਿਕ ਬੰਦਿਆਂ' ਨੂੰ ਸਿਆਸੀ ਰੱਖਿਆ ਪਰਦਾਨ ਕਰਦੇ ਹਨ, ਭਾਵੇਂ ਇਹ ਸੁਰੱਖਿਆ ਆਮ ਲੋਕਾਂ ਨੂੰ ਦਿਖਾਈ ਨਹੀਂ ਦਿੰਦੀ। ਇੰਨੇ ਕੁਕਰਮਾਂ ਪਿੱਛੋਂ ਵੀ ਜੇ ਬਾਲ ਠਾਕਰੇ, ਰਾਜ ਠਾਕਰੇ, ਗੁਰਮੀਤ ਰਾਮ-ਰਹੀਮ ਜਾਂ ਹੋਰ ਅਨੇਕਾਂ ਭਾਰਤੀ 'ਧਾਰਮਿਕ' ਨੇਤਾਗਣ ਬਾਹਰ ਤੁਰੇ ਫਿਰਦੇ ਹਨ, ਉਹ ਸਿਰਫ ਇਨ੍ਹਾਂ ਗੱਲਾਂ ਕਰਕੇ ਹੀ ਹਨ। ਆਮ ਬੰਦਾ ਅਜਿਹਾ ਇੱਕ ਗੁਨਾਹ ਕਰਨ ਪਿੱਛੋਂ ਵੀ ਜੇਲ੍ਹ ਦੀ ਹਵਾ ਖਾ ਰਿਹਾ ਹੁੰਦਾ।

ਗੁਜਰਾਤ ਦਾ ਮੁੱਖ-ਮੰਤਰੀ ਨਰਿੰਦਰ ਮੋਦੀ, ਸ਼ਿਵ ਸੈਨਾ ਦਾ ਬਾਲ ਠਾਕਰੇ, ਮਹਾਰਾਸ਼ਟਰ ਦਾ ਰਾਜ ਠਾਕਰੇ, ਜਾਂ ਮਸ਼ਹੂਰ ਸਮਗਲਰ ਦਾਊਦ ਇਬਰਾਹੀਮ ਤਕਰੀਬਨ ਇੱਕੋ ਤਰੀਕੇ ਨਾਲ ਕੰਮ ਕਰਦੇ ਹਨ। ਇਨ੍ਹਾਂ ਦਾ ਖਾਸ ਹਥਿਆਰ ਹੈ ਡਰ ਜੋ ਆਮ ਲੋਕਾਂ ਨੂੰ ਰਸਤੇ ਤੋਂ ਪਰ੍ਹਾਂ ਕਰਨ ਲਈ ਕਾਫੀ ਹੁੰਦਾ ਹੈ। ਬਜਰੰਗ ਦਲ, ਸਿਮੀ, ਲਸ਼ਕਰ-ਏ-ਤਾਇਬਾ ਜਾਂ ਤੋਬਾ, 'ਮੁਜਾਹੀਦੀਨ' ਜਾਂ ਤਰ੍ਹਾਂ ਤਰ੍ਹਾਂ ਦੇ ਖਾਲਿਸਤਾਨੀ ਗਰੁੱਪ ਕਿਸੇ ਨਾ ਕਿਸੇ ਸਿਆਸੀ ਪਾਰਟੀ ਦੀਆਂ ਖਾੜਕੂ ਜਥੇਬੰਦੀਆਂ ਹਨ ਜੋ ਇਨ੍ਹਾਂ ਪਾਰਟੀਆਂ ਨੇ ਆਪਣੇ ਆਪਣੇ 'ਕਾਰਜਾਂ' ਨੂੰ ਜ਼ੋਰ-ਜ਼ਬਰਦਸਤੀ ਨਾਲ ਕਰਨ-ਕਰਵਾਉਣ ਲਈ ਬਣਾਈਆਂ ਹੋਈਆਂ ਹਨ। ਮੇਰੇ ਖਿਆਲ ਅਨੁਸਾਰ ਖਾੜਕੂ ਜਥੇਬੰਦੀਆਂ 'ਚ ਅਜੋਕਾ ਵਾਧਾ ਇਸ ਗੱਲ ਦੀ ਗਵਾਹੀ ਹੈ ਕਿ ਲੋਕ ਜਾਗ ਰਹੇ ਹਨ ਤੇ ਸਿਆਸੀ ਲੋਕ ਇਹ ਸਮਝਦੇ ਹੋਏ ਲੋਕਾਂ ਨੂੰ ਡਰਾ ਧਮਕਾ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅੰਤ ਜਿੱਤ ਤਾਂ ਲੋਕਾਂ ਦੀ ਹੀ ਹੋਵੇਗੀ, ਪਰ ਇਹ ਖੁਦਗਰਜ਼ ਲੋਕ ਆਪਣੇ ਮਤਲਬ ਲਈ ਲੋਕਾਂ ਨੂੰ ਲੜਾਉਂਦੇ ਤੇ ਡਰਾਉਂਦੇ ਰਹਿਣਗੇ। ਯਾਦ ਰਹੇ ਇਸ ਕੁਕਰਮ ਵਿੱਚ ਇਹ ਸਿਆਸਤੀ ਲੋਕ ਚਾਣਕ, ਕੁਟਿੱਲਿਆ ਜਾਂ ਵਿਸ਼ਨੂੰਗੁਪਤ ਸ਼ਰਮਾ ਦੇ ਸਾਮ, ਦਾਮ, ਦੰਡ ਤੇ ਭੇਦ ਵਾਲੇ ਸਭ ਯੰਤਰ ਵਰਤ ਰਹੇ ਹਨ।

## ਰੱਬ ਦਾ ਸੰਕਲਪ

ਹੋਰ ਗੱਲਾਂ ਛੱਡ ਕੇ ਜੇ ਰੱਬ ਦੇ ਸੰਕਲਪ ਵੱਲ ਨਜ਼ਰ ਮਾਰੀਏ ਤਾਂ ਵੀ ਇਹ ਇੱਕ ਸ਼ੱਕੀ ਕਿਰਦਾਰ ਹੀ ਲਗਦਾ ਹੈ। ਜ਼ਰਾ ਰੱਬ ਦੀਆਂ ਪਰੀਭਾਸ਼ਾਵਾਂ ਬਾਰੇ ਸੋਚੋ ਤਾਂ ਪਤਾ ਲਗਦਾ ਹੈ ਕਿ ਉਹ ਸਰਬਸ਼ਕਤੀਮਾਨ ਹੈ, ਸਰਬਥਾਈਂ ਪਹੁੰਚ ਵਾਲਾ ਹੈ, ਉਹ ਸਭ ਕੁੱਝ ਕਰਨਸ਼ੀਲ ਹੈ, ਉਹ ਕਰੀਮ ਹੈ, ਰਹੀਮ ਹੈ, ਉਹ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਜਾਂ ਪਾਤਸ਼ਾਹਾਂ ਦਾ ਪਾਤਸ਼ਾਹ ਹੈ ਤੇ ਹੋਰ ਕਿੰਨਾ ਕੁੱਝ। ਇੱਕ ਵਿਹਲੇ ਬੈਠੇ ਰਾਜੇ (ਜੋ ਜਨਤਾ ਦੀ ਮਿਹਨਤ ਤੇ ਐਸ਼ ਕਰਦਾ ਹੈ) ਵਾਲ਼ੀ ਪਰੀਭਾਸ਼ਾ ਹੀ ਰੱਬ ਦੇ ਫਿੱਟ ਕਿਉਂ ਆਉਂਦੀ ਹੈ। ਉਸ ਨੂੰ ਕਿਸੇ ਮਿਹਨਤੀ ਹੁਨਰ ਵਾਲੇ ਇਨਸਾਨ ਜਿਹਾ ਕਿਸੇ ਨੇ ਕਿਉਂ ਨਹੀਂ ਦਿਖਾਇਆ। ਸ਼ਾਇਦ ਅਜਿਹੀ ਪਰੀਭਾਸ਼ਾ ਨਾਲ ਲੋਕਾਂ ਨੂੰ ਭਰਮਾਇਆ ਨਹੀਂ ਜਾ ਸਕਦਾ ਸੀ ਤੇ ਇਹ ਰਾਜਿਆਂ ਦੇ ਵੀ ਕਿਸੇ ਕੰਮ ਨਹੀਂ ਸੀ ਆਉਣੀ ਸੋ ਰਾਜਿਆਂ ਵੱਲੋਂ ਅਜਿਹੇ ਕਿਸੇ ਖਿਆਲ ਦੀ ਸਪੋਰਟ ਕਰਨ ਦਾ ਵੀ ਸਵਾਲ ਪੈਦਾ ਨਹੀਂ ਹੁੰਦਾ ਸੀ। ਉਦਾਹਰਣ ਲਈ ਮਹਾਂਭਾਰਤ ਦੇ ਲਿਖਾਰੀ ਰਿਸ਼ੀ ਵਿਆਸ ਦੇ ਸਮਕਾਲੀ ਚਾਰਵਾਕ ਦਾ ਨਾਂ ਸਾਹਿਤ ਵਿੱਚ ਮਿਲਦਾ ਹੈ ਜੋ ਨਾਸਤਿਕ ਦੱਸਿਆ ਜਾਂਦਾ ਹੈ। ਇਹ ਵੀ ਸੰਕੇਤ ਮਿਲਦੇ ਹਨ ਕਿ ਉਸ ਨੂੰ ਬਾਕੀ ਪੰਡਤਾਂ ਨੇ ਮਰਵਾ ਦਿੱਤਾ ਸੀ ਤਾਂ ਜੋ ਉਨ੍ਹਾਂ ਨੂੰ ਉਸ ਦੇ ਰੱਬ ਦੇ ਨਾਂ ਤੇ ਕੀਤੇ ਕਿੰਤੂਆਂ ਦੇ ਜਵਾਬ ਨਾ ਦੇਣੇ ਪੈਣ ਤੇ ਲੋਕਾਂ 'ਚ ਉਨ੍ਹਾਂ ਦੀ ਭੱਲ ਬਣੀ ਰਹੇ।

ਦੂਜੇ ਪਾਸਿਓਂ ਜੇ ਸੋਚਿਆ ਜਾਵੇ ਕਿ ਇੱਕ ਸਰਬਸ਼ਕਤੀਮਾਨ ਰੱਬ ਦੇ ਹੁੰਦੇ ਹੋਏ ਦੁਨੀਆ 'ਚ ਇੰਨੇ ਬੁਰੇ ਕੰਮ ਕਿਉਂ ਹੁੰਦੇ ਹਨ? ਕੀ ਇਹ ਰੱਬ ਕਹਿਣ ਨੂੰ ਹੀ ਸ਼ਕਤੀਮਾਨ ਹੈ ਤੇ ਇਸਦੀ ਸ਼ਕਤੀ ਸਿਰਫ ਗਰੀਬ ਲੋਕਾਂ ਨੂੰ ਗਰੀਬ ਰੱਖਣ ਤੱਕ ਹੀ ਸੀਮਤ ਹੈ? ਜੋ ਬੰਦੂਕ ਚੁੱਕ ਲੈਂਦਾ ਹੈ ਜਾਂ ਬੇਈਮਾਨੀ ਜਾਂ ਕੋਈ ਵੀ ਗਲਤ ਧੰਦਾ ਸ਼ੁਰੂ ਕਰ ਦਿੰਦਾ ਹੈ ਉਸ ਨੂੰ ਰੱਬ ਮਾਲਾ-ਮਾਲ ਕਿਉਂ ਕਰ ਦਿੰਦਾ ਹੈ? ਕੀ ਰੱਬ ਅਜਿਹੇ ਬੰਦਿਆਂ ਦੀ ਰਖੇਲ ਹੈ? ਅਜੀਬ ਗੱਲ ਹੈ ਕਿ ਇਰਾਕ ਤੇ ਹਮਲਾ ਤੇ ਤਬਾਹੀ ਜਾਰਜ ਬੁਸ਼ ਤੇ ਟੋਨੀ ਬਲੇਅਰ ਨੇ ਕਰਵਾਏ, ਪਰ ਰੱਬ ਨੇ ਆਪਣੇ ਮੁਜਾਹੀਦੀਨ ਸਪੇਨ ਤੇ ਇੰਗਲੈਂਡ ਦੀ ਗੱਡੀਆਂ 'ਚ ਸਫਰ ਕਰ ਰਹੇ ਮਾਸੂਮ ਲੋਕਾਂ ਦੀਆਂ ਜਾਨਾਂ ਮੁਕਾਉਣ ਲਈ ਭੇਜ ਦਿੱਤੇ। ਫਿਰ ਬੰਬਈ ਜਾਂ ਮੁੰਬਈ ਵਿੱਚ ਵੀ 'ਸੁੱਖ' ਨਾਲ ਭੇਜ ਦਿੱਤੇ। ਕੀ ਇਸ ਰੱਬ ਦਾ ਸਿਸਟਮ ਇੰਨਾ ਘਟੀਆ ਹੈ? ਕੀ ਉਹ ਬੁਸ਼ ਤੇ ਬਲੇਅਰ ਨੂੰ ਕੋਈ ਹੋਰ ਰਸਤਾ ਨਹੀਂ ਦਿਖਾ ਸਕਦਾ ਸੀ? ਭਾਰਤ 'ਚ ਮਾੜੇ ਕੰਮ ਕਰਨ ਵਾਲੇ ਸਾਰੇ ਸਮਗਲਰ, ਮੋਦੀ, ਰਾਜ ਠਾਕਰੇ, ਬਾਲ ਠਾਕਰੇ ਆਦਿ ਸਭ ਦਨਦਨਾਉਂਦੇ ਫਿਰਦੇ ਹਨ ਤੇ ਮੁਜਾਹੀਦੀਨ ਵਿਚਾਰੇ ਹੋਟਲ-ਵਾਸੀਆਂ ਨੂੰ ਮੌਤ ਦੇ ਘਾਟ ਉਤਾਰਨ ਆ ਗਏ। ਜੇ ਇਹ ਰੱਬ ਦੇ ਸਿਸਟਮ ਦੇ ਕਾਰੇ ਹੋਣ, ਤਾਂ ਅਜਿਹੇ ਰੱਬੀ

ਨਿਜ਼ਾਮ ਦੇ ਵਿਰੁੱਧ ਵੀ ਡੰਡਾ ਚੁੱਕਣਾ ਚਾਹੀਦਾ ਹੈ। ਅਜਿਹਾ ਰੱਬ ਤਾਂ ਸਿਰਫ ਸਜ਼ਾ ਦਾ ਹੱਕਦਾਰ ਹੀ ਹੋ ਸਕਦਾ ਹੈ ਕਿਸੇ ਪੂਜਾ ਜਾਂ ਸਤਿਕਾਰ ਦਾ ਹੱਕਦਾਰ ਤਾਂ ਬਿਲਕੁਲ ਹੀ ਨਹੀਂ ਹੋ ਸਕਦਾ।

## ਰੱਬ ਦੀ ਭਗਤੀ

ਰੱਬ ਨੂੰ ਪਾਉਣ ਵਾਲੇ ਚੱਕਰ ਬਾਰੇ ਜ਼ਰਾ ਖਿਆਲ ਕਰੀਏ ਤਾਂ ਹੋਰ ਭੰਬਲ-ਭੂਸੇ ਸਾਫ ਦਿਖਾਈ ਦਿੰਦੇ ਹਨ। ਪਾਠ ਕਰੀ ਜਾਣਾ, ਨਮਾਜ਼ ਪੜ੍ਹੀ ਜਾਣੀ, ਜਾਂ ਬਾਈਬਲ ਪੜ੍ਹੀ ਜਾਣੀ ਤੇ ਇਹ ਸਭ ਕੁੱਝ ਹਰ ਰੋਜ਼ ਤੇ ਵਾਰ ਵਾਰ ਕਰੀ ਜਾਣਾ, ਕੀ ਇਹ ਬੇਤੁਕਾ ਨਹੀਂ ਹੈ। ਜੇ ਕੋਈ ਲਿਖੀ ਚੀਜ਼ ਚੰਗੀ ਵੀ ਹੋਵੇ, ਉਸ ਨੂੰ ਪੜ੍ਹ ਕੇ ਸਿੱਖ ਲਵੋ ਤੇ ਉਸ ਮੁਤਾਬਿਕ ਚੱਲ ਸਕੋ ਤਾਂ ਚੱਲੋ, ਪਰ ਵਾਰ ਵਾਰ ਪੜ੍ਹਨ ਦਾ ਮਤਲਬ ਸਮਾਂ ਖਰਾਬ ਕਰਨ ਤੋਂ ਸਿਵਾ ਜਾਂ ਆਪਣੇ ਮਨ ਨੂੰ ਨਿੱਸਲ ਕਰਨ ਤੋਂ ਇਲਾਵਾ ਹੋਰ ਕੀ ਹੋ ਸਕਦਾ ਹੈ?

ਵੈਸੇ ਰੱਬ ਦਾ ਨਾਂ ਜਪਣਾ ਜ਼ਰੂਰੀ ਹੈ ਹੀ ਕਿਉਂ? ਕੀ ਉਹ ਵੀ ਉਵੇਂ ਕਰਵਾਉਣਾ ਚਾਹੁੰਦਾ ਹੈ ਜਿਵੇਂ ਰਾਜਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੇ ਦਰਬਾਰੀ ਉਨ੍ਹਾਂ ਦੀ ਸ਼ਾਨ ਲਈ ਚਮਚਾਗਿਰੀ ਕਰਦੇ ਹੋਏ ਉਨ੍ਹਾਂ ਦੇ ਸੋਹਲੇ ਗਾਉਂਦੇ ਸਨ? ਕੀ ਰੱਬ ਵੀ ਚਾਪਲੂਸੀ ਦਾ ਭੁੱਖਾ ਹੈ? ਕੀ ਰੱਬ, ਰੱਬ, ਰੱਬ..., ਵਾਹਿਗੁਰੂ, ਵਾਹਿਗੁਰੂ..., ਅੱਲਾ-ਹੂ-ਅਕਬਰ ਜਾਂ ਯਾ ਖੁਦਾ ..., ਓ ਗੌਡ... ਆਦਿ ਸੁਣ ਕੇ ਉਸਦੇ ਕੰਨ ਨਹੀਂ ਪੱਕ ਜਾਂਦੇ? ਕੀ ਉਹ ਇੰਨਾ ਬੇਵਕੂਫ ਤੇ ਢੀਠ ਹੈ ਕਿ ਆਪਣੇ ਬੱਚਿਆਂ ਨੂੰ ਅਜਿਹੇ ਵਿਅਰਥ ਕੰਮਾਂ 'ਚ ਲਾ ਕੇ ਰੱਖਦਾ ਹੈ?

ਉਹ ਸਾਨੂੰ ਝੁਕਾਉਣਾ ਕਿਉਂ ਚਾਹੁੰਦਾ ਹੈ? ਇੱਕ ਰਾਜੇ ਨੂੰ ਸਿਰ ਝੁਕਾਉਣ ਵਾਲੇ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਉਸ ਨੇ ਉਸ ਤੋਂ ਕਈ ਕੰਮ ਕਰਵਾਉਣੇ ਹੁੰਦੇ ਹਨ, ਪਰ ਰੱਬ ਨੂੰ ਅਜਿਹੇ ਇਨਸਾਨ ਕਿਉਂ ਚਾਹੀਦੇ ਹਨ? ਕੀ ਉਹ ਸਾਡੇ ਮਾਂ-ਬਾਪ ਵਾਂਞ ਸਾਨੂੰ ਪਿਆਰ ਨਹੀਂ ਕਰ ਸਕਦਾ ਤੇ ਆਪਣੇ ਗਲੇ ਨਹੀਂ ਲਾ ਸਕਦਾ? ਉਹ ਸਾਨੂੰ ਪੈਰਾਂ 'ਚ ਕਿਉਂ ਪਾਉਣਾ ਚਾਹੁੰਦਾ ਹੈ? ਇਹ ਸਭ ਧਰਮਾਂ 'ਚ ਹੀ ਹੈ, ਕੁੱਝ ਇਸ ਤਰ੍ਹਾਂ ਤੇ ਕੁੱਝ ਉਸ ਤਰ੍ਹਾਂ, ਪਰ ਹੈ ਸਭ ਇਹੋ ਜਿਹਾ ਹੀ।

ਇਨ੍ਹਾਂ ਸਭ ਸਵਾਲਾਂ ਦਾ ਜਵਾਬ ਇੱਕ ਹੀ ਹੋ ਸਕਦਾ ਹੈ ਕਿ ਕੋਈ ਰੱਬ-ਰੁੱਬ ਨਹੀਂ ਹੈ ਤੇ ਇਹ ਸਿਰਫ ਧਾਰਮਿਕ ਲੋਕਾਂ ਦੇ ਢਕਵੰਜ ਬਣਾਏ ਹੋਏ ਹਨ। ਇਹ ਉਨ੍ਹਾਂ ਦੇ ਮੁਫਤ ਦੇ ਵਪਾਰ ਦੇ ਜ਼ੋਰਦਾਰ ਮੁੱਦੇ ਹਨ, ਇਸ ਲਈ ਉਹ ਕਿਸੇ ਵੀ ਅਜਿਹੇ ਵਿਚਾਰ ਤੇ ਵਿਚਾਰਕ ਦਾ ਹਰ ਪੱਧਰ ਤੇ ਡਟ ਕੇ ਵਿਰੋਧ ਕਰਨਗੇ। ਉਸ ਦੀ ਆਪਣੀ ਬਰਾਦਰੀ 'ਚੋਂ ਛੇਕਾ-ਛੇਕੀ, ਉਸ ਦੀ ਕੁੱਟ-ਮਾਰ ਜਾਂ ਉਸ ਉੱਤੇ ਚਿੱਕੜ ਸੁੱਟਣ ਆਦਿ ਦੀਆਂ ਸਭ ਕਾਰਵਾਈਆਂ ਹੀ ਉਸ ਲਈ ਪੇਸ਼ ਹੋਣਗੀਆਂ। ਜੇ ਉਹ ਤਸਲੀਮਾ ਨਸਰੀਨ ਵਾਂਞ ਅੜਿਆ ਰਹੇ ਤਾਂ ਫਿਰ ਉਸ ਦੇ ਸਿਰ ਦਾ ਮੁੱਲ ਰੱਖਿਆ ਜਾਵੇਗਾ ਤਾਂ ਜੋ ਕੋਈ "ਸੂਰਮਾ" ਉਸ ਵਿਚਾਰੇ/ਵਿਚਾਰੀ ਨੂੰ "ਸੋਧ" ਕੇ ਉਹ ਇਨਾਮ ਹਾਸਲ ਕਰ ਸਕੇ ਜੋ ਅਜਿਹੇ "ਸ਼ੁਭ" ਕਾਰਜ ਲਈ ਐਲਾਨਿਆ ਜਾਂਦਾ ਹੈ। ਇਹ ਹਨ ਅਸਲੀ ਧਾਰਮਿਕ ਕੰਮ ਤੇ ਜਿਨ੍ਹਾਂ ਦੀ ਰੱਬ ਦੀ ਹੋਂਦ ਲਈ ਜ਼ਰੂਰਤ ਹੈ। ਕੀ ਇਉਂ ਨਹੀਂ ਲਗਦਾ ਕਿ 'ਰੱਬ' ਨੂੰ ਨਾਸਤਿਕਾਂ ਤੋਂ ਖਤਰ੍ਹਾਂ ਮਹਿਸੂਸ ਹੁੰਦਾ ਹੈ? ਫਿਰ 'ਰੱਬ' ਸਰਬਸ਼ਕਤੀਮਾਨ ।... ਕਿਵੇਂ ਹੋਇਆ?

## ਰੱਬ ਦੇ ਸੰਕਲਪ ਦੇ ਲਾਭ ਤੇ ਹਾਣ

ਬਹੁਤ ਧਾਰਮਿਕ ਲੋਕ ਇਹ ਗੱਲ ਬੜੇ ਜ਼ੋਰ ਨਾਲ ਕਹਿੰਦੇ ਹਨ ਕਿ ਧਰਮਾਂ ਕਾਰਨ ਹੀ ਲੋਕ ਠੀਕ ਕੰਮਾਂ 'ਚ ਰੁੱਝੇ ਰਹਿੰਦੇ ਹਨ, ਮਤਲਬ ਕਿ ਗਲਤ ਕੰਮ ਨਹੀਂ ਕਰਦੇ। ਪਰ ਥੋੜ੍ਹਾ ਸੋਚਣ ਨਾਲ ਹੀ ਇਸ ਗੱਲ ਦੀ ਪੋਲ ਖੁੱਲ੍ਹ ਜਾਂਦੀ ਹੈ। ਜੇ ਇਹ ਗੱਲ ਠੀਕ ਹੋਵੇ ਤਾਂ ਫਿਰ ਰੱਬ ਨੂੰ ਨਾ ਮੰਨਣ ਵਾਲੇ ਲੋਕ ਤਾਂ ਭੈੜੇ ਕੰਮਾਂ ਵਾਲੇ ਹੀ ਹੋ ਸਕਦੇ ਹਨ। ਪਰ ਕੀ ਤੁਸੀਂ ਸ਼ਹੀਦ ਭਗਤ ਸਿੰਘ ਤੇ ਸੁਖਦੇਵ (ਜਿਨ੍ਹਾਂ ਨੇ ਲਾਸਾਨੀ ਕੁਰਬਾਨੀਆਂ ਦਿੱਤੀਆਂ), ਕਾਰਲ ਮਾਰਕਸ ਤੇ ਐਂਗਲਜ਼ (ਜਿਨ੍ਹਾਂ ਨੇ ਦੁਨੀਆਂ 'ਚ ਅਰਥ ਵਿਵਸਥਾ ਰਾਹੀਂ ਸਾਡੇ ਸਮਾਜ ਦੀ ਬਣਤ ਦੀ ਥਿਊਰੀ ਦਿੱਤੀ), ਚਾਰਲਸ ਡਾਰਵਿਨ (ਜਿਸ ਨੇ ਜੀਵ ਵਿਗਿਆਨ ਨੂੰ ਕੁਦਰਤੀ ਚੋਣ ਦਾ ਸਿਧਾਂਤ ਦਿੱਤਾ), ਅਲਬਰਟ ਆਈਂਸਟਾਈਨ (ਜਿਸ ਨੇ ਰੈਲੇਟਿਵਟੀ ਦੀ ਥਿਊਰੀ ਦਿੱਤੀ), ਥਾਮਸ ਹਕਸਲੇ, ਜੂਲੀਅਨ ਹਕਸਲੇ ਤੇ ਰਿਚਰਡ ਡਾਕਿਨਜ਼ (ਜੋ ਨਾਮਵਰ ਜੀਵ ਵਿਗਿਆਨੀ ਸਨ/ਹਨ), ਡਾ: ਅਬਰਾਹਾਮ ਕਵੂਰ (ਜਿਸ ਨੇ ਸਾਰੀ ਉਮਰ ਵਹਿਮਾਂ-ਭਰਮਾਂ ਨੂੰ ਸਮਾਜ 'ਚੋਂ ਖਤਮ ਕਰਨ ਦਾ ਕੰਮ ਕੀਤਾ ਤੇ ਤਰਕਸ਼ੀਲ ਸੋਸਾਇਟੀ ਦੀ ਨੀਂਹ ਰੱਖੀ) ਤੇ ਹੋਰ ਬਹੁਤ ਸਾਰੇ ਵਿਗਿਆਨੀ (ਜੋ ਆਪਣਾ ਪੂਰਾ ਜੀ-ਜਾਨ ਲਾ ਕੇ ਦੁਨੀਆ ਦੀ ਸੇਵਾ ਕਰ ਰਹੇ ਹਨ) ਨੂੰ ਭੈੜੇ ਮਨੁੱਖ ਕਹੋਗੇ? ਇਨ੍ਹਾਂ ਦੇ ਮੁਕਾਬਲੇ ਧਰਮ ਦੇ ਨਾਂ ਤੇ ਅਫੀਮ, ਡੋਡੇ, ਭੁੱਕੀ ਤੇ ਹੋਰ ਨਸ਼ੇ ਸਾਡੇ ਗਭਰੀਟਾਂ ਨੂੰ ਵੇਚਣ ਵਾਲੇ ਧਾਰਮਿਕ ਲੀਡਰਾਂ ਜਾਂ 'ਸੇਵਾਦਾਰਾਂ' ਨੂੰ ਕੀ ਤੁਸੀਂ ਚੰਗੇ ਮਨੁੱਖ ਕਹੋਗੇ? ਇਨ੍ਹਾਂ ਦੇ ਨਾਲ ਯਾਦ ਰੱਖੋ ਕਿ ਮੁੰਬਈ ਦੇ ਅੱਤਵਾਦੀ ਹਮਲੇ 'ਚ ਸ਼ਾਮਿਲ ਹਮਲਾਵਰ ਸਾਰੇ ਦੇ ਸਾਰੇ ਧਾਰਮਿਕ ਲੜਾਕੇ (ਜਿਹਾਦੀ) ਸਨ, ਮਾਲੇਗਾਓਂ ਦੇ ਧਮਾਕਿਆਂ ਵਾਲੇ ਵੀ ਧਾਰਮਿਕ ਲੀਡਰ ਹੀ ਸਨ। ਕੀ ਧਰਮਾਂ ਨੇ ਇਨ੍ਹਾਂ ਨੂੰ ਸਿੱਧੇ ਰਸਤੇ ਤੇ ਰੱਖਿਆ ਜਾਂ ਪੁੱਠੇ ਰਸਤੇ ਪਾਇਆ?

ਇਹ ਤਾਂ ਨਮੂਨੇ ਮਾਤਰ ਹਨ, ਹਰ ਇਨਸਾਨ ਆਪਣੇ ਆਲ਼ੇ ਦੁਆਲ਼ੇ 'ਚੋਂ ਝਾਤ ਮਾਰ ਕੇ ਇਹ ਫੈਸਲਾ ਆਪ ਹੀ ਕਰ ਸਕਦਾ ਹੈ ਕਿ ਧਰਮ ਕਿਸੇ ਨੂੰ ਸਿੱਧੇ ਰਸਤੇ ਤੇ ਰੱਖਣ ਦੀ ਕੋਈ ਗਰੰਟੀ ਨਹੀਂ ਹੈ। ਜੋ ਸਾਡੀ ਸਮਾਜਿਕ ਕੋਡ ਹੈ ਉਸ ਦਾ ਧਰਮ ਨਾਲ ਨਾਤਾ ਜ਼ਰੂਰ ਜੋੜਿਆ ਗਿਆ ਹੈ, ਪਰ ਜੋ ਉਸ ਤੋਂ ਬਿਨਾਂ ਵੀ ਚੱਲ ਰਹੀ ਹੈ। ਸਾਡਾ ਇੱਕ ਦੂਜੇ ਨਾਲ ਵਧੀਆ ਵਤੀਰਾ ਸਾਡੀ ਜ਼ਰੂਰਤ ਹੈ ਜਿਸ ਬਗੈਰ ਸਮਾਜਿਕ ਜੀਵਨ ਸੰਭਵ ਨਹੀਂ ਹੈ। ਜ਼ਿਆਦਾਤਰ ਲੋਕ ਇਸ ਕੋਡ ਨੂੰ ਆਪਣੇ ਪਰੀਵਾਰਾਂ 'ਚ ਪਲਣ-ਪੋਸਣ ਵੇਲੇ ਸਿੱਖ ਲੈਂਦੇ ਹਨ। ਧਰਮਾਂ ਵਿੱਚ ਵੀ ਅਜਿਹੇ ਕੋਡ ਹੁੰਦੇ ਹਨ ਜੋ ਤਕਰੀਬਨ ਸਭ ਧਰਮਾਂ 'ਚ ਹੀ ਠੀਕ-ਠਾਕ ਹਨ। ਇਸ ਚੀਜ਼ ਦੇ ਅਧਾਰ ਤੇ ਹੀ ਇਹ ਕਿਹਾ ਜਾਂਦਾ ਹੈ ਕਿ ਧਰਮ ਦੁਸ਼ਮਣੀ ਕਰਨਾ ਨਹੀਂ ਸਿਖਾਉਂਦੇ ਸਗੋਂ ਇੱਕ-ਦੂਜੇ ਨੂੰ ਪਿਆਰ ਕਰਨਾ ਸਿਖਾਉਂਦੇ ਹਨ। ਸਾਡੇ ਮਸ਼ਹੂਰ ਫਿਲਾਸਫਰ ਕਵੀ ਅੱਲਮਾ ਇਕਬਾਲ ਦਾ ਖਿਆਲ ਸੀ: ***"ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ।"*** ਇਹ ਸੁਣਨ ਲਈ ਬੜਾ ਚੰਗਾ ਲਗਦਾ ਹੈ, ਪਰ ਫਿਰ ਮਜ਼ਹਬਾਂ 'ਚ ਲੜਾਈ ਕਿਉਂ ਹੁੰਦੀ ਹੈ? ਦੁਨੀਆ ਦੀਆਂ ਅੱਜ ਦੀਆਂ ਵੱਡੀਆਂ ਮੁਸ਼ਕਲਾਂ ਮਜ਼ਹਬਾਂ ਦੇ ਨਾਂ ਥੱਲੇ ਤਾਂ ਖੜ੍ਹੀਆਂ ਹਨ! ਪਾਰਸੀਆਂ, ਈਸਾਈਆਂ, ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੇ ਮਸਲੇ ਆਦਿ ਕੀ ਇਸ ਗੱਲ ਦੇ ਸਬੂਤ ਨਹੀਂ ਹਨ ਕਿ ਧਰਮਾਂ ਨੂੰ ਬੜੀ ਖੂਬੀ ਨਾਲ ਲੋਕਾਂ ਨੂੰ ਲੜਾਉਣ ਲਈ ਵਰਤਿਆ ਜਾ ਰਿਹਾ ਹੈ? ਮੈਂ ਇਕਬਾਲ ਦੇ ਸ਼ੇਅਰ ਨੂੰ ਇਸ ਸੰਦਰਭ 'ਚ ਇਉਂ ਲਿਖਣਾ ਚਾਹੂੰਗਾ: ***"ਮਜ਼ਹਬ ਸੇ ਸੀਖ ਜਾਤੇਂ ਹੈਂ ਹਮ ਆਪਸ ਮੇਂ ਵੈਰ ਰਖਨਾ।"***

ਕੀ ਇੱਕ ਧਾਰਮਿਕ ਇਨਸਾਨ ਆਪਣੇ ਧਰਮ ਤੋਂ ਬਿਨਾਂ ਦੂਜੇ ਧਰਮ ਨੂੰ ਸੱਚ-ਮੁੱਚ ਹੀ ਵਧੀਆ ਧਰਮ ਮੰਨ ਸਕਦਾ ਹੈ? ਮੇਰਾ ਜਵਾਬ ਹੈ ਕਿ ਕਦੇ ਵੀ ਨਹੀਂ। ਜੇ ਉਹ ਇਹ ਮੰਨੇਗਾ ਤਾਂ ਆਪਣਾ ਧਰਮ ਛੱਡ ਕੇ ਦੂਜਾ ਧਰਮ ਅਪਣਾ ਲਏਗਾ ਤੇ ਫਿਰ ਉਸੇ ਨੂੰ ਹੀ ਵਧੀਆ ਮੰਨੇਗਾ। ਇੱਕ ਨਾਸਤਿਕ ਤਾਂ ਸਭ ਧਰਮਾਂ ਨੂੰ ਬਰਾਬਰਤਾ ਜਾਂ ਬਰਬਰਤਾ ਦਾ ਦਰਜਾ ਦੇ ਸਕਦਾ ਹੈ ਪਰ ਆਸਤਿਕ ਨਹੀਂ। ਧਾਰਮਿਕ ਇਨਸਾਨਾਂ ਨੂੰ ਜੇ ਨੇੜਿਓਂ ਦੇਖੀਏ ਤਾਂ ਪਤਾ ਲੱਗੇਗਾ ਕਿ ਉਹ ਬਹੁਤ ਹੀ ਖੁਦਗਰਜ਼ ਹਨ। ਜਦੋਂ ਉਹ ਅਰਦਾਸ ਕਰਦੇ ਹਨ ਤਾਂ ਸਭ ਤੋਂ ਪਹਿਲਾਂ ਆਪਣੀ ਸੁਰਗ ਦੀ ਸੀਟ ਬੁੱਕ ਕਰਵਾਉਣ ਦੀ ਗੱਲ ਕਰਦੇ ਹਨ, ਬਾਕੀ ਸਭ ਬਾਅਦ 'ਚ ਹੀ ਯਾਦ ਆਉਂਦਾ ਹੈ।

ਮੈਨੂੰ ਉਮੀਦ ਹੈ ਕਿ ਇਹ ਗੱਲਾਂ ਮੇਰੇ ਸੁਹਿਰਦ ਪਾਠਕਾਂ ਨੂੰ ਇੱਕ ਵਾਰ ਫਿਰ ਤੋਂ ਸੋਚਣ ਲਈ ਉਕਸਾਉਣਗੀਆਂ ਜੋ ਉਨ੍ਹਾਂ ਦੇ ਫਲਸਫੇ ਜਾਂ ਦੁਨੀਆ ਨੂੰ ਦੇਖਣ ਦੇ ਨਜ਼ਰੀਏ ਹੋਰ ਪਰਪੱਕ ਕਰਨ 'ਚ ਸਹਾਈ ਹੋਣਗੀਆਂ। ਮੈਂ ਫ਼ੈਜ਼ ਅਹਿਮਦ ਫ਼ੈਜ਼ ਦਾ ਸ਼ੇਅਰ ਕਹਿ ਕੇ ਇਹ ਲੇਖ ਬੰਦ ਕਰਦਾ ਹਾਂ:

***ਫਕਤ ਏਕ ਨਜ਼ਰ ਤੋ ਹੈ ਹਮਾਰੇ ਪਾਸ ਦੁਨੀਆ ਦੇਖਨੇ ਕੇ ਲੀਏ, ਫਿਰ ਕਿਉਂ ਨਾ ਦੇਖੇਂ ਦੁਨੀਆ ਕੋ ਅਪਨੀ ਨਜ਼ਰ ਸੇ ਹਮ।*** ਜਾਣੀ ਸਾਨੂੰ ਆਪਣੀ ਨਜ਼ਰ ਤੇ ਨਜ਼ਰੀਏ ਨਾਲ ਹੀ ਦੁਨੀਆ ਦੀ ਸਮਝ ਆ ਸਕਦੀ ਹੈ। ਜੋ ਸਮਝ ਨਹੀਂ ਆ ਰਿਹਾ ਉਹ ਝੂਠ ਹੋ ਸਕਦਾ ਹੈ, ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ***

---

# ਉੱਤਰੀ ਅਮਰੀਕਾ ਦੇ ਪੰਜਾਬੀ ਸਾਹਿਤ ਬਾਰੇ ਕਾਨਫਰੰਸ

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ 27, 28 ਜੂਨ 2009 ਨੂੰ ਸਰੀ, ਕਨੇਡਾ ਵਿਖੇ ਉੱਤਰੀ ਅਮਰੀਕਾ ਦੇ ਪੰਜਾਬੀ ਸਾਹਿਤ ਬਾਰੇ ਇਕ ਕਾਨਫਰੰਸ ਕਰਵਾਈ ਜਾ ਰਹੀ ਹੈ। ਇਸ ਕਾਨਫਰੰਸ ਵਿੱਚ ਹੇਠ ਲਿਖਿਆਂ ਵਿਸ਼ਿਆਂ ਬਾਰੇ ਪੇਪਰਾਂ ਅਤੇ ਪੈਨਲ-ਗੋਸ਼ਟੀਆਂ ਰਾਹੀਂ ਵਿਚਾਰ ਵਟਾਂਦਰਾ ਕੀਤਾ ਜਾਵੇਗਾ:

* ਕਨੇਡੀਅਨ ਪੰਜਾਬੀ ਸਾਹਿਤ ਦਾ ਲੇਖਾ ਜੋਖਾ - ਪੇਪਰ
* ਕਨੇਡਾ ਵਿੱਚ ਪੰਜਾਬੀ ਔਰਤਾਂ ਦਾ ਸਾਹਿਤ - ਪੈਨਲ
* ਅਮਰੀਕਾ ਦਾ ਪੰਜਾਬੀ ਸਾਹਿਤ - ਪੇਪਰ
* ਕਨੇਡੀਅਨ ਪੰਜਾਬੀ ਸਾਹਿਤ ਅਤੇ ਆਲੋਚਨਾ - ਪੈਨਲ
* ਇੰਟਰਨੈੱਟ, ਵੈੱਬਪਬਲਿਸ਼ਿੰਗ ਅਤੇ ਸਾਹਿਤ ਦਾ ਪ੍ਰਸਾਰ - ਪੇਪਰ
* ਅਜੋਕੀਆਂ ਸਥਿਤੀਆਂ ਵਿੱਚ ਲਿਖਣ ਦੀ ਸਾਰਥਕਤਾ - ਪੈਨਲ
* ਲੇਖਕ ਸਵੈ ਅਤੇ ਰਚਨਾ - ਪੇਪਰ
* ਕਨੇਡਾ ਵਿੱਚ ਪੰਜਾਬੀ ਬੋਲੀ ਨੂੰ ਸਰਕਾਰੀ ਬੋਲੀ ਵਜੋਂ ਮਾਨਤਾ ਦਾ ਸਵਾਲ - ਪੇਪਰ
* ਕਨੇਡਾ ਦਾ ਪੰਜਾਬੀ ਮੀਡੀਆ ਅਤੇ ਸਾਹਿਤ -ਪੈਨਲ

ਕਾਨਫਰੰਸ ਬਾਰੇ ਹੋਰ ਜਾਣਕਾਰੀ ਲੈਣ ਲਈ ਪੰਜਾਬੀ ਲੇਖਕ ਮੰਚ ਦੇ ਕੋਆਰਡੀਨੇਟਰਾਂ (ਜਰਨੈਲ ਸੇਖਾ: 604-543-8721 ਜਾਂ ਦਰਸ਼ਨ ਗਿੱਲ: 604-582-3265) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ***

ਲੇਖ

# ਗਾਜ਼ਾ ਵਿੱਚ ਸੱਚੀਂ ਕੀ ਹੋਇਆ, ਇਹ ਜਾਣ ਕੇ ਤੁਸੀਂ ਸਦਾ ਲਈ ਬਦਲ ਜਾਵੋਗੇ

## ਮਦੇਆ ਬੈਂਜਮਿਨ

(ਸਾਲ 2009 ਦੇ ਸ਼ੁਰੂ ਵਿੱਚ ਇਜ਼ਰਾਇਲ ਨੇ ਗਾਜ਼ਾ ਉੱਪਰ ਫੌਜੀ ਹਮਲਾ ਕੀਤਾ ਜੋ 22 ਦਿਨ ਚਲਦਾ ਰਿਹਾ। ਇਸ ਹਮਲੇ ਤੋਂ ਬਾਅਦ ਅਮਰੀਕਾ ਵਿੱਚ ਰਹਿੰਦੀ ਇਕ ਯਹੂਦੀ ਔਰਤ ਮਦੇਆ ਬੈਂਜਮਿਨ ਨੇ ਗਾਜ਼ਾ ਦਾ ਦੌਰਾ ਕੀਤਾ। ਮਦੇਆ ਗਲੋਬਲ ਐਕਸਚੇਂਜ ਨਾਂ ਦੀ ਸੰਸਥਾਂ ਦੇ ਬਾਨੀਆਂ ਵਿੱਚੋ ਇਕ ਹੈ ਅਤੇ ਕੋਡਪਿੰਕ:ਵਿਮਨ ਫਾਰ ਪੀਸ ਦੀ ਮੈਂਬਰ ਹੈ। ਇਸ ਦੌਰੇ ਦੌਰਾਨ ਉਸ ਨੇ ਜੋ ਕੁਝ ਗਾਜ਼ਾ ਵਿੱਚ ਦੇਖਿਆ, ਉਸ ਬਾਰੇ ਉਸ ਨੇ ਆਪਣੇ ਅਨੁਭਵ ਇਕ ਛੋਟੇ ਜਿਹੇ ਪਰ ਸ਼ਕਤੀਸ਼ਾਲੀ ਲੇਖ ਵਿੱਚ ਲਿਖੇ ਹਨ। ਇਹ ਲੇਖ 12 ਫਰਵਰੀ 2009 ਨੂੰ ਅਲਟਰਨੈੱਟ ਦੇ ਵੈੱਬਸਾਈਟ ਉੱਤੇ ਪ੍ਰਕਾਸ਼ਿਤ ਹੋਇਆ ਸੀ। ਉਸ ਲੇਖ ਦਾ ਪੰਜਾਬੀ ਅਨੁਵਾਦ ਵਤਨ ਦੇ ਪਾਠਕਾਂ ਲਈ ਹਾਜ਼ਰ ਹੈ – ਸੰਪਾਦਕ)

ਜੋ ਕੁਝ ਮੈਂ ਦੇਖਿਆ ਉਹ ਇਕ ਸਮੂਹਿਕ ਸਜ਼ਾ ਵਾਂਗ ਸੀ, ਪਿੱਛੇ ਰਹਿ ਗਈਆਂ ਸਨ ਗਮਗੀਨ ਮਾਵਾਂ, ਗੁੱਸੇ ਭਰੇ ਬਾਪ ਅਤੇ ਸਦਮੇ ਨਾਲ ਸਹਿਮੇ ਹੋਏ ਬੱਚੇ।

ਜਦੋਂ ਮੈਂ ਪਿਛਲੇ ਹਫਤੇ ਗਾਜ਼ਾ ਗਈ ਤਾਂ ਹਰ ਥਾਂ ਇਕ ਫੋਟੋ ਮੈਨੂੰ ਤੰਗ ਕਰਦੀ ਰਹੀ। ਮੈਂ ਇਸ ਨੂੰ ਇਕ ਬਰੋਸ਼ਰ ਵਿੱਚ ਦੇਖਿਆ ਸੀ ਜਿਸ ਦਾ ਨਾਂ ਸੀ "ਗਾਜ਼ਾ ਕਦੇ ਨਹੀਂ ਮਰੇਗਾ"। ਇਹ ਬਰੋਸ਼ਰ ਹਮਾਸ ਵਲੋਂ ਗਾਜ਼ਾ ਵਿੱਚ ਆਉਣ ਵਾਲੇ ਹਰ ਯਾਤਰੂ ਨੂੰ ਦਿੱਤਾ ਗਿਆ ਸੀ। ਇਸ ਫੋਟੋ ਦੀ ਇਕ ਪੋਸਟਰ ਜਿੱਡੀ ਕਾਪੀ ਗਾਜ਼ਾ ਸ਼ਹਿਰ ਦੇ ਸ਼ੀਫਾ ਹਸਪਤਾਲ ਦੇ ਬਾਹਰ ਇਕ ਆਰਜ਼ੀ ਸਮਾਰਕ ਵਿਖੇ ਲਾਈ ਹੋਈ ਸੀ। ਹੁਣ ਜਦੋਂ ਮੈਂ ਵਾਪਸ ਘਰ ਆ ਗਈ ਹਾਂ, ਤਾਂ ਇਹ ਫੋਟੋ ਵਾਰ ਵਾਰ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੀ ਹੈ, ਜਦੋਂ ਮੈਂ ਪਾਰਕ ਵਿੱਚ ਖੇਡਦੇ ਬੱਚਿਆਂ ਵਲ ਦੇਖਦੀ ਹਾਂ, ਜਦੋਂ ਮੈਂ ਸੜਕ ਤੋਂ ਪਾਰਲੇ ਸਕੂਲ ਵਲ ਨਜ਼ਰ ਮਾਰਦੀ ਹਾਂ, ਜਦੋਂ ਮੈਂ ਰਾਤ ਨੂੰ ਸੌਂਣ ਜਾਂਦੀ ਹਾਂ।

ਇਹ ਫੋਟੋ ਇਕ ਛੋਟੀ ਜਿਹੀ ਫਲਸਤੀਨੀ ਬੱਚੀ ਦੀ ਹੈ ਜੋ ਬੰਬ ਧਮਾਕੇ ਕਾਰਨ ਜਿਉਂਦੀ ਹੀ ਮਲਬੇ ਵਿੱਚ ਦੱਬੀ ਗਈ ਸੀ। ਸਿਰਫ ਉਸ ਦਾ ਸਿਰ ਹੀ ਮਲਬੇ ਤੋਂ ਬਾਹਰ ਹੈ। ਉਸ ਦੀਆਂ ਅੱਖਾਂ ਬੰਦ ਹਨ, ਮੂੰਹ ਥੋੜ੍ਹਾ ਜਿਹਾ ਖੁੱਲ੍ਹਾ ਹੈ ਜਿਵੇਂ ਉਹ ਡੂੰਘੀ ਨੀਂਦ ਵਿੱਚ ਹੋਵੇ। ਉਸ ਦੇ ਬੁੱਲ੍ਹਾਂ, ਉਸ ਦੀਆਂ ਗੱਲ੍ਹਾਂ, ਉਸ ਦੇ ਵਾਲਾਂ ਉੱਤੇ ਸੁੱਕੇ ਖੂਨ ਦੇ ਧੱਬੇ ਹਨ। ਇਕ ਦਸਤਾਨੇ ਵਾਲਾ ਹੱਥ ਉਸ ਦੇ ਮੱਥੇ ਨੂੰ ਛੂਹਣ ਜਾ ਰਿਹਾ ਹੈ। ਏਨੇ ਵੱਡੇ ਵਹਿਸ਼ੀਪੁਣੇ ਵਿਚਕਾਰ ਮਿਹਰ ਦਾ ਆਖਰੀ ਸੰਕੇਤ।

ਮੈਂ ਸੋਚਦੀ ਹਾਂ ਕਿ ਇਸ ਛੋਟੀ ਬੱਚੀ ਦਾ ਨਾਂ ਕੀ ਸੀ। ਉਸ ਦੀ ਉਮਰ ਕਿੰਨੀ ਸੀ? ਜਦੋਂ ਉਸ ਦੇ ਘਰ ਉੱਤੇ ਬੰਬ ਡਿਗਿਆ ਸੀ ਤਾਂ ਕੀ ਉਹ ਉਸ ਵੇਲੇ ਸੌਂ ਰਹੀ ਸੀ? ਕੀ ਉਸ ਦੀ ਇਕਦਮ ਮੌਤ ਹੋ ਗਈ ਸੀ ਜਾਂ ਉਹ ਹੌਲੀ ਹੌਲੀ ਦੁੱਖ ਦੇਣ ਵਾਲੀ ਮੌਤ ਮਰੀ ਸੀ? ਉਹ ਦੇ ਮਾਪੇ ਕਿੱਥੇ ਹਨ, ਉਹਦੇ ਭੈਣ ਭਰਾ ਕਿੱਥੇ ਹਨ? ਉਹਨਾਂ ਦਾ ਕੀ ਹਾਲ ਹੈ?

ਗਾਜ਼ਾ ਉੱਪਰ ਇਜ਼ਰਾਇਲੀ ਫੌਜ ਦੇ 22 ਦਿਨਾਂ ਦੇ ਫੌਜੀ ਹਮਲੇ ਦੌਰਾਨ ਮਾਰੇ ਗਏ 1330 ਫਲਸਤੀਨੀਆਂ ਵਿੱਚੋਂ 437 ਬੱਚੇ ਸਨ। ਮੈਂ ਇਕ ਵਾਰ ਫਿਰ ਕਹਿੰਦੀ ਹਾਂ: 437 ਬੱਚੇ – ਹਰ ਇਕ ਸਾਡੇ ਆਪਣੇ ਬੱਚਿਆਂ ਵਰਗਾ ਖੂਬਸੂਰਤ ਅਤੇ ਕੀਮਤੀ।

ਇਕ ਯਹੂਦੀ, ਇਕ ਅਮਰੀਕਨ ਅਤੇ ਇਕ ਮਾਂ ਹੁੰਦੇ ਹੋਏ, ਪ੍ਰਤੱਖ ਰੂਪ ਵਿੱਚ ਮੈਂ ਇਹ ਦੇਖ ਕੇ ਲਾਚਾਰ ਮਹਿਸੂਸ ਕੀਤਾ ਕਿ ਮੇਰੇ ਲੋਕਾਂ ਅਤੇ ਮੇਰੇ ਟੈਕਸ ਡਾਲਰਾਂ ਨੇ ਇਸ ਹਮਲੇ ਦੌਰਾਨ ਕੀ ਕੁਝ ਕੀਤਾ ਹੈ। ਗਾਜ਼ਾ ਦੀ ਫੇਰੀ ਨੇ ਮੈਨੂੰ ਅਸਹਿਣਯੋਗ ਉਦਾਸੀ ਨਾਲ ਭਰ ਦਿੱਤਾ। ਹਮਾਸ ਦੇ ਆਦਿਕਲੀਨੀ ਹਥਿਆਰਾਂ ਦੇ ਮੁਕਾਬਲੇ ਇਜ਼ਰਾਇਲ ਕੋਲ ਮਾਰਨ, ਅਪੰਗ ਬਣਾਉਣ ਅਤੇ ਤਬਾਹ ਕਰਨ ਲਈ ਏਨੇ ਜ਼ਿਆਦੇ ਆਧੁਨਿਕ ਹਥਿਆਰ ਸਨ – ਬਿਨਾਂ ਆਦਮੀ ਚੱਲਣ ਵਾਲੇ ਛੋਟੇ ਜਹਾਜ਼ (ਡਰੋਨਜ਼), "ਸਮਾਰਟ" ਬੰਬ (ਜੋ ਆਪਣੇ ਨਿਸ਼ਾਨੇ ਤੋਂ ਚੁੱਕ ਜਾਂਦੇ ਹਨ) ਸੁਟਣ ਵਾਲੇ ਐੱਫ 16, ਮਿਜ਼ਾਇਲਾਂ ਦਾਗਣ ਵਾਲੇ ਅਪਾਚੀ ਹੈਲੀਕਾਪਟਰ, ਧਰਤੀ ਤੋਂ ਗੋਲੇ ਸੁੱਟਣ ਵਾਲੇ ਟੈਂਕ ਅਤੇ ਸਮੁੰਦਰ ਵਿੱਚੋਂ ਫਾਇਰ ਕਰਨ ਵਾਲੇ ਜਹਾਜ਼। 'ਮੇਡ ਇਨ ਯੂ ਐੱਸ ਏ' ਦੀਆਂ ਮੁਹਰਾਂ ਵਾਲੇ ਇਨੇ ਜ਼ਿਆਦਾ ਭਿਆਨਕ ਹਥਿਆਰ। ਜਦੋਂ ਕਿ 1330 ਫਲਸਤੀਨੀਆਂ ਦੇ ਮੁਕਾਬਲੇ 13 ਇਜ਼ਰਾਇਲੀ ਮੌਤਾਂ ਦੇ ਮੱਦੇਨਜ਼ਰ ਹਮਾਸ ਵਲੋਂ ਇਜ਼ਰਾਇਲ ਦੇ ਪਿੰਡਾਂ ਉੱਤੇ ਹਮਲੇ ਨਿੰਦਣਯੋਗ ਹਨ, ਪਰ ਇਜ਼ਰਾਇਲ ਦਾ ਬੇਮੇਲ ਜੁਆਬ ਅਨੈਤਿਕ ਹੈ।



ਜੇ ਹਮਲਾ ਹਮਾਸ ਨੂੰ ਖਤਮ ਕਰਨ ਲਈ ਕੀਤਾ ਗਿਆ ਸੀ ਤਾਂ ਇਹ ਬੁਰੀ ਤਰ੍ਹਾਂ ਫੇਲ ਹੋਇਆ ਹੈ। ਸਿਰਫ ਹਮਾਸ ਕੰਟਰੋਲ ਵਿੱਚ ਹੀ ਨਹੀਂ ਸਗੋਂ ਉਸ ਨੂੰ ਬਹੁਤੇ ਲੋਕਾਂ ਦਾ ਸਮਰਥਨ ਹੈ। ਜੇ ਹਮਲਾ ਸਮੂਹਿਕ ਸਜ਼ਾ ਦੇਣ ਨੂੰ ਕੀਤਾ ਗਿਆ ਸੀ ਤਾਂ ਇਹ ਕਾਮਯਾਬ ਹੋਇਆ ਹੈ ਜਿਸ ਕਾਰਨ ਗਮਗੀਨ ਮਾਵਾਂ, ਗੁੱਸੇ ਭਰੇ ਬਾਪ ਅਤੇ ਸਦਮੇ ਨਾਲ ਸਹਿਮੇ ਹੋਏ ਬੱਚੇ ਪਿੱਛੇ ਰਹਿ ਗਏ ਹਨ।

ਤਬਾਹੀ ਦਾ ਅੰਦਾਜ਼ਾ ਲਾਉਣ ਲਈ ਇੰਟਰਨੈੱਟ ਤੇ ਪ੍ਰਾਪਤ 'ਗਾਜ਼ਾ: ਮੈਸੇਕਰ ਆਫ ਚਿਲਡਰਨ' ਨਾਂ ਦਾ ਸਲਾਈਡ ਸ਼ੋਅ ਅੱਗੇ ਦਿੱਤੇ ਵੈੱਬਸਾਈਟ ਉੱਤੇ www.aztlan.net/gaza/gaza_massacre_of_children.php ਦੇਖੋ। ਇਹ ਉਹਨਾਂ ਸਾਰੇ ਲੋਕਾਂ ਲਈ ਦੇਖਣਾ ਜ਼ਰੂਰੀ ਹੋਣਾ ਚਾਹੀਦਾ ਹੈ ਜਿਹਨਾਂ ਨੇ ਗਾਜ਼ਾ ਦੇ ਹਮਲੇ ਦੀ ਹਿਮਾਇਤ ਕੀਤੀ ਹੈ। ਸ਼ੀਸ਼ ਕਬਾਬ ਵਾਂਗ ਸੜੇ-ਭੁੱਜੇ ਬੱਚੇ। ਕੱਟੇ ਹੋਏ ਧੜ। ਚਿੱਟੀ ਫਾਸਫੋਰਸ ਕਾਰਨ ਪਿਘਲੇ ਹੋਏ ਨੈਣ-ਨਕਸ਼। ਦਰਦ ਵਿੱਚ ਰੋਂਦੇ ਹੋਏ ਚਿਹਰੇ, ਡਰ ਕਾਰਨ ਸਹਿਮੇ ਹੋਏ ਅਤੇ ਦੁੱਖ ਵਿੱਚ ਗੁਸੇ ਹੋਏ।

ਇਹ ਸਲਾਈਡਾਂ ਦੇਖ ਕੇ ਜੇ ਫਿਰ ਵੀ ਕੋਈ ਕਹੇ ਕਿ "ਇਜ਼ਰਾਇਲ ਨੂੰ ਸਵੈ-ਰੱਖਿਆ ਦਾ ਅਧਿਕਾਰ ਹੈ" ਜਾਂ "ਹਮਾਸ ਨੇ ਆਪਣੇ ਲੋਕਾਂ ਉੱਤੇ ਇਹ ਹਮਲਾ ਆਪ ਕਰਵਾਇਆ ਹੈ" ਜਾਂ ਇਸ ਤੋਂ ਅਗਾਂਹ "ਇਜ਼ਰਾਇਲੀ ਫੌਜ ਧੁਰ ਤੱਕ ਨਹੀਂ ਗਈ" ਤਾਂ ਉਹ ਇਕੱਲੇ ਫਲਸਤੀਨੀਆਂ ਦਾ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਦਾ ਬਹੁਤ ਵੱਡਾ ਨੁਕਸਾਨ ਕਰ ਰਿਹਾ ਹੈ।

ਹਮਦਰਦੀ ਸਾਰੇ ਧਰਮਾਂ ਦਾ ਸਭ ਤੋਂ ਵੱਡਾ ਗੁਣ ਹੈ। ਇਹ ਇਕ ਮੁੱਢਲੀ ਮਨੁੱਖੀ ਭਾਵਨਾ ਹੈ ਜੋ ਦੂਜਿਆਂ ਦਾ ਦੁੱਖ ਦੇਖ ਕੇ ਪੈਦਾ ਹੁੰਦੀ ਹੈ ਅਤੇ ਇਨਸਾਨ ਦੇ ਮਨ ਵਿੱਚ ਉਸ ਦੁੱਖ ਨੂੰ ਖਤਮ ਕਰਨ ਦੀ ਇੱਛਾ ਪੈਦਾ ਕਰਦੀ ਹੈ। ਸੱਚੀ ਹਮਦਰਦੀ ਉੱਤੇ ਕਿਸੇ ਦੇ ਆਪਣੇ ਵਿਸ਼ਵਾਸ ਜਾਂ ਪੀੜਤਾਂ ਦੀ ਕੌਮੀਅਤ ਦਾ ਕੋਈ ਅਸਰ ਨਹੀਂ ਹੁੰਦਾ। ਇਹ ਹੱਦਾਂ ਤੋਂ ਅਗਾਂਹ ਲੰਘ ਜਾਂਦੀ ਹੈ; ਇਹ ਸਰਵ-ਸਾਂਝੀ ਬੋਲੀ ਬੋਲਦੀ ਹੈ; ਇਹ ਸਾਂਝੀ ਰੂਹਾਨੀਅਤ ਦੀ ਹਿੱਸੇਦਾਰ ਹੁੰਦੀ ਹੈ। ਉਹਨਾਂ ਤੋਂ, ਜਿਹਨਾਂ ਨੇ ਆਪ ਦੁੱਖ ਜ਼ਰਿਆ ਹੋਵੇ ਜਿਵੇਂ ਹੋਲੋਕਾਸਟ ਦਾ ਦੁੱਖ ਜ਼ਰਨ ਵਾਲੇ, ਡੂੰਘੀ ਹਮਦਰਦੀ ਦੀ ਆਸ ਕੀਤੀ ਜਾਂਦੀ ਹੈ।

ਮੇਰੇ ਗਾਜ਼ਾ ਦੇ ਦੌਰੇ ਦੌਰਾਨ ਇਜ਼ਰਾਇਲ ਵਿੱਚ ਇਲੈਕਸ਼ਨ ਦਾ ਪੂਰਾ ਜ਼ੋਰ ਸੀ। ਜਦੋਂ ਮੈਂ ਢੱਠੇ ਹੋਏ ਸਕੂਲਾਂ, ਖੇਡ ਮੈਦਾਨਾਂ, ਘਰਾਂ, ਮਸੀਤਾਂ ਅਤੇ ਕਲਿਨਿਕਾਂ ਦੇ ਮਲਬੇ ਨੂੰ ਦੇਖ ਰਹੀ ਸਾਂ ਤਾਂ ਮੈਨੂੰ ਬੈਂਜਮਿਨ ਨੈਟਨਯਾਹੂ ਦੇ ਬੋਲ ਯਾਦ ਆ ਰਹੇ ਸਨ, "ਹਮਾਸ ਨੇ ਇਜ਼ਰਾਇਲ ਕੋਲੋਂ ਜਿੰਨੀ ਮਰਜ਼ੀ ਵੱਡੀ ਸੱਟ ਖਾਧੀ ਹੋਵੇ, ਉਹ ਕਾਫੀ ਨਹੀਂ ਹੈ।" ਜਦੋਂ ਮੈਂ ਬੰਬਾਂ ਦੀ ਮਾਰ ਹੇਠ ਆਏ ਹਸਪਤਾਲ ਵਿੱਚ ਉਹਨਾਂ ਮਾਵਾਂ ਨਾਲ ਗੱਲ ਕੀਤੀ ਜਿਹਨਾਂ ਦੇ ਬੱਚੇ ਲਾਈਫ ਸੁਪੋਰਟ ਉੱਤੇ ਸਨ, ਮੈਨੂੰ ਇਲੈਕਸ਼ਨ ਲੜ ਰਹੀ "ਮਾਡਰੇਟ" ਔਰਤ ਜ਼ਿੱਪੀ ਲਿਵਿਨ ਦੀ ਯਾਦ ਆਈ ਜਿਸ ਦਾ ਕਹਿਣਾ ਸੀ ਕਿ ਉਹ ਕਦੇ ਵੀ ਹਮਾਸ ਨਾਲ ਗੱਲਬਾਤ ਨਹੀਂ ਕਰੇਗੀ। ਉਸ ਨੇ ਜ਼ੋਰ ਦੇ ਕੇ ਕਿਹਾ ਸੀ, "ਜ਼ਰੂਰੀ ਹੈ ਕਿ ਦਹਿਸ਼ਤਵਾਦ ਦਾ ਜੁਆਬ ਤਾਕਤ ਨਾਲ ਦਿੱਤਾ ਜਾਵੇ ਅਤੇ ਬਹੁਤ ਸਾਰੀ ਤਾਕਤ ਨਾਲ"। ਅਤੇ ਉਸ ਨੇ ਚਿਤਾਵਨੀ ਦਿੱਤੀ ਸੀ, "ਜੇ ਲੜਾਈ ਰੋਕਣ ਤੱਕ ਅਸੀਂ (ਹਮਾਸ ਨੂੰ) ਬਾਜ਼ ਆਉਣ ਲਈ ਮਜ਼ਬੂਰ ਨਾ ਕਰ ਸਕੇ ਤਾਂ ਅਸੀਂ ਉਨੀ ਦੇਰ ਤੱਕ ਲੜਦੇ ਰਹਾਂਗੇ ਜਿੰਨੀ ਦੇਰ ਤੱਕ ਉਹਨਾਂ ਨੂੰ ਸੁਨੇਹਾ ਨਹੀਂ ਮਿਲ ਜਾਂਦਾ।"

ਮੈਂ ਕਹਿ ਸਕਦੀ ਹਾਂ ਕਿ "ਸੁਨੇਹਾ" ਮਿਲ ਗਿਆ ਹੈ। ਸੁਨੇਹਾ ਇਹ ਹੈ ਕਿ ਇਜ਼ਰਾਇਲ ਉੱਤੇ ਜੰਗੀ ਮੁਜਰਮਾਂ ਦਾ ਰਾਜ ਹੈ ਅਤੇ ਉਹਨਾਂ ਲਈ ਫਲਸਤੀਨੀ ਜ਼ਿੰਦਗੀਆਂ ਦਾ ਕੋਈ ਅਰਥ ਨਹੀਂ। ਹੋਰ ਵੀ ਉਦਾਸੀ ਵਾਲੀ ਗੱਲ ਇਹ ਹੈ ਕਿ ਇਜ਼ਰਾਇਲ ਦੇ

ਲੋਕਾਂ ਨੇ ਨੈਟਨਯਾਹੂ, ਲਿਵਨੀ ਅਤੇ ਅਰਬ ਵਿਰੋਧੀ ਨਸਲਵਾਦੀ ਐਵੀਗਡੋਰ ਲਿਬਰਮੈਨ ਨੂੰ ਵੋਟਾਂ ਪਾ ਕੇ ਜੰਗ ਦੀ ਹਿਮਾਇਤ ਦਾ ਸੁਨੇਹਾ ਦਿੱਤਾ ਹੈ।

ਕਿੱਡਾ ਵੱਡਾ ਦੁਖਾਂਤ ਹੈ ਕਿ ਹੋਲੋਕਾਸਟ ਦੀ ਨਾ ਬਿਆਨ ਕੀਤੀ ਜਾ ਸਕਣ ਵਾਲੀ ਦਹਿਸ਼ਤ ਤੋਂ ਪੈਦਾ ਹੋਇਆ ਦੇਸ਼ ਖੁਦ ਇਕ ਅਜਿਹਾ ਦੇਸ਼ ਬਣ ਗਿਆ ਹੈ ਜੋ ਫਲਸਤੀਨੀਆਂ ਦੇ ਕਤਲੇਆਮ ਦਾ ਸਮਰਥਨ ਕਰਦਾ ਹੈ।

ਇਥੇ ਅਮਰੀਕਾ ਵਿੱਚ ਕਾਂਗਰਸ ਨੇ ਫਲਸਤੀਨੀ ਲੋਕਾਂ ਦੇ ਦੁੱਖਾਂ ਨੂੰ ਅਣਗੌਲਿਆਂ ਕਰ ਕੇ ਇਜ਼ਰਾਇਲੀ ਸਟੇਟ ਨੂੰ ਪੂਰਾ ਸਮਰਥਨ ਦਿੱਤਾ। 535 ਮੈਂਬਰਾਂ ਵਿੱਚੋਂ ਪੰਜਾਂ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਹਮਲੇ ਨੂੰ ਜਾਇਜ਼ ਸਿੱਧ ਕਰਦੇ ਮਤੇ ਦੀ ਹਿਮਾਇਤ ਕੀਤੀ, ਹਮਾਸ ਉੱਪਰ ਗਲਤ ਦੋਸ਼ ਲਾਇਆ ਕਿ ਉਸ ਨੇ ਗੋਲਾਬੰਦੀ ਦੀ ਉਲੰਘਣਾ ਕੀਤੀ ਹੈ ਅਤੇ ਗਾਜ਼ਾ ਵਿੱਚ ਮਨੁੱਖੀ ਸਹਾਇਤਾ ਪਹੁੰਚਾਉਣ ਵਿੱਚ ਮਦਦ ਕਰਨ ਲਈ ਇਜ਼ਰਾਇਲ ਦੀ ਉਸ ਸਮੇਂ ਸ਼ਲਾਘਾ ਕੀਤੀ ਜਦੋਂ ਖਾਣਾ ਨੇੜਲੀਆਂ ਹੱਦਾਂ ਉੱਪਰ ਸੜ ਰਿਹਾ ਸੀ।

ਅਸੀਂ ਦੇਖਿਆ ਕਿ ਗਾਜ਼ਾ ਦੇ ਲੋਕ ਓਬਾਮਾ ਦੀ ਸਰਕਾਰ ਤੋਂ ਛੋਟੀ ਜਿਹੀ ਆਸ ਦੀ ਉਮੀਦ ਰੱਖਦੇ ਹਨ। ਬਹੁਤੇ ਲੋਕ ਇਸ ਗੱਲੋਂ ਦੁਖੀ ਸਨ ਕਿ ਓਬਾਮਾ ਹਮਲੇ ਦੌਰਾਨ ਕਿਉਂ ਨਹੀਂ ਬੋਲਿਆ ਅਤੇ ਉਸ ਦਾ ਸ਼ਾਂਤੀ ਦੂਤ ਜੌਰਜ ਮਿਚਲ, ਮਿਡਲ ਈਸਟ ਦੇ ਆਪਣੇ ਪਹਿਲੇ ਦੌਰੇ ਦੌਰਾਨ ਗਾਜ਼ਾ, ਇਥੋਂ ਤੱਕ ਕਿ ਸੀਰੀਆ ਵਿੱਚ ਕਿਉਂ ਨਹੀਂ ਆਇਆ। ਪਰ ਉਹ ਮਹਿਸੂਸ ਕਰਦੇ ਸਨ ਕਿ ਮਿਚਲ ਇੱਕ ਚੰਗੀ ਚੋਣ ਹੈ ਅਤੇ ਜੇ ਅਮਰੀਕਾ ਦੇ ਲੋਕ ਓਬਾਮਾ ਨੂੰ ਮੌਕਾ ਦੇਣ ਤਾਂ ਉਹ ਇਕ ਹਾਂ-ਪੱਖੀ ਰੋਲ ਨਿਭਾ ਸਕਦਾ ਹੈ।

ਓਬਾਮਾ ਨੂੰ ਉਹ ਮੌਕਾ ਕੌਣ ਦੇ ਸਕਦਾ ਹੈ? ਫਲਸਤੀਨੀ ਲੋਕਾਂ ਵਲੋਂ ਇਨਸਾਫ ਲਈ ਆਈ ਅਵਾਜ਼ ਦਾ ਹੁੰਗਾਰਾ ਕੌਣ ਭਰ ਸਕਦਾ ਹੈ? ਇਜ਼ਰਾਇਲ ਦੇ ਧੱਕੇ ਦੀ ਹਿਮਾਇਤ ਕਰਨ ਵਾਲੀ ਲੌਬੀ ਏ ਆਈ ਪੀ ਏ ਸੀ ਦਾ ਬਦਲ ਕੌਣ ਬਣ ਸਕਦਾ?

ਇਕ ਜਥੇਬੰਦ, ਗਤੀਸ਼ੀਲ ਅਤੇ ਇਕਸੁਰ ਲੋਕਾਂ ਦੀ ਪੱਧਰ ਤੋਂ ਉੱਠੀ ਲਹਿਰ ਇਸ ਦਾ ਮਹੱਤਵਪੂਰਨ ਬਦਲ ਬਣ ਸਕਦੀ ਹੈ ਅਤੇ ਅਮਰੀਕਾ ਦੇ ਯਹੂਦੀ ਲੋਕ ਇਸ ਲਹਿਰ ਵਿੱਚ ਇਕ ਸ਼ਕਤੀਸ਼ਾਲੀ ਅਵਾਜ਼ ਬਣ ਸਕਦੇ ਹਨ। ਅਸੀਂ ਅਮਰੀਕਾ ਦੀ ਯਹੂਦੀ ਕਮਿਊਨਿਟੀ ਵਿੱਚ ਇਸ ਬਦਲ ਦੀ ਸ਼ੁਰੂਆਤ ਦੇਖ ਸਕਦੇ ਹਾਂ। ਪੂਰੇ ਅਮਰੀਕਾ ਵਿੱਚ ਰੋਸ ਵਜੋਂ ਯਹੂਦੀ ਲੋਕ ਮੁਜਾਹਰਿਆਂ, ਰੈਲੀਆਂ ਵਿੱਚ ਸ਼ਾਮਲ ਹੋਏ ਹਨ ਇੱਥੋਂ ਤੱਕ ਕਿ ਉਹਨਾਂ ਨੇ ਇਜ਼ਰਾਇਲੀ ਦੂਤਘਰਾਂ ਅੱਗੇ ਆਪਣੇ ਆਪ ਨੂੰ ਸੰਗਲੀਆਂ ਨਾਲ ਵੀ ਬੰਨਿਆ ਹੈ। ਜੇ ਸਟਰੀਟ ਅਤੇ ਬ੍ਰਿਟ-ਜ਼ਦਿਕ ਵ'ਸ਼ਾਲੋਮ ਵਰਗੇ ਗਰੁੱਪ ਸਫਾਰਤੀ ਹੱਲ ਲਈ ਦਬਾਅ ਪਾ ਰਹੇ ਹਨ। ਟਿਕਮ ਸਮਾਜਕ ਇਨਸਾਫ ਉੱਤੇ ਆਧਾਰਿਤ ਯਹੂਦੀਆਂ ਦੀ ਰੂਹਾਨੀ ਮੁੜਸੁਰਜੀਤੀ ਬਾਰੇ ਕੰਮ ਕਰ ਰਹੀ ਹੈ। ਮਿਡਲ ਈਸਟ ਚਿਲਡਰਨ ਅਲਾਇੰਸ ਐਂਡ ਮਾਦਰੇ ਫਲਸਤੀਨ ਨੂੰ ਮਾਨਵਵਾਦੀ ਸਹਾਇਤਾ ਭੇਜਦੀ ਹੈ। ਵਿਮਨ ਇਨ ਬਲੈਕ ਪ੍ਰਭਾਵਸ਼ਾਲੀ ਹਫਤਾਵਾਰੀ ਵਿਜ਼ਲਾਂ ਦਾ ਪ੍ਰਬੰਧ ਕਰਦੀ ਹੈ। ਅਮਰੀਕਨ ਜਿਊਜ਼ ਫਾਰ ਜਸਟ ਪੀਸ ਵੈਸਟ ਬੈਂਕ ਵਿੱਚ ਓਲਿਵ ਦੇ ਬੂਟੇ ਲਾ ਰਹੇ ਹਨ। ਜਿਊਜ਼ ਵੁਆਇਸ ਫਾਰ ਪੀਸ ਉਹਨਾਂ ਕਾਰਪੋਰੇਸ਼ਨਾਂ ਵਿੱਚੋਂ ਪੈਸੇ ਕੱਢਣ ਬਾਰੇ ਕਹਿ ਰਹੀ ਹੈ ਜਿਹੜੀਆਂ ਕਾਰਪੋਰੇਸ਼ਨਾਂ ਨੂੰ (ਫਲਸਤੀਨ ਦੇ) ਕਬਜ਼ੇ ਤੋਂ ਮੁਨਾਫਾ ਹੁੰਦਾ ਹੋਵੇ। ਜਿਊਜ਼ ਅਗੇਂਸਟ ਆਕੂਪੇਸ਼ਨ ਅਮਰੀਕਾ ਵਲੋਂ ਇਜ਼ਰਾਇਲ ਨੂੰ ਦਿੱਤੀ ਜਾਂਦੀ ਮਦਦ ਨੂੰ ਬੰਦ ਕਰਨ ਲਈ ਕਹਿ ਰਹੇ ਹਨ।

ਸਾਨੂੰ ਇਹਨਾਂ ਸੰਸਥਾਂਵਾਂ ਅਤੇ ਵੱਡੀ ਲਹਿਰ ਵਿਚਕਾਰ ਹੋਰ ਤਾਲਮੇਲ ਦੀ ਲੋੜ ਹੈ। ਅਤੇ ਸਾਨੂੰ ਹੋਰ ਲੋਕਾਂ ਅਤੇ ਉਹਨਾਂ ਦੀ ਮਜ਼ਬੂਤ ਸ਼ਮੂਲੀਅਤ ਦੀ ਲੋੜ ਹੈ, ਖਾਸ ਕਰਕੇ ਅਮਰੀਕਾ ਦੇ ਯਹੂਦੀ ਲੋਕਾਂ ਵਲੋਂ। ਆਪਣੇ ਪੂਰਵਜਾਂ ਦੀ ਪਿਆਰ ਭਰੀ ਯਾਦ ਵਿੱਚ ਅਤੇ ਆਪਣੇ ਅਤੇ ਫਲਸਤੀਨੀ ਬੱਚਿਆਂ ਦੇ ਭਵਿੱਖ ਲਈ ਅਮਰੀਕਾ ਦੇ ਹੋਰ ਯਹੂਦੀ ਲੋਕਾਂ ਨੂੰ ਅਵਾਜ਼ ਉਠਾਉਣੀ ਚਾਹੀਦੀ ਹੈ। ਜਿਵੇਂ ਨਿਊਯਾਰਕ ਸ਼ਹਿਰ ਵਿੱਚ ਇਕ ਰੋਸ ਮੁਜਾਹਰੇ ਵਿੱਚ ਜਿਊਜ਼ ਅਗੇਂਸਟ ਆਕੂਪੇਸ਼ਨ ਦੇ ਮੈਂਬਰ ਸ਼ਲੋਮ ਸ਼ਵਾਰਟਜ਼ਬਾਰਡ ਨੇ ਕਿਹਾ ਸੀ, "ਅਸੀਂ ਆਪਣੇ ਇਤਿਹਾਸ ਤੋਂ ਜਾਣਦੇ ਹਾਂ ਕਿ ਤਾਰਾਂ ਦੀ ਵਲਗਣ ਅਤੇ ਚੈੱਕਪੋਸਟਾਂ ਦੇ ਪਿੱਛੇ ਕੈਦ ਹੋਣਾ ਕਿਸ ਤਰ੍ਹਾਂ ਹੁੰਦਾ ਹੈ ਅਤੇ ਅਸੀਂ ਜਾਣਦੇ ਹਾਂ ਕਿ "ਕਦੇ ਵੀ ਨਹੀਂ" ਦਾ ਅਰਥ ਹੈ ਕਿਸੇ ਨਾਲ ਵੀ ਨਹੀਂ, ਕਿਤੇ ਵੀ ਨਹੀਂ ... ਜਾਂ ਇਸ ਦਾ ਕੋਈ ਅਰਥ ਨਹੀਂ।"

7 ਮਾਰਚ ਨੂੰ ਮੈਂ ਇਕ ਵੱਡੇ ਅੰਤਰਰਾਸ਼ਟਰੀ ਡੈਲੀਗੇਸ਼ਨ ਨਾਲ ਫਿਰ ਗਾਜ਼ਾ ਜਾਵਾਂਗੀ, ਮਦਦ ਲੈ ਕੇ ਪਰ ਉਸ ਤੋਂ ਵੀ ਵੱਧ ਇਜ਼ਰਾਇਲ, ਅਮਰੀਕਾ ਅਤੇ ਮਿਸਰ ਦੀਆਂ ਸਰਕਾਰਾਂ ਉੱਤੇ ਬਾਰਡਰ ਖੋਲ੍ਹਣ ਅਤੇ ਘੇਰਾਬੰਦੀ ਖਤਮ ਕਰਨ ਲਈ ਦਬਾਅ ਪਾਉਣ ਲਈ। ਇਸ ਡੈਲੀਗੇਸ਼ਨ ਦੇ ਕਈ ਮੈਂਬਰ ਯਹੂਦੀ ਹਨ। ਅਸੀਂ ਟਿਕਮ ਓਲਾਮ ਦੀ ਭਾਵਨਾ ਨਾਲ ਜਾਵਾਂਗੇ, ਦੁਨੀਆਂ ਨੂੰ ਸੰਵਾਰਨ ਲਈ, ਪਰ ਜ਼ਿੰਮੇਵਾਰੀ, ਸ਼ਰਮ ਅਤੇ ਹਾਂ, ਹਮਦਰਦੀ ਦਾ ਅਹਿਸਾਸ ਲੈ ਕੇ। ਅਸੀਂ ਮਲਬੇ ਵਿੱਚ ਜੰਮੀ ਛੋਟੀ ਬੱਚੀ ਨੂੰ ਜਿਉਂਦਾ ਨਹੀਂ ਕਰ ਸਕਾਂਗੇ। ਪਰ ਅਸੀਂ ਉਸ ਨੂੰ ਆਪਣੇ ਦਿਲਾਂ ਵਿੱਚ ਬਿਠਾ ਸਕਦੇ ਹਾਂ - ਅਤੇ ਬਿਠਾਵਾਂਗੇ - ਅਤੇ ਅਮਰੀਕਾ ਅਤੇ ਅਮਰੀਕਾ ਦੇ ਹੋਰ ਯਹੂਦੀਆਂ ਵਲੋਂ ਗਾਜ਼ਾ ਲਈ ਇਕ ਪਿਆਰ ਭਰਿਆ ਸੁਨੇਹਾ ਲੈ ਕੇ ਜਾਵਾਂਗੇ। ***

(ਅਨੁਵਾਦ - ਸੁਖਵੰਤ ਹੁੰਦਲ)

## ਸਰਗਰਮੀਆਂ

# ਪਲੀ ਨੇ ਸੱਤਵਾਂ ਮਾਂ-ਬੋਲੀ ਦਿਨ ਮਨਾਇਆ

ਹਰਪ੍ਰੀਤ ਸੇਖਾ




ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ 15 ਫਰਵਰੀ ਨੂੰ ਸਰੀ ਦੇ ਹਵੇਲੀ ਰੈਸਟੋਰੈਂਟ ਵਿੱਚ ਆਪਣਾ ਸੱਤਵਾਂ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ। ਇਸ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਪਾਕਿਸਤਾਨੀ ਪੰਜਾਬੀ ਭਾਈਚਾਰੇ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੇ ਵੀ ਚੋਖ਼ੀ ਗਿਣਤੀ ਵਿੱਚ ਭਾਗ ਲਿਆ।

ਪਲੀ ਵਲੋਂ ਸਾਧੂ ਬਿਨਿੰਗ ਨੇ ਹਾਜ਼ਰੀਨ ਨੂੰ ਜੀਅ ਆਇਆਂ ਆਖਣ ਉਪਰੰਤ ਮਾਂ-ਬੋਲੀ ਦੇ ਵਿਕਾਸ ਅਤੇ ਪਲੀ ਦੇ ਟੀਚਿਆਂ ਬਾਰੇ ਗੱਲ-ਬਾਤ ਕੀਤੀ। ਉਨ੍ਹਾਂ ਕਿਹਾ ਕਿ ਬੱਚੇ ਸਕੂਲ ਤੋਂ ਬਾਅਦ ਨਾਲੋਂ ਸਕੂਲੀ ਸਮੇਂ ਦੌਰਾਨ ਹੋਰ ਵਿਸ਼ਿਆਂ ਦੇ ਨਾਲ-ਨਾਲ ਪੜ੍ਹਾਈ ਗਈ ਪੰਜਾਬੀ ਦਾ ਪ੍ਰਭਾਵ ਵਧੇਰੇ ਅਤੇ ਵੱਖਰਾ ਕਬੂਲਦੇ ਹਨ। ਇਸੇ ਕਰਕੇ ਹੀ ਪਲੀ ਵੱਧ ਤੋਂ ਵੱਧ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਦੀ ਪੜ੍ਹਾਈ ਲਈ ਜ਼ੋਰ ਲਾ ਰਹੀ ਹੈ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਕਨੇਡਾ ਵਿੱਚ ਪੰਜਾਬੀ ਨੂੰ ਵੀ ਕਨੇਡੀਅਨ ਭਾਸ਼ਾ ਦਾ ਦਰਜਾ ਮਿਲਣਾ ਚਾਹੀਦਾ ਹੈ। ਉਨ੍ਹਾਂ ਕਨੇਡਾ ਦੇ ਪੰਜਾਬੀ ਲੇਖਕਾਂ ਬਾਰੇ ਕਿਹਾ ਕਿ ਉਹ ਹਵਾ ਵਿੱਚ ਲਟਕ ਰਹੇ ਹਨ ਕਿਉਂਕਿ ਪੰਜਾਬ ਦੇ ਅਲੋਚਕ/ਲੇਖਕ ਉਨ੍ਹਾਂ ਨੂੰ ਪਰਵਾਸੀ ਲੇਖਕ ਆਖਦੇ ਹਨ ਅਤੇ ਕਨੇਡਾ ਵਿਚ ਉਨ੍ਹਾਂ ਨੂੰ ਬਦੇਸ਼ੀ ਬੋਲੀ ਦੇ ਲੇਖਕ ਮੰਨਿਆ ਜਾਂਦਾ ਹੈ। ਉਨ੍ਹਾਂ ਪੈਨਲ ਡਿਸਕਸ਼ਨ ਦੇ ਸੰਚਾਲਨ ਦੀ ਡੋਰ ਸੁਖਵੰਤ ਹੁੰਦਲ ਦੇ ਸਪੁਰਦ ਕਰਦਿਆਂ ਆਸ ਪ੍ਰਗਟ ਕੀਤੀ ਕਿ ਅੱਜ ਦੇ ਵਿਚਾਰ-ਵਿਟਾਂਦਰੇ ਵਿੱਚੋਂ ਕੁਝ ਸਾਰਥਿਕ ਗੱਲਾਂ ਸਾਹਮਣੇ ਆਉਣਗੀਆਂ।

ਸੁਖਵੰਤ ਹੁੰਦਲ ਨੇ ਪਾਕਿਸਤਾਨੀ ਭਾਈਚਾਰੇ ਵੱਲੋਂ ਪਹੁੰਚੀਆਂ ਕੁਝ ਸ਼ਖਸ਼ੀਅਤਾਂ ਨੂੰ ਪੈਨਲ ਡਿਸਕਸ਼ਨ ਲਈ ਸਟੇਜ ਉੱਪਰ ਬਲਾਉਂਦਿਆਂ ਪਾਕਿਸਤਾਨੀ ਪੰਜਾਬੀ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਕਨੇਡਾ ਵਿੱਚ ਪੰਜਾਬੀ ਦੇ ਵਿਕਾਸ ਲਈ ਰਲ-ਮਿਲ ਕੇ ਕੰਮ ਕੀਤਾ ਜਾਵੇ। ਪੈਨਲ ਵਿੱਚ ਮੁਹੰਮਦ ਰਫੀਕ, ਫੌਜੀਆ ਰਫ਼ੀਕ, ਡਾ: ਸੈਫ਼ ਖਾਲਿਦ, ਨਿੱਗਦ ਸ਼ਹਿਨਾਜ ਅਤੇ ਗੁਲਾਮ ਮੁਜਤਬਾ ਨੇ ਭਾਗ ਲਿਆ। ਮੁਹੰਮਦ ਰਫ਼ੀਕ ਨੇ ਗੁਰਮੁਖੀ ਅਤੇ ਸ਼ਾਹਮੁਖੀ ਲਿਪੀ ਦੇ ਵਖਰੇਵੇਂ ਦਾ ਹੱਲ ਕੱਢਣ ਲਈ ਕਮੇਟੀ ਬਨਾਉਣ ਲਈ ਕਿਹਾ। ਉਨ੍ਹਾਂ ਰਲਮਿਲ ਕੇ ਸਮਾਗਮ ਕਰਨ ਦਾ ਸੁਝਾਅ ਵੀ ਦਿੱਤਾ। ਫੌਜੀਆ ਰਫ਼ੀਕ ਨੇ ਕਿਹਾ ਕਿ ਪੰਜਾਬੀ ਨੂੰ ਦੋ ਲਿਪੀਆਂ ਵਿੱਚ ਵੰਡਣਾਂ ਅੰਗ੍ਰੇਜ਼ਾਂ ਦੀ ਸ਼ਰਾਰਤ ਸੀ। ਉਨ੍ਹਾਂ ਕਿਹਾ ਕਿ ਸਾਨੂੰ ਦੋਨਾਂ ਲਿਪੀਆਂ ਨੂੰ ਹੀ ਸਿੱਖਣਾ ਚਾਹੀਦਾ ਹੈ। ਡਾ: ਸੈਫ਼ ਖਾਲਿਦ ਨੇ ਕਿਹਾ ਕਿ ਪਹਿਲਾਂ ਮਸਲੇ ਦੀ ਜੜ੍ਹ ਨੂੰ ਲੱਭਣਾ ਚਾਹੀਦਾ ਹੈ ਫਿਰ ਹੀ ਕੋਈ ਹੱਲ ਸੋਚਿਆ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਦਬ ਅਤੇ ਕਲਾ ਸਾਰੀਆਂ ਕੌਮਾਂ ਦੇ ਸਾਂਝੇ ਹੁੰਦੇ ਹਨ। ਨਿੱਗਦ ਸ਼ਹਿਨਾਜ਼ ਨੇ ਕਿਹਾ ਕਿ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਦੀ ਹੌਂਸਲਾ ਅਫ਼ਜਾਈ ਨਹੀਂ ਹੋਈ। ਪੰਜਾਬੀਆਂ ਨੂੰ ਆਪਣੀ ਜ਼ੁਬਾਨ 'ਤੇ ਫ਼ਖ਼ਰ ਕਰਨਾ



ਸਿੱਖਣਾ ਚਾਹੀਦਾ ਹੈ। ਗੁਲਾਮ ਮੁਜਤਬਾ ਨੇ ਕਿਹਾ ਕਿ ਉਹ ਆਪਣੇ ਸਾਥੀਆਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਲਿਪੀ ਅੰਗ੍ਰੇਜ਼ਾਂ ਦੀ ਸ਼ਰਾਰਤ ਕਰ ਕੇ ਵੰਡੀ ਗਈ। ਉਨ੍ਹਾਂ ਦਲੀਲ ਦਿੱਤੀ ਕਿ ਅੰਗ੍ਰੇਜ਼ਾਂ ਨੇ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਵਰਤੀ ਜਾਂਦੀ ਭਾਸ਼ਾ 'ਫਾਰਸੀ' ਨੂੰ ਹੀ ਦਫ਼ਤਰੀ ਕੰਮਾਂ ਲਈ ਵਰਤਣਾ ਸ਼ੁਰੂ ਕੀਤਾ ਸੀ।

ਇਸ ਵਿਚਾਰ-ਵਿਟਾਂਦਰੇ ਵਿਚ ਸਰੋਤਿਆਂ ਵਿੱਚੋਂ ਵੀ ਕਈਆਂ ਨੇ ਭਾਗ ਲਿਆ। ਅਫ਼ਜਲ ਮਲਿਕ ਨੇ ਕਿਹਾ ਕਿ ਕਨੇਡਾ ਵਿੱਚ ਪੰਜਾਬੀ ਬੋਲੀ ਤੋਂ ਮਤਲਬ ਸਿੱਖ-ਭਾਈਚਾਰਾ ਹੈ। ਪ੍ਰਭਸ਼ਰਨਜੀਤ ਸਿੰਘ ਨੇ ਕਿਹਾ ਕਿ ਜਦੋਂ ਅਸੀਂ ਪੰਜਾਬੀ ਦਾ ਹੱਕ ਮੰਗ ਰਹੇ ਹਾਂ ਉਦੋਂ ਅਸੀਂ ਨਾਲ-ਨਾਲ ਕਨੇਡੀਅਨ ਸੱਭਿਆਚਾਰ ਨੂੰ ਅਮੀਰ ਕਰਨ ਦੀ ਗੱਲ ਵੀ ਕਰ ਰਹੇ ਹਾਂ। ਵਿਸ਼ਵਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਦੇ ਵਿਕਾਸ ਲਈ ਇਸ ਨੂੰ ਯੂਨੀਵਰਸਿਟੀ ਦੇ ਲੈਵਲ ਤੱਕ ਪੜ੍ਹਾਉਣ ਲਈ ਜ਼ਿਆਦਾ ਜੋਰ ਪਾਉਣਾ ਚਾਹੀਦਾ ਹੈ। ਸ਼ਹਿਜਾਦ ਨੇ ਕਿਹਾ ਹਿੰਦੁਸਤਾਨੀ ਪੰਜਾਬੀਆਂ ਨੂੰ ਸ਼ਾਹਮੁਖੀ ਲਿਪੀ ਨੂੰ ਅਪਣਾ ਕੇ ਵੱਡੇ ਭਰਾ ਦਾ ਰੋਲ ਅਦਾ ਕਰਨਾ ਚਾਹੀਦਾ ਹੈ। ਡਾ: ਰਘਬੀਰ ਸਿੰਘ ਨੇ ਕਿਹਾ ਕਿ ਦੋਹਾਂ ਪੰਜਾਬਾਂ ਦੇ ਪੰਜਾਬੀ ਮਾਂ-ਬੋਲੀ ਉੱਪਰ ਮਾਣ ਨਹੀਂ ਕਰ ਰਹੇ। ਸੋਹਣ ਪੂੰਨੀ ਨੇ ਕਿਹਾ ਕਿ ਪੰਜਾਬੀ ਬੋਲੀ ਨਾ ਸਿੱਖਾਂ ਦੀ ਹੈ ਨਾ ਮੁਸਲਮਾਨਾਂ ਦੀ, ਇਹ ਪੰਜਾਬੀਆਂ ਦੀ ਹੈ। ਉਨ੍ਹਾਂ ਗੁਲਾਮ ਮੁਜਤਬਾ ਦੀ ਟਿੱਪਣੀ ਕਿ ਲਿਪੀ ਵੰਡ ਅੰਗਰੇਜ਼ਾਂ ਦੀ ਸ਼ਰਾਰਤ ਨਹੀਂ ਸੀ ਦਾ ਜਵਾਬ ਦਿੰਦਿਆਂ ਕਿਹਾ ਕਿ ਇਹ ਸ਼ਰਾਰਤ ਤਾਂ ਅਜੇ ਵੀ ਦੇਖੀ ਜਾ ਸਕਦੀ ਹੈ। ਪ੍ਰੀਤਮ ਸਿੰਘ ਔਲਖ ਨੇ ਕਿਹਾ ਕਿ ਲਿਪੀ ਦੀ ਸਮੱਸਿਆ ਨੂੰ ਕੰਪਿਊਟਰ ਨੇ ਹੱਲ ਕਰ ਦਿੱਤਾ ਹੈ। ਸੁਰਿੰਦਰ ਕੌਰ ਨੇ ਕਿਹਾ ਕਿ ਪੰਜਾਬੀ ਨੂੰ ਆਪਣਿਆਂ ਤੋਂ ਜ਼ਿਆਦਾ ਖਤਰਾ ਹੈ। ਡਾ: ਸਾਧੂ ਸਿੰਘ ਨੇ ਲਿਪੀਆਂਤਰ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਫੌਜ਼ੀਆ ਮਨਾਨ ਦਾ ਵਿਚਾਰ ਸੀ ਪਾਕਿਸਤਾਨੀ ਪੰਜਾਬੀ ਆਪਣੀ ਮਾਂ-ਬੋਲੀ 'ਤੇ ਮਾਣ ਨਹੀਂ ਕਰਦੇ ਇਸ ਨੂੰ ਸਿਰਫ਼ ਗਾਲ੍ਹਾਂ ਕੱਢਣ ਲਈ ਹੀ ਵਰਤਦੇ ਹਨ। ਕਾਫੀ ਬੁਲਾਰਿਆ ਦਾ ਵਿਚਾਰ ਸੀ ਕਿ ਜ਼ੁਬਾਨ ਨੂੰ ਧਰਮ ਦਾ ਗੁਲਾਮ ਨਹੀਂ ਬਨਾਉਣਾ ਚਾਹੀਦਾ। ਸੁਖਵੰਤ ਹੁੰਦਲ ਨੇ ਇਸ ਗੱਲ-ਬਾਤ ਨੂੰ ਸਮੇਟਦੇ ਹੋਏ ਕਿਹਾ ਕਿ ਬੋਲੀ ਦੇ ਵਿਕਾਸ ਲਈ ਅਗਾਂਹ ਨੂੰ ਵੀ ਇਸ ਤਰ੍ਹਾਂ ਦੇ ਵਿਚਾਰ-ਵਟਾਂਦਰੇ ਹੁੰਦੇ ਰਹਿਣੇ ਚਾਹੀਦੇ ਹਨ।

ਸਾਧੂ ਬਿਨਿੰਗ ਨੇ ਕੁਝ ਕਿਤਾਬਾਂ ਦਿਖਾ ਕੇ ਦੱਸਿਆ ਕਿ ਉਨ੍ਹਾਂ ਵਿੱਚ ਦੋਹਾਂ ਪੰਜਾਬਾਂ ਦੇ ਲੇਖਕਾਂ ਦੀਆਂ ਰਚਨਾਵਾਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬੀ ਸੱਥ ਵਰਗੀਆਂ ਸੰਸਥਾਵਾਂ ਇਸ ਤਰ੍ਹਾਂ ਦੀਆਂ ਕਿਤਾਬਾਂ ਛਪਵਾ ਕੇ ਦੋਵਾਂ ਪੰਜਾਬਾਂ ਨੂੰ ਨੇੜੇ ਲਿਆ ਰਹੀਆਂ ਹਨ। ਅਮਨ ਤੱਗੜ ਨੇ ਸਲਾਈਡ ਸ਼ੋਅ ਰਾਹੀਂ ਕੁਝ ਪੰਜਾਬੀ ਦੁਕਾਨਾਂ ਦੇ ਅੰਗ੍ਰੇਜ਼ੀ ਵਿੱਚ ਲਿਖੇ ਬੋਰਡ ਦਿਖਾਏ ਅਤੇ ਅਪੀਲ ਕੀਤੀ ਕਿ ਇਹ ਬੋਰਡ ਪੰਜਾਬੀ ਵਿਚ ਵੀ ਹੋਣੇ ਚਾਹੀਦੇ ਹਨ। ਇਸ ਸ਼ੋਅ ਵਿੱਚ ਪੰਜਾਬੀ ਬੋਲੀ ਬਾਰੇ ਕੁਝ ਜਾਣਕਾਰੀ ਭਰਪੂਰ ਤੱਥ ਵੀ ਦਿਖਾਏ।

ਪ੍ਰੋਗਰਾਮ ਦੇ ਅਗਲੇ ਹਿੱਸੇ ਵਿੱਚ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਵੱਲੋਂ ਕਵਿਤਾਵਾਂ ਅਤੇ ਗੀਤਾਂ ਰਾਹੀਂ ਪੰਜਾਬੀ ਬੋਲੀ ਨਾਲ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ ਗਿਆ। ਕੁਝ ਬੱਚਿਆਂ ਵੱਲੋਂ ਭਾਸ਼ਣਾਂ ਰਾਹੀਂ ਮਾਂ-ਬੋਲੀ ਨਾਲ ਆਪਣਾ ਮੋਹ ਜਿਤਾਇਆ ਗਿਆ। ਇਸ ਹਿੱਸੇ ਦਾ ਸੰਚਾਲਨ ਅਮਨ ਤੱਗੜ ਨੇ ਕੀਤਾ। ਜਿਨ੍ਹਾਂ ਬੱਚਿਆਂ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਉਨ੍ਹਾਂ ਦੇ ਨਾਂ ਹਨ: ਵਗੀਸ਼ ਸੇਖਾ, ਵਨੀਤ ਸੇਖਾ, ਪ੍ਰਭਜੋਤ ਸੇਖਾ, ਅਰਸ਼ਪ੍ਰੀਤ ਗਰੇਵਾਲ, ਹਰਮਨਜੀਤ ਗਰੇਵਾਲ, ਜਪਨੂਪ ਗਰੇਵਾਲ, ਰਾਜਾ ਇਨਸਾਨਵੀਰ ਸਿੰਘ, ਰਾਜਾ ਸਨਮਾਨਵੀਰ ਸਿੰਘ, ਸੀਮਾ ਰਾਣੀ, ਸਬਰੀਨਾ, ਗਗਨਦੀਪ ਸਿੱਧੂ, ਹਰਸ਼ਲੀਨ ਬੁੱਟਰ, ਅਰਸ਼ਬੀਰ ਬੁੱਟਰ, ਜਸਪ੍ਰੀਤ, ਸਬਰੀਨਾ, ਬਰੈਂਡਨ, ਮਨਪ੍ਰੀਤ ਮਠਾੜੂ, ਸਿਮਰਜੋਤ, ਵਿਜੇ, ਗਰੀਤਾ, ਹਰਲੀਨ ਕੌਰ ਧਾਮੀ ਅਤੇ ਬਲਰਾਜ। ਰਵੀ ਬਿਨਿੰਗ ਦੇ ਢੋਲ ਨਾਲ ਸਬਰੀਨਾ ਨੇ ਖੂਬਸੂਰਤ ਆਵਾਜ਼ ਵਿੱਚ ਗੀਤ ਪੇਸ਼ ਕੀਤਾ ਜਿਸ ਨੇ ਸਾਰੇ ਸ੍ਰੋਤਿਆ ਦਾ ਮਨ ਮੋਹ ਲਿਆ। ਸਾਜਨ ਸਿੰਘ ਮਾਨ ਅਤੇ ਪ੍ਰੀਵਾਰ ਨੇ ਗੀਤ ਪੇਸ਼ ਕੀਤਾ 'ਦੇਖਿਓ ਪੰਜਾਬੀਓ, ਪੰਜਾਬੀ ਨਾ ਭੁਲਾ ਦਿਓ!' ਗਿਆਨ ਅੰਜਨ ਅਕੈਡਮੀ ਦੇ ਬੱਚਿਆਂ ਨੇ ਰਿਵਾਇਤੀ ਸਾਜਾਂ ਨਾਲ ਆਪਣੇ ਗੀਤਾਂ, ਕਵਿਤਾਵਾਂ ਅਤੇ ਭਾਸ਼ਣਾਂ ਨਾਲ ਖੂਬ ਰੰਗ ਬੰਨਿਆ। ਪਲੀ ਵੱਲੋਂ ਸਰਟੀਫੀਕੇਟ, ਟੀ-ਸ਼ਰਟ ਅਤੇ ਪਿੰਨ ਦੇ ਕੇ ਬੱਚਿਆਂ ਦੀ ਹੌਂਸਲ ਅਫਜਾਈ ਕੀਤੀ ਗਈ।

ਅੰਤ ਵਿੱਚ ਸਾਧੂ ਬਿਨਿੰਗ ਵੱਲੋਂ ਹਵੇਲੀ ਰੈਸਟੋਰੈਂਟ ਦਾ ਧੰਨਵਾਦ ਕਰਨ ਦੇ ਨਾਲ ਨਾਲ ਪਲੀ ਦੇ ਵਲੰਟੀਅਰਾਂ - ਰਮਿੰਦਰਜੀਤ ਧਾਮੀ, ਸੁਖੀ ਬੈਂਸ, ਪਾਲ ਬਿਨਿੰਗ, ਡਾਕਟਰ ਐਨ ਮਰਫੀ, ਬੌਬੀ ਸਿੱਧੂ ਅਤੇ ਪ੍ਰੀਆ ਬਿਨਿੰਗ ਦਾ ਵੀ ਧੰਨਵਾਦ ਕੀਤਾ ਗਿਆ। ਆਪਣੀ ਭਾਰਤ ਫੇਰੀ ਕਾਰਨ ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਅਤੇ ਰਣਬੀਰ ਜੌਹਲ ਸਮਾਗਮ ਵਿਚ ਹਾਜ਼ਰੀ ਨਹੀਂ ਲੁਆ ਸਕੇ।***

# ਕਾਫ਼ਲੇ ਦੇ 'ਕਵਿਤਾ ਦਿਵਸ' ਵਿੱਚ ਪੜ੍ਹੇ ਗਏ ਪਰਚਿਆਂ ਨੇ ਚਰਚਾ ਛੇੜੀ

ਕੁਲਵਿੰਦਰ ਖਹਿਰਾ

30 ਜਨਵਰੀ ਦੀ ਦੁਪਹਿਰ ਨੂੰ ਸੰਤ ਸਿੰਘ ਸੇਖੋਂ ਹਾਲ ਵਿੱਚ 'ਪੰਜਾਬੀ ਕਲਮਾਂ ਦਾ ਕਾਫਲਾ ਟਰਾਂਟੋ' ਵੱਲੋਂ ਕਰਵਾਏ ਗਏ "ਕਵਿਤਾ ਦਿਵਸ" ਵਿੱਚ ਜਿੱਥੇ ਕਵੀ ਦਰਬਾਰ ਕਰਵਾਇਆ ਗਿਆ ਓਥੇ ਵਰਿਆਮ ਸਿੰਘ ਸੰਧੂ ਅਤੇ ਉਂਕਾਰਪ੍ਰੀਤ ਵੱਲੋਂ ਡਾ:

ਸੁਖਪਾਲ ਦੇ ਕਾਵਿ ਸੰਗਹ੍ਰਿ 'ਰਹਣੁ ਕਿਥਾਊ ਨਾਹਿ' ਅਤੇ ਸੁਰਿੰਦਰ ਚਾਹਲ ਦੀ ਕਾਵਿ ਪੁਸਤਕ 'ਕੁੰਜੀਆਂ' ਬਾਰੇ ਪਰਚੇ ਪੜ੍ਹੇ ਗਏ। ਇਸ ਤੋਂ ਇਲਾਵਾ ਉਂਕਾਰਪ੍ਰੀਤ ਵੱਲੋਂ ਗ਼ਜ਼ਲ ਦੇ ਅਰੂਜ਼ ਬਾਰੇ ਵੀ ਪਰਚਾ ਪੜ੍ਹਿਆ ਗਿਆ।

ਸਮਾਗਮ ਦੇ ਸ਼ੁਰੂ ਵਿੱਚ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਗੁਰਦੇਵ ਚੌਹਾਨ, ਪਰਵੀਨ ਕੌਰ, ਕੁਲਦੀਪ ਕੌਰ ਗਿੱਲ, ਪਿਆਰਾ ਸਿੰਘ ਕੁੱਦੋਵਾਲ, ਪਰਮਜੀਤ ਢਿੱਲੋਂ, ਨਵਤੇਜ ਭਾਰਤੀ, ਵਰਿਆਮ ਸੰਧੂ, ਉਂਕਾਰਪ੍ਰੀਤ, ਡਾ: ਸੁਖਪਾਲ, ਅਫ਼ਜ਼ਾਲ ਨਵੀਦ, ਪਾਕਿਸਤਾਨ ਤੋਂ ਆਏ ਹੋਏ ਖਾਲਿਦ ਇਕਬਾਲ ਯਾਸਿਰ ਅਤੇ ਗੁਰਦਾਸ ਮਿਨਹਾਸ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

ਇਸ ਤੋਂ ਬਾਅਦ ਉਂਕਾਰਪ੍ਰੀਤ ਵੱਲੋਂ "ਗ਼ਜ਼ਲ ਅਤੇ ਉਸ ਦੀਆਂ ਖੁੱਲ੍ਹਾਂ" ਨਾਂ ਦਾ ਪਰਚਾ ਪੜ੍ਹਿਆ ਗਿਆ ਜਿਸ ਵਿੱਚ ਉਨ੍ਹਾਂ ਕਿਹਾ ਕਿ "ਕਾਵਿ-ਕਲਾ ਵਿੱਚ ਕਲਾਤਮਿਕ 'ਸੰਜਮਤਾ' ਅਤੇ 'ਪ੍ਰਗਟਾਅ' ਦਾ ਸਿਖਰ, "ਗ਼ਜ਼ਲ" ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਕਾਵਿ ਕਲਾ ਰਾਹੀਂ ਅੰਦਰਲੇ-ਨਾਦ ਤੀਕ ਪਹੁੰਚ ਵਾਸਤੇ "ਗ਼ਜ਼ਲ" ਦੀ ਵਿਧਾ ਸਭ ਤੋਂ ਉੱਤਮ, ਵਿਲੱਖਣ ਅਤੇ ਇੱਕੋ ਇੱਕ ਹੈ।" ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਗ਼ਜ਼ਲ ਵਿੱਚ ਖੁੱਲ੍ਹਾਂ ਦੀ ਵਕਾਲਤ ਕਰਦੇ ਹਨ ਜਦਕਿ ਅਜਿਹਾ ਕਰਨਾ ਕਿਸੇ ਕੁਦਰਤੀ ਵਹਾਅ 'ਚ ਖਲਲ ਪਾਉਣ ਵਾਂਗ ਹੈ। ਉਨ੍ਹਾਂ ਕਿਹਾ ਕਿ ਬਹਿਰ-ਵਜ਼ਨ ਜਾਂ ਅਰੂਜ਼ ਦੇ ਖਾਸੇ ਵਿੱਚ ਕਿਸੇ ਵੀ ਤਰ੍ਹਾਂ ਦੀ ਖੁੱਲ੍ਹ ਦੀ ਨਾ ਕਦੀ ਗੁੰਜਾਇਸ਼ ਹੋਈ ਹੈ ਅਤੇ ਨਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਗ਼ਜ਼ਲ ਦੀ ਬੰਦਿਸ਼ ਨਿਭਾਉਂਦਿਆਂ ਹੋਇਆਂ ਕਵੀ ਦਾ ਕਾਵਿ-ਫੁਰਨਾ ਅਕਾਵਿਕ ਹੋ ਜਾਂਦਾ ਹੈ ਜਦਕਿ ਹਕੀਕਤ ਇਹ ਹੈ ਕਿ ਜਦੋਂ ਕਵੀ ਗ਼ਜ਼ਲ ਦੇ ਸੁਭਾਅ ਨਾਲ਼ ਇਕ-ਮਿਕ ਹੋ ਜਾਂਦਾ ਹੈ ਤਾਂ ਫਿਰ "ਫਿਟ" ਹੋਣ ਲਈ/ਕਰਨ ਲਈ ਉਚੇਚ ਨਹੀਂ ਕਰਨਾ ਪੈਂਦਾ ਸਗੋਂ ਕਾਵਿ-ਫੁਰਨਾ ਆਪਣੇ-ਆਪ ਹੀ ਕਿਸੇ ਨਾ ਕਿਸੇ ਬਹਿਰ ਵਿੱਚ ਢਲ ਕੇ ਪੇਸ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਅਵਸਥਾ ਤੱਕ ਪਹੁੰਚਣ ਲਈ ਕਾਵਿ-ਸਾਧਨਾ ਦੀ ਲੋੜ ਹੁੰਦੀ ਹੈ ਅਤੇ ਕਵੀ ਨੂੰ ਵਿਸਥਾਰ ਦੇ ਭਾਰ ਤੋਂ ਮੁਕਤ ਅਤੇ ਸਿੱਖਣ ਲਈ ਤਿਆਰ ਹੋਣਾ ਪੈਂਦਾ ਹੈ।

ਇਸ ਪਰਚੇ ਬਾਰੇ ਬੋਲਦਿਆਂ ਗੁਰਦੇਵ ਚੌਹਾਨ ਨੇ ਸਵਾਲ ਕੀਤਾ ਕਿ ਗ਼ਜ਼ਲ ਨੂੰ ਕਿਸ ਆਧਾਰ 'ਤੇ ਸਭ ਤੋਂ ਅੱਗੇ ਦੀ ਸਿਨਫ ਕਿਹਾ ਜਾ ਸਕਦਾ ਹੈ ਜਦੋਂ ਇਸ ਦੇ ਹਰ ਸ਼ੇਅਰ ਵਿੱਚ ਖਿਆਲ ਦਾ ਬਦਲ ਹੁੰਦਾ ਹੈ ਜਦਕਿ ਕਵਿਤਾ ਇੱਕ ਖਿਆਲ ਨੂੰ ਨਿਭਾਉਂਦੀ ਹੈ। ਜਵਾਬ ਵਿਚ ਉਂਕਾਰਪ੍ਰੀਤ ਨੇ ਕਿਹਾ ਕਿ ਸਾਹਿਤ ਦੀਆਂ ਬਾਕੀ ਵਿਧਾਵਾਂ ਵਿਚ ਵਿਸਥਾਰ ਰਚਨਾ ਦੀ ਲੋੜ ਹੁੰਦਾ ਹੈ ਜਦਕਿ ਗ਼ਜ਼ਲ ਬਹੁਤ ਥੋੜ੍ਹੇ ਸ਼ਬਦਾਂ ਵਿਚ ਬਹੁਤ ਅਸਰਦਾਇਕ ਅਤੇ ਕਲਾਤਮਿਕ ਗੱਲ ਕਹਿ ਜਾਂਦੀ ਹੈ। ਨਵਤੇਜ ਭਾਰਤੀ ਹੁਰ੍ਹਾਂ ਨੇ ਕਿਹਾ ਕਿ ਗ਼ਜ਼ਲ ਵਿੱਚ ਖਿਆਲ ਦੀ ਖੁੱਲ੍ਹ ਹੋਣ ਕਰਕੇ ਹੀ ਅੰਗ੍ਰੇਜ਼ੀ ਲੇਖਕਾਂ ਵਿੱਚ ਇਹ ਵਿਧਾ ਪ੍ਰਚਲਤ ਹੋ ਰਹੀ ਹੈ ਪਰ ਕੁਦਰਤੀ ਰਿਦਮ ਨੂੰ ਅਰੂਜ਼ ਦੀਆਂ 72 ਵੰਨਗੀਆਂ 'ਚ ਬੰਨ੍ਹਣਾ ਕੁਦਰਤ ਦੇ ਵਰਤਾਰੇ ਨੂੰ ਸੰਕੋਚਣ ਵਾਂਗ ਹੈ। ਡਾ: ਸੁਖਪਾਲ ਨੇ ਕਿਹਾ ਕਿ ਗ਼ਜ਼ਲ ਦੀ ਵੱਡੀ ਮਜਬੂਰੀ ਇਹ ਹੈ ਕਿ ਇਸ ਵਿੱਚ ਖਿਆਲ ਦਾ ਦੁਹਰਾਅ ਬਹੁਤ ਹੁੰਦਾ ਹੈ। ਯਾਸਿਰ ਸਾਹਿਬ ਨੇ ਕਿਹਾ ਕਿ ਉਰਦੂ ਗ਼ਜ਼ਲ ਵਿੱਚ ਪਿਛਲੇ 300 ਸਾਲਾਂ ਤੋਂ ਸਾਕੀ-ਪੈਮਾਨਾ ਹੀ ਭਾਰੂ ਰਹੇ ਹਨ ਅਤੇ ਫੈਜ਼ ਅਹਿਮਦ ਫ਼ੈਜ਼ ਤੋਂ ਬਾਅਦ ਗ਼ਜ਼ਲ ਦਾ ਮੁਹਾਂਦਰਾ ਬਦਲਿਆ ਹੈ। ਵਰਿਆਮ ਸੰਧੂ ਹੁਰਾਂ ਕਿਹਾ ਕਿ ਦਰ-ਅਸਲ ਲੇਖਕ ਵੱਲੋਂ ਵਸਤੂ ਦੀ ਚੋਣ ਅਤੇ ਇਸ ਪਿੱਛੇ ਲੇਖਕ ਦਾ ਨਜ਼ਰੀਆ ਹੀ ਲਿਖਤ ਦੀ ਵਿਧਾ ਨੂੰ ਨਿਰਧਾਰਿਤ ਕਰਦਾ ਹੈ।

ਡਾ: ਸੁਖਪਾਲ ਦੀ ਕਿਤਾਬ, 'ਰਹਣੁ ਕਿਥਾਊ ਨਾਹਿ' ਬਾਰੇ ਬੋਲਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਸੁਖਪਾਲ ਦੀ ਕਵਿਤਾ ਸਿਰਫ ਪੰਜਾਬੀ ਦੀ ਹੀ ਕਵਿਤਾ ਨਹੀਂ ਸਗੋਂ ਵਿਸ਼ਵ ਦੀ ਕਵਿਤਾ ਹੈ ਜਿਸ ਵਿੱਚ ਸਾਰੇ ਸੰਸਾਰ ਦੇ ਮਸਲਿਆਂ ਦਾ ਜ਼ਿਕਰ ਹੈ। ਉਨ੍ਹਾਂ ਕਿਹਾ ਕਿ ਬਾਬੇ ਨਾਨਕ ਵਰਗੇ ਆਪਣੇ ਪੁਰਖਿਆਂ ਤੋਂ ਸਿੱਖੀ ਹੋਈ ਸ਼ਾਬਦਿਕ ਲੜਾਈ ਸਦਕਾ ਸੁਖਪਾਲ ਇਨ੍ਹਾਂ ਵਡੇਰਿਆਂ ਤੋਂ ਲਏ ਹੋਏ ਸ਼ਬਦਾਂ ਨਾਲ਼ 'ਹੁਣ' ਦੇ ਬਾਬਰਾਂ ਨਾਲ਼ ਲੜਦੀ ਹੋਈ ਕਵਿਤਾ ਲਿਖ ਰਿਹਾ ਹੈ। ਸੁਖਪਾਲ ਦੀ ਕਵਿਤਾ ਨੂੰ 'ਜ਼ਿੰਦਗੀ ਦੇ ਖਿੜਦੇ ਰੰਗਾਂ ਨੂੰ ਮਾਨਣ ਲਈ' ਮਾਹੌਲ ਤਿਆਰ ਕਰਦੀ ਕਵਿਤਾ ਦੱਸਦਿਆਂ ਵਰਿਆਮ ਸੰਧੂ ਹੁਰਾਂ ਕਿਹਾ ਕਿ ਸੁਖਪਾਲ ਨਾ-ਧਿਰਿਆਂ ਦੀ ਧਿਰ ਬਣਕੇ ਜੂਝਣ ਦਾ ਐਲਾਨ ਕਰਦਾ ਹੈ। ਧਾਰਮਿਕ ਪਰਿਪੇਖ ਤੋਂ ਸੁਖਪਾਲ ਦੀ ਕਵਿਤਾ ਨੂੰ ਵਿਚਾਰਦਿਆਂ ਉਨ੍ਹਾਂ ਕਿਹਾ ਕਿ ਅਸੀਂ 'ਭਗਾਉਤੀ' ਨੂੰ ਸਿਮਰਨ ਦੇ ਜੋਸ਼ ਵਿੱਚ, 'ਸੰਤ' ਨੂੰ ਬਹੁਤ ਪਿੱਛੇ ਛੱਡ ਆਏ ਹਾਂ ਅਤੇ ਬਦਲਾ ਲੈਣ ਵਿੱਚ ਫ਼ਖਰ ਮਹਿਸੂਸ ਕਰਨ ਲੱਗ ਪਏ ਹਾਂ ਜਦਕਿ ਸੁਖਪਾਲ ਦੀ ਕਵਿਤਾ ਸਾਡੇ ਅੰਦਰ ਸੁੱਤੇ ਹੋਏ 'ਸੰਤ' ਨੂੰ ਜਗਾ ਕੇ ਉਸ ਨੂੰ ਤਲਵਾਰ ਦੀ ਜਗ੍ਹਾ ਮਲ੍ਹਮ ਦੀ ਡੱਬੀ ਫੜਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ 'ਸ਼ਹੀਦ' ਹੋਣ ਜਾਂ ਮਰ ਜਾਣ ਨੂੰ ਪਹਿਲ ਦੇਣ ਦੀ ਰੁਚੀ ਨੇ ਜ਼ਿੰਦਗੀ ਦੀ ਖੂਬਸੂਰਤੀ ਵੱਲੋਂ ਸਾਡੀਆਂ ਅੱਖਾਂ ਬੰਦ ਕਰ ਦਿੱਤੀਆਂ ਹਨ ਅਤੇ ਅਸੀਂ ਇਹ ਸਮਝਣ ਤੋਂ ਅਸਮਰੱਥ ਹੋ ਗਏ ਹਾਂ ਕਿ ਅਸੀਂ ਸ਼ਹੀਦ ਨਹੀਂ ਹੋ ਰਹੇ ਸਗੋਂ ਝਟਕੇ ਜਾ ਰਹੇ ਹਾਂ ਜਾਂ ਝਟਕਾਏ ਜਾ ਰਹੇ ਹਾਂ ਜਿਸ ਦੇ ਉਲਟ ਸੁਖਪਾਲ ਸ਼ਹੀਦੀ ਦੇ ਇਸ ਰੋਮਾਂਸ ਦਾ ਉਛਾੜ ਪਾੜਦਾ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਦੀ ਕਵਿਤਾ ਬਘਿਆੜਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੱਕਦੀ ਹੈ ਅਤੇ ਬੇਕਿਰਕ ਚੁੱਪ ਦੇ ਖਿਲਾਫ ਐਲਾਨੇ-ਜੰਗ ਕਰਦੀ ਹੈ।

ਸੁਰਿੰਦਰ ਚਾਹਲ ਦੀ ਕਿਤਾਬ 'ਕੁੰਜੀਆਂ' ਬਾਰੇ ਬੋਲਦਿਆਂ ਵਰਿਆਮ ਸੰਧੂ ਨੇ ਕਿਹਾ ਕਿ ਇਹ ਕਵਿਤਾ ਸੂਖਮ ਅਹਿਸਾਸ ਦੀ ਕਵਿਤਾ ਹੈ ਜੋ ਜਾਨਣ ਨਾਲੋਂ ਵੱਧ ਮਾਣੇ ਜਾਣ ਲਈ ਹੈ---ਜੋ ਚਾਲ਼ੀ-ਪੰਜਾਹ ਸਾਲ ਪਹਿਲਾਂ ਦੇ ਪਿੰਡ ਦਾ ਚਿਤਰਣ ਕਰਦੀ ਹੈ --- ਜਿਸ ਵਿੱਚ 'ਮੇਰੇ ਪਿੰਡ' (ਭਾਵ ਪੰਜਾਬ ਦੇ ਪਿੰਡ) ਨੂੰ ਆਤਮੀਅਤ ਨਾਲ਼ ਵੇਖਿਆ ਗਿਆ ਹੈ ਅਤੇ ਏਨੀ ਮੁਹੱਬਤ ਨਾਲ਼ ਪੇਸ਼ ਕੀਤਾ ਗਿਆ ਹੈ---ਜਿਸ ਦੀ ਮੈਂ ਕਿਸੇ ਸ਼ਾਇਰ ਨਾਲ਼ ਤੁਲਨਾ ਤਾਂ ਨਹੀਂ ਕਰਦਾ ਪਰ ਜਿਸ ਨੇ ਮੈਨੂੰ ਵਾਰਿਸ, ਪੂਰਨ ਸਿੰਘ, ਧਨੀਰਾਮ ਚਾਤ੍ਰਿਕ, ਸ਼ਿਵ ਅਤੇ ਗਿਆਨੀ ਗੁਰਦਿੱਤ ਸਿੰਘ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉਨ੍ਹਾਂ ਕਿਹਾ ਕਿ 'ਕੁੰਜੀਆਂ' ਵਿਚਲੀ ਕਵਿਤਾ

ਨਿਰ-ਉਚੇਚ ਅਤੇ ਸਹਿਜ ਨਾਲ਼ ਲਿਖੀ ਗਈ ਕਵਿਤਾ ਹੈ ਜੋ 'ਚੱਲ-ਚਿਤ੍ਰ' ਵਰਗੀ ਹੈ---ਜਿਸ ਵਿੱਚ ਇੱਕ-ਬਾਅਦ-ਇੱਕ ਚਿਤ੍ਰ ਬਦਲਦਾ ਤੁਰਿਆ ਜਾਂਦਾ ਹੈ ਅਤੇ ਜਿਸ ਨੂੰ 'ਦ੍ਰਿਸ਼-ਕਾਵਿ' ਕਿਹਾ ਜਾ ਸਕਦਾ ਹੈ। ਵਰਿਆਮ ਸੰਧੂ ਨੇ ਕਿਹਾ ਕਿ ਭਾਂਵੇਂ 'ਕੁੰਜੀਆਂ ਵਿਚਲੀ ਕਵਿਤਾ ਵਿੱਚ ਸੁਰਿੰਦਰ ਚਾਹਲ ਨੇ ਜ਼ਿੰਦਗੀ ਨੂੰ ਔਰਤ ਦੀ ਨਜ਼ਰ ਨਾਲ਼ ਹੀ ਵੇਖਣ ਦੀ ਕੋਸ਼ਿਸ਼ ਕੀਤੀ ਹੈ ਪਰ, "ਔਰਤ ਹੋਣ ਦਾ ਉਹ ਸੰਤਾਪ ਇਸ ਕਵਿਤਾ ਦੀ ਜ਼ਿੰਮੇਵਾਰੀ ਨਹੀਂ, ਜਿਸ ਸੰਤਾਪ ਨੂੰ ਹੋਰ ਔਰਤ ਤੇ ਮਰਦ ਲੇਖਕਾਂ ਨੇ ਜ਼ਬਾਨ ਦਿੱਤੀ ਹੈ। ਇਸ ਪੱਖੋਂ ਵੀ ਇਹ ਕਵਿਤਾ ਵੱਖਰੀ ਹੈ।"

ਪਰਵੀਨ ਕੌਰ ਨੇ ਵਰਿਆਮ ਸੰਧੂ ਦੇ ਵਿਚਾਰਾਂ ਬਾਰੇ ਪ੍ਰਤੀਕਰਮ ਕਰਦਿਆਂ ਕਿਹਾ ਉਨ੍ਹਾਂ ਨੇ ਸੁਰਿੰਦਰ ਚਾਹਲ ਦੀ ਕਵਿਤਾ ਨੂੰ ਛੁਟਿਆ ਕੇ ਪੇਸ਼ ਕੀਤਾ ਹੈ ਜਿਸ ਨਾਲ਼ ਔਰਤ ਵਰਗ ਦਾ ਨਿਰਾਦਰ ਹੋਇਆ ਹੈ। ਇਸ ਦੇ ਜਵਾਬ ਵਿੱਚ ਬੋਲਦਿਆਂ ਬਲਬੀਰ ਕੌਰ ਸੰਘੇੜਾ ਨੇ ਕਿਹਾ ਕਿ ਭਾਂਵੇਂ ਵਰਿਆਮ ਸੰਧੂ ਦੇ ਪੇਪਰ ਦੀਆਂ ਪਹਿਲੀਆਂ ਲਾਈਨਾਂ ਤੋਂ ਉਨ੍ਹਾਂ ਨੂੰ ਵੀ ਪਰਵੀਨ ਕੌਰ ਵਾਂਗ ਹੀ ਸ਼ੰਕਾ ਹੋਇਆ ਸੀ ਪਰ ਸਮੁੱਚੇ ਪੇਪਰ ਨੂੰ ਸੁਣਨ ਤੋਂ ਬਾਅਦ ਉਨ੍ਹਾਂ ਦਾ ਉਹ ਸ਼ੰਕਾ ਦੂਰ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਮਹਿਸੂਸ ਹੋਇਆ ਹੈ ਵਰਿਆਮ ਸੰਧੂ ਨੇ ਬਿਲਕੁਲ ਸੁਰਿੰਦਰ ਚਾਹਲ ਦੀ ਕਿਤਾਬ ਨਾਲ਼ ਇਨਸਾਫ਼ ਕੀਤਾ ਹੈ।

ਉਂਕਾਰਪ੍ਰੀਤ ਨੇ ਯੂਟੋਪੀਆ/ਡਿਸਟੋਪੀਆ ਦੇ ਆਧਾਰ 'ਤੇ ਸੱਜੇ-ਪੱਖੀ ਅਤੇ ਖੱਬੇ-ਪੱਖੀ ਸਾਹਿਤ ਨੂੰ ਪ੍ਰੀਭਾਸ਼ਤ ਕਰਦਿਆਂ ਕਿਹਾ ਕਿਹਾ ਕਿ ਜਿੱਥੇ ਯੂਟੋਪੀਆ ਦਾ ਧੁਰਾ ਇੱਛਾ ਹੈ ਓਥੇ ਡਿਸਟੋਪੀਆ ਦਾ ਸਬੰਧ ਨਿੱਜੀ ਡਰ, ਫ਼ਿਕਰ ਅਤੇ ਗ਼ਮ ਨਾਲ਼ ਹੈ। ਉਨ੍ਹਾਂ ਕਿਹਾ ਕਿ ਬਾਬੇ ਫਰੀਦ ਦਾ ਸਲੋਕ "ਸਭੈ ਕੁੰਡਾਂ ਡਿੱਠੀਆਂ, ਰਹਣੁ ਕਿਥਾਊ ਨਾਹਿ" ਨਿੱਜੀ 'ਜੀਅ' ਦਾ ਡਿਸਟੋਪੀਆ ਹੈ। ਉਨ੍ਹਾਂ ਕਿਹਾ ਕਿ ਯੂਟੋਪੀਆ ਸਟੇਟ ਦੀ ਸਥਾਪਤੀ ਦੀ ਪ੍ਰੋੜਤਾ ਕਰਦਾ ਹੈ ਅਤੇ ਸਟੇਟ ਦੇ ਹੱਕ ਵਿੱਚ ਭੁਗਤਦੀ ਵਿਚਾਰਧਾਰਾ ਨੂੰ ਸੱਜੇ-ਪੱਖੀ ਕਿਹਾ ਜਾਂਦਾ ਹੈ ਜਦਕਿ ਅ-ਸਟੇਟ ਦੇ ਹੱਕ ਵਿੱਚ ਭੁਗਤਣ ਵਾਲ਼ੀ ਵਿਚਾਰਧਾਰਾ ਖੱਬੇ-ਪੱਖੀ ਵਿਚਾਰਧਾਰਾ ਅਖਵਾਉਂਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵਿਚਰ ਰਹੇ ਰਾਜਸੀ ਮਾਹੌਲ ਦੇ ਸਬੰਧ ਵਿੱਚ ਉਨ੍ਹਾਂ ਨੇ ਨਾਟੋ ਅਤੇ ਜੀ-੮ ਗਰੁੱਪਾਂ ਨੂੰ 'ਪੂੰਜੀਵਾਦ' ਦੇ ਹੱਕ ਵਿੱਚ ਭੁਗਤਦੇ ਯਟੋਪੀਆ ਦੀਆਂ ਉਦਾਹਰਣਾਂ ਦੱਸਿਆ। ਡਾ: ਸੁਖਪਾਲ ਦੇ ਕਾਵਿ ਸੰਗਹਿ੍ 'ਰਹਣੁ ਕਿਥਾਊ ਨਾਹਿ' ਅਤੇ ਸੁਰਿੰਦਰ ਚਾਹਲ ਦੀ ਕਾਵਿ ਪੁਸਤਕ 'ਕੁੰਜੀਆਂ' ਦੇ ਯੂਟੋਪੀਏ ਨੂੰ ਉਨ੍ਹਾਂ ਨੇ 'ਸੱਜੇ-ਪੱਖੀ' ਦੱਸਦਿਆਂ ਕਿਹਾ ਕਿ ਸੁਰਿੰਦਰ ਚਾਹਲ ਦੀ ਕਿਤਾਬ ਦੇ ਪਿਛਲੇ ਕਵਰ 'ਤੇ ਅਮਰਜੀਤ ਚੰਦਨ ਵੱਲੋਂ ਕਿਤਾਬ ਦੀ ਪ੍ਰਸੰਸਾ ਬਹੁਤ ਨਿਰਮੂਲ ਹੈ ਜਿਸ ਵਿੱਚ ਚੰਦਨ ਨੇ ਸੁਰਿੰਦਰ ਚਾਹਲ ਦੀ ਕਵਿਤਾ ਨੂੰ 'ਸੁਧੀ ਕਵਿਤਾ' ਅਤੇ 'ਕਲਾਸਿਕ ਰਚਨਾ' ਦਾ ਦਰਜ਼ਾ ਦਿੱਤਾ ਹੈ। ਉਂਕਾਰਪ੍ਰੀਤ ਨੇ ਕਿਹਾ ਕਿ 'ਸੁਧੀ ਕਵਿਤਾ' ਲਿਖੀ ਨਹੀਂ ਜਾ ਸਕਦੀ, ਸਿਰਫ ਮਹਿਸੂਸੀ ਜਾ ਸਕਦੀ ਹੈ ਜਦਕਿ ਕਿ ਸਮਕਾਲੀ ਸਾਹਿਤ ਨੂੰ 'ਕਲਾਸਿਕ ਸਾਹਿਤ' ਦਾ ਦਰਜ਼ਾ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਸ ਨੇ ਅਜੇ ਸਮੇਂ ਦੀ ਕਸਵੱਟੀ 'ਤੇ ਤੁੱਲਣਾ ਹੁੰਦਾ ਹੈ। ਇਸੇ ਹੀ ਤਰ੍ਹਾਂ ਚੰਦਨ ਵੱਲੋਂ ਸੁਰਿੰਦਰ ਚਾਹਲ ਦੀ ਕਵਿਤਾ ਨੂੰ 'ਸਰਦਲ ਤੋਂ ਬਾਹਰ ਦੀ ਕਵਿਤਾ' ਕਹੇ ਜਾਣ 'ਤੇ ਪ੍ਰਤੀਕਰਮ ਕਰਦਿਆਂ ਉਨ੍ਹਾਂ ਕਿਹਾ ਕਿ ਕੁੰਜੀਆਂ ਦੀ ਸਾਰੀ ਦੀ ਸਾਰੀ ਕਵਿਤਾ ਹੀ ਬੀਤੇ ਦੀ ਸਰਦਲ ਦਾ ਵਿਗੋਚਾ ਹੈ ਅਤੇ ਸਰਦਲ ਲਈ ਪ੍ਰਾਹੁਣੀਆਂ ਹੋ ਗਈਆਂ ਕੁੜੀਆਂ ਡੂੰਘੇ ਮਾਨਸਿਕ ਤਲ 'ਤੇ ਸਰਦਲ ਤੋਂ ਮੁਕਤ ਨਹੀਂ। ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਜਿਵੇਂ 'ਕੁੰਜੀਆਂ' ਦੀ ਕਵਿਤਾ 'ਪ੍ਰਾਹੁਣੀਆਂ' ਸਥਾਪਤੀ ਨੂੰ ਪ੍ਰਪੱਕ ਕਰਦੀ ਹੈ, ਅ-ਸਥਾਪਤੀ ਤੋਂ ਤ੍ਰਹਿੰਦੀ ਹੈ, ਉਵੇਂ ਹੀ ਸੁਖਪਾਲ ਦੀ ਪੁਸਤਕ ਤੇ ਪਿੱਠਬੰਦ ਵਜੋਂ ਪੇਸ਼ ਕਵਿਤਾ "ਕੰਬਣੀ" ਉਸਦੀ 'ਸੱਜੇ ਪੱਖੀ' ਵਿਚਾਰਧਾਰਾ 'ਤੇ 'ਅਡੋਲ' ਮੋਹਰ ਹੈ:

"ਕੰਬ ਰਿਹਾ ਹੈ
ਉਹ ਹੱਥ
ਜੋ ਕਵਿਤਾ ਲਿਖ ਰਿਹਾ ਹੈ
ਉਹ ਅੱਥਰੂ
ਜੋ ਕਵਿਤਾ ਤੱਕ ਰਿਹਾ ਹੈ
ਉਹ ਹਿਰਦਾ
ਜਿਸਦੀ ਇਹ ਪੀੜਾ ਹੈ
ਕਵਿਤਾ ਅਡੋਲ ਹੈ"

ਇਸ ਕਵਿਤਾ ਦੇ ਸੰਦਰਭ ਵਿੱਚ, ਉਂਕਾਰਪ੍ਰੀਤ ਨੇ ਸਵਾਲ ਕੀਤੇ ਕਿ ਫਿਰ 'ਅਜਿਹੀ ਕਵਿਤਾ', "ਕੰਬ ਰਹੇ ਹੱਥ" ਜਾਂ "ਅੱਥਰੂ" ਜਾਂ "ਹਿਰਦੇ" ਦੀ ਕੀ ਲੱਗਦੀ ਹੈ? ਜਾਂ ਫਿਰ ਸਮੁੱਚੇ ਰੂਪ ਵਿੱਚ "ਕਵਿਤਾ" ਦੀ ਹੀ ਕੀ ਲੱਗਦੀ ਹੈ? ਪਰ ਇਹਨਾਂ ਸਵਾਲਾਂ ਦੇ ਜੁਆਬ ਵਿੱਚ ਸੁਖਪਾਲ ਹੁਰਾਂ ਨੇ ਕੁਝ ਨਹੀਂ ਕਿਹਾ।

ਉਂਕਾਰਪ੍ਰੀਤ ਨੇ ਅੱਗੇ ਕਿਹਾ ਕਿ, "ਸੁਖਪਾਲ, ਅਪਣੀਆਂ ਕਵਿਤਾਵਾਂ ਅਤੇ ਲੇਖਾਂ 'ਚ ਵਾਪਰ ਰਹੇ ਜਾਂ ਵਾਪਰ ਚੁੱਕੇ ਬਾਰੇ "ਖਬਰਾਂ" ਵਾਂਗ ਵਿਚਾਰ ਪੇਸ਼ ਕਰਦਾ ਹੈ। ਅੰਕੜੇ, ਤਾਰੀਖਾਂ, ਭਾਵੁਕ ਕਰਨੀਆਂ ਤਸਵੀਰਾਂ ਸਮੇਤ। "ਪੰਜਾਬ", "ਅਕਾਲ ਤਖਤ", "ਗੁਜਰਾਤ", "ਕਸ਼ਮੀਰ", "ਹਾਸ਼ਮੀਂ", "ਇਰਾਕ", "ਆਮ ਬੰਦਾ" 'ਚ ਉਹ "ਆਮ ਬੰਦੇ" ਦੇ ਸਥਾਪਿਤ /ਪ੍ਰਚੱਲਿਤ ਬਿੰਬਾਂ ਨੂੰ ਹੀ ਦੁਹਰਾਉਂਦਾ ਹੈ। ਇਵੇਂ ਕਰਕੇ ਉਹ "ਆਮ ਬੰਦੇ" ਨੂੰ ਧਰਮੀਆਂ ਵਲੋਂ ਪ੍ਰਚਾਰੇ ਜਾਂਦੇ "ਭਾਣੇ" 'ਚ ਦ੍ਰਿੜ ਕਰੀ ਜਾਣ ਤੋਂ ਵੱਧ ਕੁਝ ਨਹੀਂ ਕਰ ਰਿਹਾ।"

ਉਂਕਾਰਪ੍ਰੀਤ ਦਾ ਨਜ਼ਰੀਆ ਸੀ ਕਿ ਲੇਖਕ ਨੂੰ ਲਿਤਾੜੇ ਜਾ ਰਹੇ ਵਰਗ ਦੇ ਹਾਲਾਤ ਬਾਰ ਬਾਰ ਲਿਖ ਕੇ ਹੀ "ਸੁਰਖਰੂ" ਨਹੀਂ ਹੋ ਜਾਣਾ ਚਾਹੀਦਾ ਸਗੋਂ ਇਸ ਤ੍ਰਾਸਦੀ ਭਰੇ ਜਮੂਦ ਨੂੰ ਤੋੜਨ ਲਈ ਅਪਣੇ ਚਿੰਤਨ ਰਾਹੀਂ ਜੂਝਣਾ ਚਾਹੀਦਾ ਹੈ। ਇਸ ਦੇ ਜਵਾਬ ਵਿੱਚ ਵਰਿਆਮ ਸੰਧੂ ਨੇ ਕਿਹਾ ਕਿ ਇਹ ਸੁਖਪਾਲ ਦੀ ਕਵਿਤਾ ਦੇ ਸੱਜੇ-ਪੱਖੀ ਨਾ ਹੋਣ ਦੀ ਨਿਸ਼ਾਨੀ ਹੈ ਕਿ ਕੰਬ ਰਹੇ ਮਾਹੌਲ ਵਿੱਚ ਵੀ ਉਸ ਦੀ ਕਵਿਤਾ ਅਡੋਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਦੀ ਕਵਿਤਾ ਰਜ਼ਿਸਟੈਂਸ ਦੀ ਕਵਿਤਾ ਹੈ ਜਿਸ ਵਿੱਚ ਕਵਿਤਾ ਦੀਆਂ ਆਖਰੀ ਲਾਈਨਾਂ ਲੇਖਕ ਦੀ ਦ੍ਰਿਸ਼ਟੀ ਪੇਸ਼ ਕਰਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕੋਈ ਲੇਖਕ ਲੇਖਕ ਹੋਣ ਦੇ ਨਾਲ਼ ਨਾਲ਼ ਸੰਘਰਸ਼ ਵਿੱਚ ਵੀ ਹਿੱਸਾ ਪਾ ਸਕਦਾ ਹੈ ਤਾਂ ਧੰਨਭਾਗ ਪਰ ਜੇ ਉਹ ਸਿਰਫ ਇੱਕ ਪਾਸੇ ਹੀ ਕੰਮ ਕਰ ਸਕਦਾ ਹੈ ਤਾਂ ਕਰਨ ਦਿਉ।

ਗੁਰਦੇਵ ਚੌਹਾਨ ਨੇ ਕਿਹਾ ਕਿ ਸ਼ਾਇਦ ਉਂਕਾਰਪ੍ਰੀਤ ਦੀ ਪੜ੍ਹਤ ਵਿੱਚ ਹੀ ਕਿਤੇ ਗ਼ਲਤੀ ਰਹੀ ਹੈ ਜੋ ਉਹ ਸੁਖਪਾਲ ਦੀ ਕਵਿਤਾ ਨੂੰ ਸੱਜੇ-ਪੱਖੀ ਸਮਝ ਗਿਆ ਹੈ ਜਾਂ ਫਿਰ ਉਸ ਨੇ ਆਪਣੇ ਲੇਖ ਦਾ ਸਿਰਲੇਖ ਹੀ ਅਜਿਹਾ ਰੱਖ ਲਿਆ ਹੈ ਕਿ ਉਸ ਨੂੰ ਨਿਭਾਉਣ ਵਿੱਚ ਹੀ ਜ਼ੋਰ ਲਾ ਦਿੱਤਾ ਹੈ।

ਸੁਖਪਾਲ ਨੇ ਕਿਹਾ ਕਿ ਇਕੱਲਾ ਬੰਦਾ ਕਿੰਨਾ ਕੁ ਬਦਲਾਅ ਲਿਆ ਸਕਦਾ ਹੈ, ਪਰ ਉਹ ਚੀਕ ਤਾਂ ਮਾਰ ਸਕਦਾ ਹੈ। ਉਨ੍ਹਾਂ ਕਿਹਾ ਕਿ ਲੇਖਕ ਦਾ ਕੰਮ ਇਹ ਹਿਸਾਬ-ਕਿਤਾਬ ਕਰਨਾ ਨਹੀਂ ਹੁੰਦਾ ਕਿ ਉਸ ਦੇ ਕਾਰਜ ਨਾਲ਼ ਕੁਝ ਬਦਲਦਾ ਹੈ ਜਾਂ ਨਹੀਂ, ਉਸ ਦਾ ਕੰਮ ਤਾਂ ਆਪਣਾ ਕਾਰਜ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਸਾਹਿਤ ਨੂੰ ਕੁਝ ਸ਼ਬਦਾਂ ਨਾਲ਼ ਪ੍ਰੀਭਾਸ਼ਤ ਕਰਨਾ ਵੀ ਸਟੇਟ ਵਾਲ਼ੀ ਹੀ ਗ਼ਲਤੀ ਕਰਨ ਵਾਂਗ ਹੈ।

ਨਵਤੇਜ ਭਾਰਤੀ ਨੇ ਕਿਹਾ ਕਿ ਲੇਖਕ ਦਾ ਕੰਮ ਸਮਾਜ ਨੂੰ ਕੁਰੀਤੀਆਂ ਦਾ ਅਹਿਸਾਸ ਕਰਵਾਉਣਾ ਹੁੰਦਾ ਹੈ, ਉਸ ਦੇ ਹੱਲ ਲੱਭਣਾ ਨਹੀਂ। ਅਪਣੀ ਦਲੀਲ ਦੀ ਪ੍ਰੋੜ੍ਹਤਾ 'ਚ ਉਹਨਾਂ ਮਿਸਾਲ ਦਿੰਦਿਆਂ ਕਿਹਾ ਕਿ "ਮੰਟੋ" ਦਾ ਕਹਿਣਾ ਸੀ ਕਿ ਉਹ ਤਾਂ ਰਾਹ ਵਿੱਚ ਤੁਰਿਆਂ ਜਾਂਦਿਆਂ ਜਿੱਥੇ ਕਿਤੇ ਗੰਦਗੀ ਵੇਖਦਾ ਹੈ ਉਸ ਨੂੰ ਸਾਫ਼ ਨਹੀਂ ਕਰਦਾ ਸਗੋਂ ਉਸ ਵਿੱਚ ਰੋੜਾ ਮਾਰਦਾ ਹੈ ਤਾਂ ਕਿ ਓਥੋਂ ਲੰਘ ਰਹੇ ਲੋਕਾਂ ਨੂੰ ਓਸ ਗੰਦਗੀ ਦੀ ਬਦਬੂ ਦਾ ਅਹਿਸਾਸ ਹੋਵੇ।

ਉਂਕਾਰਪ੍ਰੀਤ ਨੇ ਅਪਣੇ ਪਰਚੇ ਦੇ ਸੰਦਰਭ ਵਿੱਚ ਭਾਰਤੀ ਹੁਰਾਂ ਦੀ ਇਸ ਦਲੀਲ ਨੂੰ ਰੱਦ ਕਰਦਿਆਂ ਲੇਖਕ ਦੇ "ਕਲਿਆਣਕਾਰੀ" ਖਾਸੇ ਨੂੰ ਅਜਿਹੀ ਗੰਦਗੀ ਭਰੀ ਖੜੋਤ ਨੂੰ ਤੋੜਨ ਵਾਲਾ ਆਖਿਆ, ਨਾ ਕਿ ਸਿਰਫ਼ ਰੋੜਾ ਮਾਰਕੇ "ਸੁਰਖੁਰੂ" ਹੋਣ ਤੀਕ ਸੀਮਤ ਰਹਿਣ ਵਾਲਾ।

ਸਮਾਗਮ 'ਚ ਹਾਜ਼ਰ ਗੁਰਦਿਆਲ ਬੱਲ ਹੁਰਾਂ ਨੇ ਉਂਕਾਰਪ੍ਰੀਤ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਵਿਸ਼ਵ ਪੱਧਰ ਦੇ ਕਈ ਨਾਮਵਰ ਖੱਬੇਪੱਖੀ ਚਿੰਤਕਾਂ ਦੇ ਹਵਾਲਿਆਂ ਨਾਲ ਕੀਤੀ। ਉਹਨਾਂ ਕਿਹਾ ਕਿ ਪੂੰਜੀਪਤੀਆਂ ਦੀ ਮਾਲਕੀ ਵਾਲੇ ਸੰਸਾਰ ਪੱਧਰ ਦੇ ਮੀਡੀਏ ਤੋਂ ਪੇਸ਼ ਕੀਤੀ ਜਾ ਰਹੀ 'ਆਮ ਬੰਦੇ' ਦੀ ਤ੍ਰਾਸਦੀ ਅਤੇ ਸਾਹਿਤਕਾਰ ਵਲੋਂ ਪੇਸ਼ ਕੀਤੀ ਜਾ ਰਹੀ ਅਜਿਹੀ ਸਮੱਗਰੀ ਨੂੰ ਘੋਖਣ ਦੀ ਲੋੜ ਹੈ। ਉਹਨਾਂ ਕਾਫ਼ਲੇ ਨੂੰ ਅਜਿਹੇ ਗੰਭੀਰ ਅਤੇ ਅਤਿ ਲੋੜੀਂਦੇ ਸਾਹਿਤਕ ਸੰਵਾਦ ਰਚਾਉਣ ਲਈ ਮੁਬਾਰਕਬਾਦ ਦਿੱਤੀ।

ਵਿਨੀਪੈੱਗ ਤੋਂ 'ਸਾਹਿਤ ਵਿਚਾਰ ਮੰਚ' ਨਾਲ਼ ਸਬੰਧਤ ਗੁਰਦੀਪ ਵੱਲੋਂ ਭੇਜੇ ਗਏ ਲਿਖਤੀ ਬਿਆਨ ਵਿੱਚ ਸਵਾਲ ਕੀਤਾ ਗਿਆ ਸੀ ਕਿ ਜਦੋਂ ਜ਼ਿੰਦਗੀ ਦੇ ਕਿਸੇ ਵੀ ਰੂਪ ਵਿੱਚ ਖੱਬੇ-ਪੱਖੀ ਵਿਚਾਰਧਾਰਾ ਦੀ ਹੋਂਦ ਨਜ਼ਰ ਨਹੀਂ ਆ ਰਹੀ ਤਾਂ ਫਿਰ ਸਾਹਿਤ ਦੇ ਰੂਪ ਵਿੱਚ ਹੀ ਇਸ ਦੀ ਆਸ ਕਿਉਂ ਕੀਤੀ ਜਾ ਰਹੀ ਹੈ? ਬਹੁਤ ਸਾਰੇ ਇਨਕਲਾਬੀ ਵਿਚਾਰਧਾਰਾ ਨਾਲ਼ ਜੁੜੇ ਰਹੇ ਨਾਮਵਰ ਲੇਖਕਾਂ ਦੇ ਸਰਕਾਰੀ ਸਨਮਾਨਾਂ ਲਈ ਤਤਪਰ ਹੋ ਜਾਣ ਦੀਆਂ ਉਦਾਹਰਣਾਂ ਦਿੰਦਿਆਂ ਉਨ੍ਹਾਂ ਨੇ ਸਵਾਲ ਖੜ੍ਹੇ ਕੀਤੇ ਕਿ ਜਦੋਂ ਖੱਬੇ-ਪੱਖੀ ਵਿਚਾਰਧਾਰਾ ਦੇ ਮੋਹਰੀ ਸਮਝੇ ਜਾਂਦੇ ਲੇਖਕਾਂ ਵਿੱਚੋਂ ਹੀ ਇਹ ਵਿਚਾਰਧਾਰਾ ਵਿਖਾਈ ਨਹੀਂ ਦੇ ਰਹੀ ਤਾਂ ਆਮ ਲੇਖਕ ਕੋਲੋਂ ਇਸ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ?

ਮਿਥੇ ਸਮੇਂ ਤੋਂ ਕਿਤੇ ਵੱਧ ਲੰਬੀ ਚੱਲੀ ਇਸ ਭਖਵੀਂ ਵਿਚਾਰ ਚਰਚਾ 'ਚ ਉਪਰੋਕਤ ਤੋਂ ਇਲਾਵਾ ਵਕੀਲ ਕਲੇਰ, ਅਜੀਤ ਸਿੰਘ ਰਖੜਾ, ਅਮਰਜੀਤ ਕੌਰ ਮਿਨਹਾਸ, ਲਾਲ ਸਿੰਘ ਸੰਘੇੜਾ, ਜਰਨੈਲ ਸਿੰਘ ਕਹਾਣੀਕਾਰ, ਜਸਵਿੰਦਰ ਸੰਧੂ, ਸੁਖਦੇਵ ਧਾਲੀਵਾਲ਼, ਮਨਮੋਹਨ ਸਿੰਘ ਗੁਲਾਟੀ, ਬਰਜਿੰਦਰ ਕੌਰ ਗੁਲਾਟੀ, ਆਦਿ ਨੇ ਭਾਗ ਲਿਆ ਅਤੇ ਇਸ ਦੌਰਾਨ ਹੇਠ ਲਿਖੇ ਪ੍ਰਮੁੱਖ ਸਵਾਲ ਉੱਭਰ ਕੇ ਸਾਹਮਣੇ ਆਏ:

1. ਲੇਖਕ ਦੀ ਆਮ ਬੰਦੇ ਪ੍ਰਤੀ ਕੀ ਪ੍ਰਤੀਬੱਧਤਾ ਹੈ?
2. ਕੀ ਲੇਖਕ ਨੂੰ ਆਮ ਬੰਦੇ ਦੀ ਤ੍ਰਾਸਦੀ ਦਾ ਹੂ-ਬ-ਹੂ ਬਿਆਨ ਕਰਕੇ 'ਸੁਰਖੁਰੂ' ਹੋ ਜਾਣਾ ਚਾਹੀਦਾ ਹੈ, ਜਾਂ ਇਸ 'ਚ ਬਦਲਾਅ 'ਤੇ ਫੋਕਸ ਹੋਣਾ ਚਾਹੀਦਾ ਹੈ?
3. ਕੀ ਲੇਖਕ ਬਦਲ ਰਹੇ ਰਾਜਸੀ ਸਮੀਕਰਣਾਂ 'ਚ ਅਚੇਤ / ਸੁਚੇਤ ਰੂਪ 'ਚ 'ਸਟੇਟ' ਦੀ ਸਥਾਪਤੀ ਨੂੰ ਹੀ ਤਾਂ ਦ੍ਰਿੜ ਨਹੀਂ ਕਰ ਰਿਹਾ?
4. ਮੁੱਖਧਾਰਾ ਮੀਡੀਏ ਰਾਹੀਂ "ਆਮ ਲੋਕਾਂ" ਦੀ ਪੇਸ਼ ਕੀਤੀ ਜਾ ਰਹੀ ਤ੍ਰਾਸਦੀ ਦੀ ਤਰਜ਼ ਤੇ, ਸਾਹਿਤ 'ਚ ਪੇਸ਼ ਹੋ ਰਹੀ ਤ੍ਰਾਸਦੀ ਕੀ ਸਾਰਥਿਕ ਹੈ?
5. ਮੌਜੂਦਾ ਸਾਹਿਤਕ ਮੰਚ 'ਤੇ 'ਬਦਲਾਅ ਤੇ ਫੋਕਸ' ਚਿੰਤਨ ਦੀਆਂ ਕੀ ਸੀਮਾਵਾਂ ਅਤੇ ਸੰਭਾਵਨਾਵਾਂ ਹਨ?
6. ਕੀ ਮਿਥੀਆਂ ਜਾ ਚੁੱਕੀਆਂ ਬਹਿਰਾਂ ਅਤੇ ਰਾਗਾਂ ਵਿੱਚ ਰੱਦੋ-ਬਦਲ ਜਾਂ ਵਾਧੇ ਦੀ ਕੋਈ ਸੰਭਾਵਨਾ ਹੈ ਜਾਂ ਨਹੀਂ? ***




ਰੂਡਿਸ ਮੁਈਜ਼ਨੀਕਸ ਦੇ ਧੰਨਵਾਦ ਸਹਿਤ. -ਸਾਧੂ ਬਿਨਿੰਗ